Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA

REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 815, 15 to 21 Aug., 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ-ਮੈਕਸੀਕੋ ਸਰਹੱਦ 'ਤੇ ਜਲਦ ਕੀਤੀ ਜਾਵੇਗੀ ਨਰਮੀ

■ ਸਰਹੱਦ ਟੱਪ ਕੇ ਆਉਣ ਵਾਲੇ ਲੋਕਾਂ ਵਿਚ 30 ਫੀਸਦੀ ਕਮੀ ਆਈ
■ ਯੂ.ਐੱਸ. ਬਾਰਡਰ ਪੈਟਰੋਲ ਦੁਆਰਾ ਪਿਛਲੇ ਮਹੀਨੇ 57 ਹਜ਼ਾਰ ਪ੍ਰਵਾਸੀਆਂ ਨੂੰ ਬਾਰਡਰ ਟੱਪਣ ਤੋਂ ਬਾਅਦ ਕੀਤਾ ਗ੍ਰਿਫ਼ਤਾਰ



**ਸੈਨ ਡਿਆਗੋ, (ਪੰਜਾਬ ਮੇਲ)-** ਸੰਯੁਕਤ ਰਾਜ ਅਮਰੀਕਾ ਅਤੇ ਮੈਕਸੀਕੋ ਸਰਹੱਦ 'ਤੇ ਆਉਣ ਵਾਲੇ ਸਮੇਂ ਵਿਚ ਨਰਮੀ ਹੋਣ ਦੀ ਸੰਭਾਵਨਾ ਹੈ। ਪਿਛਲੇ ਦਿਨੀਂ ਰਾਸ਼ਟਰਪਤੀ ਜੋਅ ਬਾਇਡਨ 'ਤੇ ਵਿਰੋਧੀ ਪਾਰਟੀ ਦਾ ਦਬਾਅ ਪੈਣ ਕਾਰਨ ਇਥੇ ਸਖਤੀ ਕਰ ਦਿੱਤੀ ਗਈ ਸੀ ਅਤੇ ਬਾਰਡਰ ਟੱਪ ਕੇ ਆਉਣ ਵਾਲੇ ਪ੍ਰਵਾਸੀਆਂ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਗਿਆ ਸੀ। ਇਕ ਰਿਪੋਰਟ ਅਨੁਸਾਰ ਸਰਹੱਦ ਟੱਪ ਕੇ ਆਉਣ ਵਾਲੇ ਲੋਕਾਂ ਵਿਚ 30 ਫੀਸਦੀ ਕਮੀ ਆਈ ਹੈ, ਜਿਸ ਕਰਕੇ ਰਾਸ਼ਟਰਪਤੀ ਜੋਅ ਬਾਇਡਨ ਨੇ ਤਸੱਲੀ ਪ੍ਰਗਟ ਕੀਤੀ ਹੈ। ਉਨ੍ਹਾਂ ਸੰਕੇਤ ਦਿੱਤਾ ਹੈ ਕਿ ਆਉਣ ਵਾਲੇ ਦਿਨਾਂ 'ਚ ਬਾਰਡਰ ਟੱਪ ਕੇ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

ਯੂ.ਐੱਸ. ਬਾਰਡਰ ਪੈਟਰੋਲ ਦੁਆਰਾ ਪਿਛਲੇ ਮਹੀਨੇ 57 ਹਜ਼ਾਰ ਪ੍ਰਵਾਸੀਆਂ ਨੂੰ ਬਾਰਡਰ ਟੱਪਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਪਰ ਜੂਨ ਮਹੀਨੇ ਇਸ ਦੀ ਗਿਣਤੀ 84 ਹਜ਼ਾਰ ਸੀ। ਕਰੋਨਾਵਾਇਰਸ ਮਹਾਂਮਾਰੀ ਦੌਰਾਨ ਸਰਹੱਦ ਪਾਰ ਤੋਂ ਵੱਡੀ ਗਿਣਤੀ ਵਿਚ ਲੋਕ ਅਮਰੀਕਾ ਸ਼ਰਨ ਲੈਣ ਲਈ ਪਹੁੰਚ ਗਏ ਸਨ। ਜੇਕਰ ਰੋਜ਼ਾਨਾ ਗ੍ਰਿਫ਼ਤਾਰੀਆਂ 1500 ਤੋਂ ਹੇਠਾਂ ਆਉਂਦੀਆਂ ਹਨ, ਤਾਂ ਸ਼ਰਨ ਹਲਟ ਖਤਮ ਹੋ ਜਾਵੇਗਾ। ਜੇ ਗ੍ਰਿਫ਼ਤਾਰੀਆਂ ਦੀ ਰੋਜ਼ਾਨਾ ਔਸਤ 2500 ਤੱਕ ਪਹੁੰਚ ਜਾਂਦੀ ਹੈ, ਤਾਂ ਬਾਰਡਰ 'ਤੇ ਮੁੜ ਸਖਤੀ ਹੋ ਸਕਦੀ ਹੈ। ਉਸ ਦੌਰਾਨ ਅਮਰੀਕੀ ਅਧਿਕਾਰੀ ਗੈਰ ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਅਮਰੀਕਾ ਵਿਚ ਸ਼ਰਨ ਦੇਣ ਤੋਂ ਇਨਕਾਰ ਕਰ ਸਕਦੇ ਹਨ।

ਹੋਮਲੈਂਡ ਸਕਿਓਰਿਟੀ ਵਿਭਾਗ ਅਨੁਸਾਰ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਦਿੱਤੇ ਨਿਰਦੇਸ਼ਾਂ ਤੋਂ ਬਾਅਦ ਬਾਰਡਰ 'ਤੇ ਆਉਣ ਵਾਲੇ ਲੋਕਾਂ ਵਿਚ ਪਹਿਲਾਂ ਨਾਲੋਂ ਕੁੱਲ ਮਿਲਾ ਕੇ 55 ਫੀਸਦੀ ਦੀ ਕਮੀ ਦੇਖਣ ਨੂੰ ਮਿਲੀ ਹੈ।

## ਦਰੱਖਤਾਂ ਦੀ ਛਾਂ ਹੇਠ ਪੀਂਘਾਂ ਝੂਟ ਕੇ ਮਨਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ





**ਸੈਕਰਾਮੈਂਟੋ, (ਪੰਜਾਬ ਮੇਲ)-** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 16ਵੀਂ ਤੀਆਂ ਦਾ ਮੇਲਾ ਐਲਕ ਗਰੋਵ ਪਾਰਕ 'ਚ ਖੁੱਲ੍ਹੇ ਮੈਦਾਨ 'ਚ ਦਰੱਖਤਾਂ ਦੀ ਛਾਂ ਹੇਠ ਕਰਵਾਇਆ ਗਿਆ। ਇਕ ਅੰਦਾਜ਼ੇ ਮੁਤਾਬਕ 3 ਹਜ਼ਾਰ ਤੋਂ ਵੱਧ ਔਰਤਾਂ ਨੇ ਇਸ ਵਿਚ ਹਿੱਸਾ ਲਿਆ। ਇਨ੍ਹਾਂ ਤੀਆਂ ਦਾ ਇੰਤਜ਼ਾਰ ਔਰਤਾਂ ਪੂਰਾ ਸਾਲ ਕਰਦੀਆਂ ਹਨ, ਕਿਉਂਕਿ ਇਥੇ ਉਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਦੀਆਂ ਤੀਆਂ ਵਰਗਾ ਮਾਹੌਲ ਮਿਲਦਾ ਹੈ। ਕਿਤੇ ਔਰਤਾਂ ਪੀਂਘਾਂ ਝੂਟ ਰਹੀਆਂ ਹਨ, ਕਿਤੇ ਚਿੱਟੀ ਪਰਿਵਾਰ ਵੱਲੋਂ ਖੜ੍ਹੇ ਕੀਤੇ ਗਏ ਫੋਰਡ ਟਰੈਕਟਰ ਅਤੇ ਰੰਧਾਵਾ ਪਰਿਵਾਰ ਵੱਲੋਂ ਖੜ੍ਹੀ ਕੀਤੀ ਓਪਨ ਜੀਪ 'ਤੇ ਬੈਠ ਕੇ ਫੋਟੋਆਂ ਖਿਚਵਾ ਰਹੀਆਂ ਹਨ। 3 ਸਾਲ ਦੀਆਂ ਬੱਚੀਆਂ ਤੋਂ ਲੈ ਕੇ 90 ਸਾਲ ਦੀਆਂ ਬਜ਼ੁਰਗ ਔਰਤਾਂ ਇਸ ਤੀਆਂ ਦੇ ਮੇਲੇ ਵਿਚ ਪਹੁੰਚੀਆਂ ਹੋਈਆਂ ਸਨ। ਇਸ ਵਾਰ ਮੌਸਮ ਪੂਰਾ ਖੁਸ਼ਗਵਾਰ ਸੀ, ਜੋ ਪੰਜਾਬ ਦੇ ਸਾਉਣ ਮਹੀਨੇ ਦਾ ਭੁਲੇਖਾ ਪਾਉਂਦਾ ਸੀ।

ਸਟੇਜ ਨੂੰ ਪੰਜਾਬੀ ਵਿਰਸੇ ਨਾਲ ਸੰਬੰਧਤ ਵਸਤੂਆਂ ਨਾਲ ਬਾਖੂਬੀ ਸ਼ਿੰਗਾਰਿਆ ਗਿਆ ਸੀ। ਬੀਬੀਆਂ ਇਥੇ ਵੱਖ-ਵੱਖ ਪੋਜ਼ ਬਣਾ ਕੇ ਫੋਟੋਆਂ ਖਿਚਵਾਉਂਦੀਆਂ ਰਹੀਆਂ। ਦੁਪਹਿਰ ਨੂੰ ਸ਼ੁਰੂ ਹੋਇਆ ਇਹ ਤੀਆਂ ਦਾ ਮੇਲਾ ਸ਼ਾਮ ਤੱਕ ਚੱਲਿਆ। ਮੇਲੇ ਦੀ ਸਟੇਜ ਸਕੱਤਰ ਸਤਬੀਰ ਕੌਰ (ਸੈਟੀ ਰਾਏ) ਨੇ ਸਭ ਤੋਂ ਪਹਿਲਾਂ ਮੇਲੇ ਦੀ ਪ੍ਰਬੰਧਕ ਨਿਰਮਲਜੀਤ ਪਿੰਕੀ ਰੰਧਾਵਾ ਅਤੇ ਉਨ੍ਹਾਂ ਦੇ ਨਾਲ ਪਰਨੀਤ ਕੌਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਆਏ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਸ਼ੁਰੂ ਹੋਇਆ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਵੱਖ-ਵੱਖ ਵੰਨਗੀਆਂ ਦਾ ਦੌਰ। ਔਰਤਾਂ ਵੱਲੋਂ ਰਲ ਕੇ ਸੁਹਾਗ, ਘੋੜੀਆਂ, ਸਿੱਠਣੀਆਂ ਆਦਿ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਗਿੱਧੇ ਅਤੇ ਗਾਇਕੀ ਨਾਲ ਬਹੁਤ ਸਾਰੇ ਕਲਾਕਾਰਾਂ ਨੇ ਪੰਜਾਬੀ ਸੱਭਿਆਚਾਰ ਦਾ ਪ੍ਰਦਰਸ਼ਨ ਕੀਤਾ। ਸਟੇਜ ਤੋਂ 100 ਦੇ ਕਰੀਬ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗ ਬੀਬੀਆਂ ਨੇ ਪੇਸ਼ਕਾਰੀ ਕੀਤੀ, ਜੋ ਕਿ ਸਲਾਹੁਣਯੋਗ ਸੀ। ਅਖੀਰ ਵਿਚ ਸਾਰੀ ਬੀਬੀਆਂ ਨੇ ਰਲ ਕੇ ਜਿੱਥੇ ਬੋਲੀਆਂ ਪਾਈਆਂ, ਉਥੇ ਡੀ.ਜੇ. 'ਤੇ ਨੱਚ ਕੇ ਆਪਣੇ ਚਾਅ ਪੂਰੇ ਕੀਤੇ। ਪ੍ਰਬੰਧਕਾਂ ਵੱਲੋਂ ਹਰੇਕ ਪੇਸ਼ਕਾਰੀ ਕਰਨ ਵਾਲੇ ਕਲਾਕਾਰ ਨੂੰ ਇਨਾਮਾਂ ਅਤੇ ਫੁਲਕਾਰੀਆਂ ਨਾਲ ਸਨਮਾਨਿਤ ਕੀਤਾ ਗਿਆ। ਕੁੱਲ ਮਿਲਾ ਕੇ ਐਲਕ ਗਰੋਵ ਪਾਰਕ ਤੀਆਂ ਦਾ ਮੇਲਾ ਇਕ ਵਾਰ ਫਿਰ ਆਪਣੀ ਵਿਲੱਖਣ ਪਛਾਣ ਛੱਡ ਗਿਆ।

■ ਫੋਟੋਆਂ ਸਫਾ 2,3 ਅਤੇ 4 'ਤੇ ਦੇਖੋ।

## ਡੈਮੋਕਰੇਟਸ ਵੱਲੋਂ ਕਮਲਾ ਹੈਰਿਸ ਲਈ ਵਿਦੇਸ਼ੀ ਅਮਰੀਕੀ ਵੋਟਰਾਂ ਨੂੰ ਲੁਭਾਉਣਾ ਸ਼ੁਰੂ

■ ਵਿਦੇਸ਼ਾਂ 'ਚ ਰਹਿੰਦੇ 9 ਮਿਲੀਅਨ ਅਮਰੀਕੀਆਂ ਨੂੰ ਰਜਿਸਟਰ ਕਰਨ ਲਈ ਪਹਿਲੀ ਵਾਰ ਖਰਚੇਗੀ 3 ਲੱਖ ਡਾਲਰ



**ਵਾਸ਼ਿੰਗਟਨ, (ਪੰਜਾਬ ਮੇਲ)-** ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਰਾਸ਼ਟਰਪਤੀ ਚੋਣਾਂ 'ਚ ਪਾਰਟੀ ਦੀ ਉਮੀਦਵਾਰ ਉਪ ਪ੍ਰਧਾਨ ਕਮਲਾ ਹੈਰਿਸ ਲਈ ਵੋਟਾਂ ਜਿੱਤਣ ਲਈ ਕੰਮ ਕਰਦੇ ਹੋਏ ਵਿਦੇਸ਼ਾਂ ਵਿਚ ਰਹਿੰਦੇ 9 ਮਿਲੀਅਨ ਅਮਰੀਕੀਆਂ ਨੂੰ ਰਜਿਸਟਰ ਕਰਨ ਲਈ ਪਹਿਲੀ ਵਾਰ 300,000 ਡਾਲਰ ਖਰਚ ਕਰੇਗੀ।

ਡੀ.ਐੱਨ.ਸੀ. ਦੇ ਇੱਕ ਅਧਿਕਾਰੀ ਨੇ ਕਿਹਾ ਕਿ ਵਿਦੇਸ਼ਾਂ ਵਿਚ ਡੈਮੋਕ੍ਰੇਟਸ ਲਈ ਫੰਡ, ਜੋ ਕਿ ਅਮਰੀਕਾ ਤੋਂ ਬਾਹਰ ਰਹਿ ਰਹੇ ਡੈਮੋਕ੍ਰੇਟਸ ਦੀ ਨੁਮਾਇੰਦਗੀ ਕਰਦਾ ਹੈ, ਦੀ ਵਰਤੋਂ ਵੋਟਰ ਰਜਿਸਟ੍ਰੇਸ਼ਨ ਡਰਾਈਵ ਲਈ ਭੁਗਤਾਨ ਕਰਨ ਅਤੇ ਵਿਦੇਸ਼ਾਂ ਤੋਂ ਵੋਟ ਕਿਵੇਂ ਪਾਉਣ ਬਾਰੇ ਜਾਣਕਾਰੀ ਫੈਲਾਉਣ ਲਈ ਕੀਤੀ ਜਾਵੇਗੀ। ਡੀ.ਐੱਨ.ਸੀ. ਅਧਿਕਾਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ, ਜਦੋਂ ਵਿਦੇਸ਼ਾਂ ਵਿਚ ਡੈਮੋਕ੍ਰੇਟਸ ਨੂੰ ਫੰਡਿੰਗ ਕੀਤੀ ਜਾ ਰਹੀ ਹੈ

■ ਬਾਕੀ ਖਬਰ ਸਫਾ 20 'ਤੇ

## ਯੂ.ਐੱਸ. ਮੈਕਸੀਕੋ ਸਰਹੱਦ ਟੱਪ ਕੇ ਆਉਣ ਵਾਲਿਆਂ ਦੀ ਜਾਨਾਂ ਬਚਾ ਰਹੇ ਨੇ ਅਮਰੀਕੀ ਲੋਕ

**ਐਰੀਜ਼ੋਨਾ (ਫੀਨਿਕਸ), (ਪੰਜਾਬ ਮੇਲ)-** ਮੈਕਸੀਕੋ ਤੋਂ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਦਾਖਲ ਹੋ ਰਹੇ ਲੋਕਾਂ ਨੂੰ ਰਸਤੇ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਐਰੀਜ਼ੋਨਾ ਦਾ ਪਥਰੀਲਾ ਰਸਤਾ ਪਾਰ ਕਰਨਾ ਬਹੁਤ ਮੁਸ਼ਕਿਲ ਦਾ ਕੰਮ ਹੈ। ਇਸ ਮਾਰੂਥਲ ਵਰਗੇ ਇਲਾਕੇ ਵਿਚ ਗਰਮੀ ਕਾਫੀ ਜ਼ਿਆਦਾ ਪੈਂਦੀ ਹੈ, ਜਿਸ ਕਰਕੇ ਪਿਛਲੇ ਦਿਨੀਂ ਇਥੋਂ ਲਾਂਘਾ ਪਾਰ


■ ਬਾਕੀ ਖਬਰ ਸਫਾ 20 'ਤੇ

## 33 ਲੱਖ ਪ੍ਰਵਾਸੀਆਂ ਨੂੰ ਮਿਲੀ ਅਮਰੀਕੀ 'ਨਾਗਰਿਕਤਾ'

**ਵਾਸ਼ਿੰਗਟਨ, (ਪੰਜਾਬ ਮੇਲ)-** ਹੁਣ ਤੱਕ 33 ਲੱਖ ਪ੍ਰਵਾਸੀ ਅਮਰੀਕਾ ਦੇ ਨਾਗਰਿਕ ਬਣ ਚੁੱਕੇ ਹਨ ਅਤੇ 9 ਲੱਖ ਗ੍ਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਨਾਗਰਿਕਤਾ ਮਿਲ ਸਕਦੀ ਹੈ। ਅਜਿਹਾ ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਮਗਰੋਂ ਹੋਇਆ ਹੈ ਅਤੇ ਸਿਆਸਤ ਦੇ ਜਾਣਕਾਰਾਂ ਦਾ ਕਹਿਣਾ ਹੈ, ਵੋਟਾਂ ਦੌਰਾਨ ਫ਼ਾਇਦਾ ਹਾਸਲ ਕਰਨ ਲਈ ਲੱਖਾਂ ਪ੍ਰਵਾਸੀਆਂ ਨੂੰ ਆਉਣ ਵਾਲੇ ਮਹੀਨਿਆਂ 'ਚ ਨਾਗਰਿਕਤਾ ਦਿੱਤੀ ਜਾਵੇਗੀ। ਗ੍ਰੀਨ ਕਾਰਡ ਧਾਰਕਾਂ ਅਤੇ ਨਾਗਰਿਕਾਂ ਦੇ ਹੱਕ ਤਕਰੀਬਨ ਬਰਾਬਰ ਹੁੰਦੇ ਹਨ ਪਰ ਵੋਟ ਪਾਉਣ ਦਾ ਹੱਕ ਸਿਰਫ ਨਾਗਰਿਕਾਂ ਕੋਲ ਹੀ ਹੁੰਦਾ ਹੈ। ਅਮਰੀਕਾ ਦੇ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਵਿਭਾਗ ਵੱਲੋਂ ਔਸਤ ਆਧਾਰ 'ਤੇ ਤਕਰੀਬਨ 5 ਮਹੀਨੇ ਵਿਚ ਨਾਗਰਿਕਤਾ ਨਾਲ ਸਬੰਧਤ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ, ਜਦਕਿ 2021 ਵਿਚ ਇਹ ਸਮਾਂ 11 ਮਹੀਨੇ ਤੋਂ ਉਪਰ ਚੱਲ ਰਿਹਾ ਸੀ।

## ਇਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟਾਉਣ ਲਈ ਵਰਤੀ ਜਾਂਦੀ ਤਕਨੀਕ 'ਚ ਸੁਧਾਰ

■ ਟਰੰਪ ਕਾਰਜਕਾਲ ਦੌਰਾਨ ਲਾਗੂ ਬੰਦਿਸ਼ਾਂ ਕਾਰਨ ਪ੍ਰਵਾਸੀਆਂ ਦੀਆਂ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਨਿਪਟਾਰਾ ਹੋਣ 'ਚ ਲੱਗਦਾ ਸੀ ਲੰਮਾ ਸਮਾਂ
■ ਚੋਣਾਂ 'ਚ ਕਮਲਾ ਹੈਰਿਸ ਨੂੰ ਹੋ ਸਕਦੈ ਵੱਡਾ ਫ਼ਾਇਦਾ





**ਵਾਸ਼ਿੰਗਟਨ, (ਪੰਜਾਬ ਮੇਲ)-** ਜੋਅ ਬਾਈਡੇਨ ਨੇ ਸੱਤਾ ਸੰਭਾਲਣ ਮਗਰੋਂ ਇਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟਾਉਣ ਲਈ ਕਈ ਵੱਡੇ ਫ਼ੈਸਲੇ ਲਏ, ਜਿਨ੍ਹਾਂ ਦਾ ਅਸਰ ਸਾਫ ਦੇਖਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਅਰਜ਼ੀਆਂ ਦੇ ਨਿਪਟਾਰੇ ਲਈ ਵਰਤੀ ਜਾਂਦੀ ਤਕਨੀਕ ਸੁਧਾਰੀ ਗਈ ਅਤੇ ਅਰਜ਼ੀ ਦੇ ਸਫਿਆਂ ਦੀ ਗਿਣਤੀ 20 ਤੋਂ ਘਟਾ ਕੇ 14 ਕਰ ਦਿੱਤੀ ਗਈ। ਭਾਵੇਂ ਸਿਟੀਜ਼ਨਸ਼ਿਪ ਫੀਸ 640 ਡਾਲਰ ਤੋਂ ਵਧਾ ਕੇ 710 ਡਾਲਰ ਕਰ ਦਿੱਤੀ ਗਈ ਪਰ ਘੱਟ ਆਮਦਨ ਵਾਲਿਆਂ ਨੂੰ ਰਿਆਇਤ ਦਾ ਐਲਾਨ ਵੀ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਟਰੰਪ ਦੇ ਕਾਰਜਕਾਲ ਦੌਰਾਨ ਗੈਰਜ਼ਰੂਰੀ ਬੰਦਿਸ਼ਾਂ ਲਾਗੂ ਹੋਣ ਕਾਰਨ ਪ੍ਰਵਾਸੀਆਂ ਦੀਆਂ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਨਿਪਟਾਰਾ ਹੋਣ ਵਿਚ ਲੰਮਾ ਸਮਾਂ ਲੱਗ ਰਿਹਾ ਸੀ। ਇਨ੍ਹਾਂ ਬੰਦਿਸ਼ਾਂ ਕਰਕੇ ਹੀ ਤਕਰੀਬਨ ਤਿੰਨ ਲੱਖ ਪ੍ਰਵਾਸੀ 2020 ਦੀਆਂ ਚੋਣਾਂ ਤੋਂ ਪਹਿਲਾਂ ਸਿਟੀਜ਼ਨਸ਼ਿਪ ਹਾਸਲ ਨਾ ਕਰ ਸਕੇ ਅਤੇ ਵੋਟ ਪਾਉਣ ਤੋਂ ਵਾਂਝੇ ਰਹਿ ਗਏ। ਅਮਰੀਕਾ ਵਿਚ ਵੋਟਰਾਂ ਦੇ ਰੁਝਾਨ ਬਾਰੇ ਅਧਿਐਨ ਕਰਨ

■ ਬਾਕੀ ਖਬਰ ਸਫਾ 20 'ਤੇ

## ਜੇਕਰ ਮੈਂ ਰਾਸ਼ਟਰਪਤੀ ਬਣਿਆ, ਤਾਂ 6 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ 'ਚੋਂ ਕੱਢਾਂਗਾ : ਟਰੰਪ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੇ ਵਿਸਫੋਟਕ ਦਾਅਵਾ ਕਰਦੇ ਹੋਏ ਕਿਹਾ ਕਿ ਜੇਕਰ ਉਹ ਚੁਣੇ ਗਏ, ਤਾਂ ਉਹ 6 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢ ਦੇਣਗੇ ਅਤੇ ਮਨੁੱਖੀ ਇਤਿਹਾਸ ਵਿਚ ਇਹ ਸਭ ਤੋਂ ਵੱਡੇ ਦੇਸ਼ ਨਿਕਾਲੇ ਵਿਚ ਗਿਣਿਆ ਜਾਵੇਗਾ। ਟਰੰਪ ਨੇ ਅਫਰੀਕਾ, ਏਸ਼ੀਆ ਅਤੇ ਮੱਧ ਪੂਰਬ ਤੋਂ ਅਮਰੀਕਾ ਆਉਣ ਵਾਲੇ ਲੋਕਾਂ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਇਹ ਗੱਲ ਅਰਬਪਤੀ ਐਲੋਨ ਮਸਕ ਦੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦਿੱਤੇ ਇੰਟਰਵਿਊ 'ਚ ਕਹੀ। ਹਾਲਾਂਕਿ ਇਸ ਮੁੱਦੇ 'ਤੇ ਟਰੰਪ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਟਰੰਪ ਨੇ ਕਿਹਾ ਕਿ ਮੈਂ ਕਾਨੂੰਨੀ ਪ੍ਰਵਾਸੀਆਂ ਦੇ ਹੱਕ ਵਿਚ ਹਾਂ। ਇਸ ਦੌਰਾਨ ਉਨ੍ਹਾਂ ਨੇ ਡੈਮੋਕ੍ਰੇਟਸ ਦੀ ਵਿਰੋਧੀ ਕਮਲਾ ਹੈਰਿਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਤੀਜੇ ਦਰਜੇ ਦੀ ਸਿਆਸਤਦਾਨ ਹੈ। ਉਹ ਜੋਅ ਬਾਇਡਨ ਨਾਲੋਂ ਵੀ ਜ਼ਿਆਦਾ ਬੇਕਾਰ ਹੈ। ਟਰੰਪ ਨੇ ਇਕ ਹੋਰ ਵਿਸਫੋਟਕ ਦਾਅਵਾ ਕਰਦੇ ਹੋਏ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਦੇ ਅੰਦਰ ਬਗਾਵਤ ਕਰਕੇ ਬਾਇਡਨ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਨਾਮਜ਼ਦਗੀ ਤੋਂ ਹਟਾ ਦਿੱਤਾ ਗਿਆ ਹੈ। ਜੇਕਰ ਮੈਂ ਚੁਣਿਆ ਗਿਆ ਤਾਂ 6 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਾਗਾ। ਕਮਲਾ ਹੈਰਿਸ ਦੀ ਉਮੀਦਵਾਰੀ ਬਾਇਡਨ ਵਿਰੁੱਧ ਅੰਦਰੂਨੀ ਬਗਾਵਤ ਹੈ। ਕਮਲਾ ਹੈਰਿਸ ਨੇ ਉਸਨੂੰ ਇੱਕ

■ ਬਾਕੀ ਖਬਰ ਸਫਾ 20 'ਤੇ

# ਦਰੱਖਤਾਂ ਦੀ ਛਾਂ ਹੇਠ ਪੀਂਘਾਂ ਝੂਟ ਕੇ ਮਨਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ








































■ ਬਾਕੀ ਫੋਟੋਆਂ ਅਗਲੇ ਸਫੇ 'ਤੇ



# ਦਰੱਖਤਾਂ ਦੀ ਛਾਂ ਹੇਠ ਪੀਂਘਾਂ ਝੂਟ ਕੇ ਮਨਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ




























■ ਬਾਕੀ ਫੋਟੋਆਂ ਅਗਲੇ ਸਫੇ 'ਤੇ



# ਦਰੱਖਤਾਂ ਦੀ ਛਾਂ ਹੇਠ ਪੀਂਘਾਂ ਝੂਟ ਕੇ ਮਨਾਈਆਂ ਗਈਆਂ ਐਲਕ ਗਰੋਵ ਪਾਰਕ ਦੀਆਂ ਤੀਆਂ






























# ਗਾਖਲ ਬ੍ਰਦਰਜ਼ ਵੱਲੋਂ ਮਾਨੀ ਗਾਖ਼ਲ ਦਾ ਗੋਲਡ ਮੈਡਲ ਨਾਲ ਸਨਮਾਨ













**ਫਰਿਜ਼ਨੋ, (ਪੰਜਾਬ ਮੇਲ)**- ਆਪਣੇ ਐਲਾਨ ਮੁਤਾਬਿਕ ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ., ਗਾਖਲ ਗਰੁੱਪ ਯੂ.ਐੱਸ.ਏ. ਅਤੇ ਗਾਖਲ ਪਰਿਵਾਰ ਵਲੋਂ ਕਬੱਡੀ ਦੇ ਮਹਾਨ ਸਾਬਕਾ ਖਿਡਾਰੀ ਤੇ ਦੁਆਬੇ ਦੇ ਪਿੰਡ ਗਾਖਲਾਂ 'ਚੋਂ ਉੱਠ ਕੇ ਪੂਰੀ ਦੁਨੀਆਂ 'ਚ ਆਪਣੀ ਕਬੱਡੀ ਖੇਡ ਦਾ ਲੋਹਾ ਮਨਵਾਉਣ ਵਾਲੇ ਮਾਨੀ ਗਾਖ਼ਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ। ਇਸ ਮੌਕੇ ਕਬੱਡੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਵਾਲੇ ਪ੍ਰਮੋਟਰ ਜੌਹਨ ਸਿੰਘ ਗਿੱਲ ਤੇ ਹੋਰ ਮੋਹਤਬਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਅਮੋਲਕ ਸਿੰਘ ਗਾਖਲ (ਸਰਪ੍ਰਸਤ) ਨੇ ਕਿਹਾ ਕਿ ਬੇਏਰੀਆ ਦੇ ਰਾਜਾ ਸਵੀਟਸ 'ਚ ਕਰਵਾਏ ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦੇ ਹਾਂ ਅਤੇ ਅੱਗੇ ਤੋਂ ਵੀ ਕਬੱਡੀ ਹੀ ਨਹੀਂ, ਹਰ ਖੇਡ ਵਿਚ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਦਾ ਮਾਣ-ਸਨਮਾਨ ਕਰਦੇ ਰਹਾਂਗੇ। ਇਸ ਮੌਕੇ ਜੌਹਨ ਸਿੰਘ ਗਿੱਲ ਨੇ ਕਿਹਾ ਕਿ ਅਗਲੇ ਸਾਲ ਪਹਿਲਾਂ ਵਾਂਗ ਹੀ ਕੈਲੀਫ਼ੋਰਨੀਆ ਸਮੇਤ ਪੂਰੀ ਦੁਨੀਆਂ 'ਚ ਕਬੱਡੀ ਦੇ ਟੂਰਨਾਮੈਂਟ ਕਰਵਾਏ ਜਾਣਗੇ, ਜਿਨ੍ਹਾਂ ਵਿਚ ਅਮਰੀਕਾ ਦੇ ਜੰਮਪਲ ਖਿਡਾਰੀਆਂ ਨੂੰ ਕਬੱਡੀ ਦੇ ਸੁਪਰਸਟਾਰ ਖਿਡਾਰੀਆਂ ਨਾਲ ਖੇਡਣ ਦਾ ਮੌਕਾ ਵੀ ਦਿੱਤਾ ਜਾਵੇਗਾ। ਇਸ ਮੌਕੇ ਬੇਏਰੀਆ ਸਪੋਰਟਸ ਕਲੱਬ ਵਲੋਂ ਵੀ ਮਾਨੀ ਗਾਖਲ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਯੂਨਾਈਟਿਡ ਸਪੋਰਟਸ ਕਲੱਬ ਯੂ.ਐੱਸ.ਏ. ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਚੇਅਰਮੈਨ, ਇਕਬਾਲ ਸਿੰਘ ਗਾਖਲ ਵਾਈਸ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ, ਪਲਵਿੰਦਰ ਸਿੰਘ ਗਾਖਲ, ਤੀਰਥ ਗਾਖਲ, ਸਾਧੂ ਸਿੰਘ ਖਲੌਰ ਅਤੇ ਐੱਸ. ਅਸ਼ੋਕ ਭੌਰਾ ਜਨਰਲ ਸਕੱਤਰ ਨੇ ਸਮੂਹ ਆਏ ਕਬੱਡੀ ਪ੍ਰੋਮੋਟਰਾਂ, ਖਿਡਾਰੀਆਂ ਅਤੇ ਮਹਿਮਾਨਾਂ ਦਾ ਇਕ ਵਾਰ ਫਿਰ ਧੰਨਵਾਦ ਕੀਤਾ।

Designed By Punjab Mail USA

A&I Watsonville, CA
GAKHAL GROUP
GB Entertainment





ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ
Amolak Singh Gakhal, Iqbal Singh Gakhal, Palwinder Singh Gakhal
123, E LEE ROAD WATSONVILLE, CA 95076

# ਸੁਨੀਤਾ ਵਿਲੀਅਮਜ਼ ਦੀ ਹੱਡੀਆਂ ਅਤੇ ਮਾਸਪੇਸ਼ੀਆਂ ਦੇ ਕਮਜ਼ੋਰ ਹੋਣ ਦਾ ਖਤਰਾ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਭਾਰਤੀ-ਅਮਰੀਕੀ ਨਾਗਰਿਕ ਸੁਨੀਤਾ ਵਿਲੀਅਮਜ਼ ਦਾ ਪੁਲਾੜ 'ਚ ਰੁਕਣਾ ਲਗਾਤਾਰ ਵਧਦਾ ਜਾ ਰਿਹਾ ਹੈ। ਵਰਤਮਾਨ ਵਿਚ, ਉਸਦੀ ਵਾਪਸੀ ਫਰਵਰੀ 2025 ਲਈ ਤਹਿ ਕੀਤੀ ਗਈ ਹੈ। ਸੁਨੀਤਾ ਦੇ ਪਤੀ ਮਾਈਕਲ ਨੇ ਆਪਣੀ ਪਤਨੀ ਦੇ ਸਪੇਸ ਵਿਚ ਫਸੇ ਹੋਣ ਬਾਰੇ ਕਿਹਾ, ਸਪੇਸ ਸੁਨੀਤਾ ਦੀ ਪਸੰਦੀਦਾ ਜਗ੍ਹਾ ਰਹੀ ਹੈ, ਉਹ ਇੱਥੇ ਖੁਸ਼ ਹੈ। ਪੁਲਾੜ ਯਾਨ ਪੁਲਾੜ ਵਿਚ ਫਸਿਆ ਹੋਇਆ ਹੈ ਪਰ ਉਸਨੂੰ ਉਮੀਦ ਹੈ ਕਿ ਉਸਦੀ ਪਤਨੀ ਵਾਪਸ ਆ ਜਾਵੇਗੀ। ਵਾਲ ਸਟਰੀਟ ਜਰਨਲ ਨਾਲ ਗੱਲਬਾਤ 'ਚ ਉਸ ਨੇ ਕਿਹਾ, ਸਪੇਸ ਉਸ ਦੀ ਖੁਸ਼ੀ ਦਾ ਕਾਰਨ ਹੈ। ਭਾਵੇਂ ਉਸ ਨੂੰ ਸਦਾ ਲਈ ਉਥੇ ਹੀ ਰਹਿਣਾ



ਪਵੇ। ਉਸਦਾ ਪਰਿਵਾਰ ਕਾਫੀ ਸ਼ਾਂਤ ਹੈ। ਸਾਨੂੰ ਨਹੀਂ ਲੱਗਦਾ ਕਿ ਉਹ ਫਰਵਰੀ ਜਾਂ ਮਾਰਚ ਤੋਂ ਪਹਿਲਾਂ ਆਉਣ ਦੇ ਯੋਗ ਹੋਣਗੇ," ਬੁਸ਼ ਵਿਲਮੋਰ ਦੀ ਪਤਨੀ ਨੇ ਕਿਹਾ।

ਰਿਪੋਰਟਾਂ ਦੇ ਅਨੁਸਾਰ, ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਮਾਈਕ੍ਰੋਗ੍ਰੈਵਿਟੀ ਦੇ ਲੰਬੇ ਸਮੇਂ ਤੱਕ ਸੰਪਰਕ ਤੋਂ, ਸੁਨੀਤਾ ਵਿਲੀਅਮਜ਼ ਅਤੇ ਬੁਸ਼ ਵਿਲਮੋਰ ਨੂੰ ਕਈ ਸਿਹਤ ਮੁੱਦਿਆਂ ਜਿਵੇਂ ਕਿ ਹੱਡੀਆਂ ਦੀ ਘਣਤਾ ਵਿਚ ਕਮੀ, ਅੱਖਾਂ ਦੀਆਂ ਸਮੱਸਿਆਵਾਂ ਅਤੇ ਡੀ.ਐੱਨ.ਏ. ਦੇ ਨੁਕਸਾਨ ਕਾਰਨ ਕੈਂਸਰ ਹੋਣ ਦਾ ਖਤਰਾ ਹੋ ਸਕਦਾ ਹੈ। ਗੌਰਤਲਬ ਹੈ ਕਿ ਇਨ੍ਹਾਂ ਸਾਰੇ ਕਾਰਨਾਂ ਕਰਕੇ ਪੁਲਾੜ ਖੋਜ ਮਿਸ਼ਨ ਥੋੜ੍ਹੇ ਸਮੇਂ ਲਈ ਰੱਖੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਸੁਨੀਤਾ ਵਿਲੀਅਮਜ਼ ਮੂਲ ਰੂਪ ਤੋਂ ਉੱਤਰੀ ਗੁਜਰਾਤ ਦੇ ਪਿੰਡ ਝੁਲਸਣ ਦੀ ਰਹਿਣ ਵਾਲੀ ਹੈ। ਉਸ ਦੀ ਵਾਪਸੀ ਵਿਚ ਦੇਰੀ ਤੋਂ ਬਾਅਦ, ਹਾਲ ਹੀ ਵਿਚ ਝੁਲਸਣ ਪਿੰਡ ਦੇ ਨਿਵਾਸੀਆਂ ਨੇ ਪਿੰਡ ਦੀ ਧੀ ਦੀ ਵਾਪਸੀ ਲਈ ਇੱਕਠੇ ਹੋ ਕੇ ਅਰਦਾਸ ਵੀ ਕੀਤੀ।

# ਜੇ ਰਾਸ਼ਟਰਪਤੀ ਚੋਣ ਜਿੱਤੀ, ਤਾਂ 'ਟਿਪਸ' 'ਤੇ ਸੰਘੀ ਟੈਕਸ ਖਤਮ ਕਰਾਂਗੀ : ਕਮਲਾ ਹੈਰਿਸ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਲਾਸ ਵੇਗਾਸ, ਨੇਵਾਡਾ ਵਿਚ ਇਕ ਰੈਲੀ ਦੌਰਾਨ ਐਲਾਨ ਕੀਤਾ ਕਿ ਜੇਕਰ ਉਹ ਰਾਸ਼ਟਰਪਤੀ ਦੀ ਚੋਣ ਜਿੱਤ ਗਈ, ਤਾਂ ਹੋਟਲਾਂ ਤੇ ਹੋਰ ਮਹਿਮਾਨ ਨਿਵਾਜ਼ੀ ਦੇ ਸਥਾਨਾਂ 'ਤੇ ਗਾਹਕਾਂ ਵੱਲੋਂ ਦਿੱਤੇ ਜਾਂਦੇ 'ਟਿਪਸ' ਉਪਰ ਸੰਘੀ ਟੈਕਸ ਖਤਮ ਕਰ ਦੇਣਗੇ। ਹੈਰਿਸ ਨੇ ਕਿਹਾ ਕਿ ਇਥੇ ਮੌਜੂਦ ਹਰ ਇਕ ਵਿਅਕਤੀ ਨਾਲ ਇਹ ਮੇਰਾ ਵਾਅਦਾ ਹੈ ਕਿ ਇਕ ਰਾਸ਼ਟਰਪਤੀ ਵਜੋਂ ਉਹ ਘੱਟੋ-ਘੱਟ ਮਜ਼ਦੂਰੀ ਵਧਾਉਣ ਤੇ ਸੇਵਾ ਅਤੇ ਮਹਿਮਾਨ ਨਿਵਾਜ਼ੀ ਬਦਲੇ ਮਿਲਦੇ ਪੈਸੇ ਉਪਰ ਟੈਕਸ ਖਤਮ ਕਰਨ ਸਮੇਤ ਕੰਮਕਾਜੀ ਪਰਿਵਾਰਾਂ ਦੇ ਹੋਰ ਹਿੱਤਾਂ ਲਈ ਕੰਮ ਕਰਨਗੇ। ਇਥੇ ਜ਼ਿਕਰਯੋਗ ਹੈ ਕਿ ਟਰੰਪ ਨੇ ਵੀ ਲਾਸ ਵੇਗਾਸ ਵਿਚ ਜੂਨ ਵਿਚ ਕੀਤੀ ਰੈਲੀ ਦੌਰਾਨ ਇਸ ਕਿਸਮ ਦੀ ਤਜਵੀਜ਼ ਦਾ



ਕਮਲਾ ਹੈਰਿਸ ਲਾਸ ਵੇਗਾਸ ਵਿਚ ਰੈਲੀ ਦੌਰਾਨ।

ਐਲਾਨ ਕੀਤਾ ਸੀ। ਹੈਰਿਸ ਦੇ ਐਲਾਨ ਉਪਰੰਤ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ਉਪਰ ਦੋਸ਼ ਲਾਇਆ ਕਿ ਡੈਮੋਕਰੈਟਿਕ ਉਮੀਦਵਾਰ ਨੇ ਉਸ ਦੀ ਤਜਵੀਜ਼ ਚੋਰੀ ਕੀਤੀ ਹੈ। ਟਰੰਪ ਨੇ ਲਿਖਿਆ ਹੈ "ਕਮਲਾ ਹੈਰਿਸ ਜਿਸ ਦੇ ਐਸ਼ ਦੇ ਦਿਨ ਖਤਮ ਹੋ ਰਹੇ ਹਨ, ਨੇ ਮੇਰੀ 'ਨੋ ਟੈਕਸ ਆਨ ਟਿਪਸ ਪਾਲਸੀ' ਦੀ ਕਾਪੀ ਕੀਤੀ ਹੈ। ਇਹ ਟਰੰਪ ਦੀ ਨੀਤੀ ਹੈ, ਉਸ ਕੋਲ ਕੋਈ ਨੀਤੀ ਨਹੀਂ ਹੈ, ਉਹ ਕੇਵਲ ਮੇਰੇ ਕੋਲੋਂ ਚੋਰੀ ਕਰ ਸਕਦੀ ਹੈ।"


## ਵਿਸ਼ਵ ਪੰਜਾਬੀ ਸਭਾ ਕੈਨੇਡਾ (ਰਜਿ.)

ਵੱਲੋਂ 114 ਕੈਨੇਡੀ ਰੋਡ ਸਾਊਥ, ਬਰੈਂਪਟਨ, ਕੈਨੇਡਾ, ਉੱਤੇ ਸਥਿਤ ਪੰਜਾਬੀ ਭਵਨ ਵਿਚ

16, 17, 18 ਅਗਸਤ, 2024 ਨੂੰ ਆਯੋਜਿਤ ਕੀਤੀ ਜਾ ਰਹੀ

## 'ਤੀਜੀ ਵਿਸ਼ਵ ਪੰਜਾਬੀ ਕਾਨਫਰੰਸ'

ਦਾ ਮੂਲ ਵਿਸ਼ਾ : 'ਪੰਜਾਬੀ ਬੋਲੀ, ਸਾਹਿਤ, ਸੱਭਿਆਚਾਰ ਅਤੇ ਵਿਰਸੇ ਦੇ ਸਰੋਕਾਰ'

ਪ੍ਰੋਗਰਾਮ :

**ਪਹਿਲਾ ਦਿਨ : ਸ਼ੁੱਕਰਵਾਰ, ਅਗਸਤ 16, 2024**
- 9 ਵਜੇ ਸਵੇਰੇ : ਰਜਿਸਟਰੇਸ਼ਨ
- 9-10 ਵਜੇ ਸਵੇਰੇ : ਚਾਹ-ਪਾਣੀ
- 10 ਵਜੇ ਸਵੇਰੇ : ਕੈਨੇਡਾ ਦਾ ਨੈਸ਼ਨਲ ਐਂਥਮ, ਸ਼ਬਦ : ਦੇਹਿ ਸ਼ਿਵਾ ਬਰ ਮੋਹਿ ਇਹੈ
- 10.30 ਵਜੇ ਸਵੇਰੇ : ਸਵਾਗਤੀ ਭਾਸ਼ਨ ਡਾ. ਜੋਗਾ ਸਿੰਘ, ਇੰਡੀਆ
- 11 ਵਜੇ ਸਵੇਰ ਤੋਂ ਦੁਪਹਿਰ 2 ਵਜੇ ਤੱਕ : 12 ਖੋਜ-ਪੱਤਰ ਪੇਸ਼ ਕੀਤੇ ਜਾਣਗੇ
- 2 ਵਜੇ ਦੁਪਹਿਰ ਤੋਂ 3 ਵਜੇ ਤੱਕ : ਖੋਜ-ਪੱਤਰਾਂ ਬਾਰੇ ਸਵਾਲ-ਜਵਾਬ ਹੋਣਗੇ
- 3-4 ਵਜੇ ਦੁਪਹਿਰ ਤੱਕ : ਖਾਣ/ਪੀਣ/ਚਾਹ/ਕੌਫੀ
- 4-6 ਵਜੇ ਸ਼ਾਮ ਤੱਕ : ਕਵੀ ਦਰਬਾਰ/ਮੁਸ਼ਹਿਰਾ

**ਦੂਜਾ ਦਿਨ : ਸ਼ਨਿੱਚਰਵਾਰ, ਅਗਸਤ 17, 2024**
- 9-10 ਵਜੇ ਸਵੇਰੇ : ਚਾਹ-ਪਾਣੀ
- 10 ਵਜੇ ਸਵੇਰ ਤੋਂ ਦੁਪਹਿਰ 2 ਵਜੇ ਤੱਕ : 16 ਖੋਜ-ਪੱਤਰ ਪੇਸ਼ ਕੀਤੇ ਜਾਣਗੇ
- 2 ਵਜੇ ਦੁਪਹਿਰ ਤੋਂ 3 ਵਜੇ ਤੱਕ : ਖੋਜ-ਪੱਤਰਾਂ ਬਾਰੇ ਸਵਾਲ-ਜਵਾਬ ਹੋਣਗੇ
- 3-4 ਵਜੇ ਦੁਪਹਿਰ ਤੱਕ : ਖਾਣ/ਪੀਣ/ਚਾਹ/ਕੌਫੀ
- 4-6 ਵਜੇ ਸ਼ਾਮ ਤੱਕ: 'ਨੌਜਵਾਨਾਂ ਦੀਆਂ ਸਮੱਸਿਆਵਾਂ' ਬਾਰੇ ਖੋਜ-ਪੱਤਰ ਪੇਸ਼ ਕੀਤੇ ਜਾਣਗੇ ਅਤੇ ਸਵਾਲ-ਜਵਾਬ ਹੋਣਗੇ

**ਤੀਜਾ ਦਿਨ : ਐਤਵਾਰ, ਅਗਸਤ 18, 2024**
- 9-10 ਵਜੇ ਸਵੇਰੇ : ਚਾਹ-ਪਾਣੀ
- 10 ਵਜੇ ਸਵੇਰ ਤੋਂ ਦੁਪਹਿਰ 2 ਵਜੇ ਤੱਕ : ਰਾਜਨੀਤੀਵਾਨਾਂ ਦੇ ਭਾਸ਼ਨ, ਸਰਟੀਫੀਕੇਟਾਂ ਦੀ ਵੰਡ
- 2 ਵਜੇ ਤੋਂ 3 ਵਜੇ ਦੁਪਹਿਰ ਤੱਕ : ਖਾਣ/ਪੀਣ/ਚਾਹ/ਕੌਫੀ
- 3-6 ਵਜੇ ਸ਼ਾਮ ਤੱਕ : ਭੰਗੜਾ, ਗਿੱਧਾ, ਗੀਤ-ਸੰਗੀਤ, ਜਾਗੋ ਆਦਿ ਸੱਭਿਆਚਾਰਕ ਪੇਸ਼ਕਾਰੀ



Contact:
Dr. Dalbir Singh Kathuria
Brampton, Canada, Tel. 416-700-9100
dalbir.kathuria@gmail.com

Designed By Punjab Mail USA


# ਡੇਰਾ ਮੁਖੀ ਨੂੰ ਮਿਲੀ 21 ਦਿਨਾਂ ਦੀ ਪਰੋਲ 'ਤੇ ਸ਼੍ਰੋਮਣੀ ਕਮੇਟੀ ਨੇ ਪ੍ਰਗਟਾਇਆ ਇਤਰਾਜ਼

**ਅੰਮ੍ਰਿਤਸਰ, (ਪੰਜਾਬ ਮੇਲ)**- ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਫਿਰ ਤੋਂ 21 ਦਿਨ ਦੀ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕੇਂਦਰ ਸਰਕਾਰ 'ਤੇ ਘੱਟਗਿਣਤੀ ਵਰਗ ਲਈ ਵੱਖ ਨੀਤੀਆਂ ਅਪਣਾਉਣ ਦਾ ਇਲਜ਼ਮ ਲਗਾਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਬਲਾਤਕਾਰ ਵਰਗੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਡੇਰਾ ਮੁਖੀ ਨੂੰ ਪੈਰੋਲ ਮਿਲ ਸਕਦੀ ਹੈ, ਤਾਂ ਫਿਰ ਬੰਦੀ ਸਿੰਘ ਨੂੰ ਪੈਰੋਲ ਕਿਉਂ ਨਹੀਂ ਦਿੱਤੀ ਜਾਂਦੀ। ਪ੍ਰਤਾਪ ਸਿੰਘ ਨੇ ਕਿਹਾ ਕਿ ਜੇਕਰ ਡੇਰਾ ਮੁਖੀ ਨੂੰ ਇਸ ਸਮਾਜ 'ਚ ਘੁੰਮਣ ਦੇ ਲਈ ਖੁੱਲ੍ਹਾ ਛੱਡਿਆ ਜਾ ਸਕਦਾ ਹੈ, ਤਾਂ ਫਿਰ ਸਿੱਖ ਧਰਮ ਲਈ ਸੰਘਰਸ਼ ਕਰਨ ਵਾਲੇ ਸਿੱਖ ਬੰਦੀਆਂ ਨੂੰ ਰਿਹਾਅ ਕਰਨਾ ਕੇਂਦਰ ਸਰਕਾਰ ਲਈ ਕਿਉਂ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤ 'ਚ ਕਿਤੇ ਵੋਟਾਂ ਹੋਣੀਆਂ ਹੁੰਦੀਆਂ ਹਨ, ਤਾਂ ਗੁਰਮੀਤ ਰਾਮ ਰਹੀਮ ਨੂੰ ਪਰੋਲ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ, ਹੁਣ ਵੀ ਹਰਿਆਣੇ 'ਚ ਵੋਟਾਂ ਹੋਣ ਦੀ ਸੰਭਾਵਨਾ ਬਣੀ ਹੋਈ ਹੈ, ਜਿਸ ਦੇ ਚਲਦੇ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ਤੋਂ 21 ਦਿਨਾਂ ਦੀ ਪਰੋਲ ਦਿੱਤੀ ਗਈ ਹੈ, ਜੋ ਕਿ ਬਹੁਤ ਹੀ ਮੰਦਭਾਗਾ ਹੈ।

# ਟਰੰਪ ਵੱਲੋਂ ਕਮਲਾ ਹੈਰਿਸ, ਬਾਇਡਨ ਤੋਂ ਵੱਧ ਅਯੋਗ ਕਰਾਰ

**■ ਮਸਕ ਵੱਲੋਂ 'ਐਕਸ' 'ਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਦੀ ਇੰਟਰਵਿਊ**

**ਵਾਸ਼ਿੰਗਟਨ, (ਪੰਜਾਬ ਮੇਲ)**- ਰਿਪਬਲਿਕਨ ਆਗੂ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਖ਼ਿਲਾਫ਼ ਰਾਸ਼ਟਰਪਤੀ ਦੀ ਚੋਣ ਲੜਨ ਵਾਲੀ ਡੈਮੋਕਰੈਟਿਕ ਆਗੂ ਕਮਲਾ ਹੈਰਿਸ 'ਤੀਜੇ ਦਰਜੇ ਦੀ ਉਮੀਦਵਾਰ' ਹੈ ਅਤੇ ਉਹ ਆਪਣੇ ਬੌਸ ਰਾਸ਼ਟਰਪਤੀ ਜੋਅ ਬਾਇਡਨ ਤੋਂ ਵੀ ਵੱਧ ਅਯੋਗ ਹੈ। ਅਰਬਪਤੀ ਐਲਨ ਮਸਕ ਨੂੰ 'ਐਕਸ' 'ਤੇ ਦਿੱਤੇ ਇੰਟਰਵਿਊ 'ਚ ਟਰੰਪ ਨੇ ਸਿਆਸਤ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਤਕਨੀਕੀ ਮੁਸ਼ਕਲਾਂ ਕਾਰਨ ਆਡੀਓ ਇੰਟਰਵਿਊ 40 ਮਿੰਟ ਦੀ ਦੇਰੀ ਨਾਲ ਸ਼ੁਰੂ ਹੋਇਆ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ 'ਐਕਸ' 'ਤੇ ਹਮਲਾ ਹੋਣ ਕਾਰਨ ਇਸ 'ਚ ਗੜਬੜੀ ਹੋਈ। ਇੰਟਰਵਿਊ ਨੂੰ 10 ਲੱਖ ਤੋਂ ਜ਼ਿਆਦਾ ਲੋਕਾਂ ਨੇ ਸੁਣਿਆ।



ਸਾਬਕਾ ਰਾਸ਼ਟਰਪਤੀ ਨੇ ਕਿਹਾ, "ਉਹ ਕੱਟੜ ਖੱਬੇ-ਪੱਖੀ ਕਮਲੀ ਹੈ। ਉਹ ਟਰੰਪ ਨਾਲੋਂ ਵੀ ਵੱਧ ਟਰੰਪ ਬਣਨਾ ਚਾਹੁੰਦੀ ਹੈ।" ਉਨ੍ਹਾਂ ਦੁਹਰਾਇਆ ਕਿ ਬਾਇਡਨ ਦੀ ਥਾਂ 'ਤੇ ਹੈਰਿਸ ਨੂੰ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਚੁਣੇ ਜਾਣਾ ਡੈਮੋਕਰੈਟਿਕ ਪਾਰਟੀ 'ਚ ਤਖ਼ਤਾ ਪਲਟ ਵਾਂਗ ਸੀ। ਮਸਕ ਸਾਬਕਾ ਰਾਸ਼ਟਰਪਤੀ ਨਾਲ ਇਸ ਗੱਲ 'ਤੇ ਸਹਿਮਤ ਦਿਖੇ ਕਿ ਕਮਲਾ ਹੈਰਿਸ ਦਾ ਵਤੀਰਾ ਕੱਟੜ ਖੱਬੇ-ਪੱਖੀਆਂ ਵਰਗਾ ਹੈ। ਟਰੰਪ ਨੇ ਕਿਹਾ ਕਿ ਉਸ ਕੋਲ ਕੰਮ ਕਰਨ ਲਈ ਅਜੇ ਵੀ ਪੰਜ ਹੋਰ ਮਹੀਨੇ ਹਨ ਪਰ ਉਹ ਸਿਰਫ਼ ਗੱਲਾਂ ਬਣਾਉਣੀਆਂ ਜਾਣਦੀ ਹੈ ਅਤੇ ਕੰਮ ਕੁਝ ਵੀ ਨਹੀਂ ਕਰੇਗੀ।

ਟਰੰਪ ਨੇ ਦੋਸ਼ ਲਾਇਆ ਕਿ ਕਮਲਾ ਹੈਰਿਸ ਸਰਹੱਦੀ ਸੁਰੱਖਿਆ ਦੇ ਮੁੱਦੇ 'ਤੇ ਨਾਕਾਮ ਰਹੀ ਹੈ, ਜਿਥੋਂ ਹਜ਼ਾਰਾਂ ਲੋਕ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਅੰਦਰ ਦਾਖ਼ਲ ਹੋ ਗਏ ਹਨ। ਇੰਟਰਵਿਊ ਦੌਰਾਨ ਮਸਕ ਅਤੇ ਟਰੰਪ ਇਸ ਗੱਲ 'ਤੇ ਸਹਿਮਤ ਸਨ ਕਿ ਅਮਰੀਕਾ 'ਚ ਅਪਰਾਧ ਦੀ ਦਰ 'ਚ ਵਾਧਾ ਹੋਇਆ ਹੈ। ਮਸਕ ਦੇ ਇਕ ਸਵਾਲ ਦੇ ਜਵਾਬ 'ਚ ਟਰੰਪ ਨੇ ਬਾਇਡਨ ਦੀ ਵਿਦੇਸ਼ ਨੀਤੀ ਦੀ ਆਲੋਚਨਾ ਕਰਦਿਆਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਦੇ ਸੋਹਲੇ ਗਾਏ। ਟਰੰਪ ਨੇ ਕਿਹਾ ਕਿ ਜੇ ਉਹ ਅਮਰੀਕਾ ਦੇ ਰਾਸ਼ਟਰਪਤੀ ਹੁੰਦੇ, ਤਾਂ ਦੁਨੀਆ 'ਚ ਕਿਤੇ ਵੀ ਜੰਗ ਨਹੀਂ ਹੋਣੀ ਸੀ।

# ਅਮਰੀਕਾ ਵੱਲੋਂ ਇਜ਼ਰਾਈਲ 'ਤੇ ਛੇਤੀ ਹਮਲਾ ਹੋਣ ਦਾ ਖਦਸ਼ਾ ਜ਼ਾਹਿਰ

**ਵਾਸ਼ਿੰਗਟਨ, (ਪੰਜਾਬ ਮੇਲ)**- ਮੱਧ-ਪੂਰਬ 'ਚ ਚੱਲ ਰਹੇ ਤਣਾਅ ਦਰਮਿਆਨ ਵ੍ਹਾਈਟ ਹਾਊਸ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਕਿਰਬੀ ਨੇ ਕਿਹਾ ਹੈ ਕਿ ਇਜ਼ਰਾਈਲ 'ਤੇ ਇਸੇ ਹਫ਼ਤੇ ਹਮਲੇ ਹੋ ਸਕਦੇ ਹਨ ਅਤੇ ਅਮਰੀਕਾ ਉਨ੍ਹਾਂ ਨੂੰ ਰੋਕਣ ਦੀਆਂ ਤਿਆਰੀਆਂ ਕਰ ਰਿਹਾ ਹੈ। ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਰਾਸ਼ਟਰਪਤੀ ਜੋਅ ਬਾਇਡਨ ਨੇ ਬਰਤਾਨੀਆ, ਫਰਾਂਸ, ਜਰਮਨੀ ਅਤੇ ਇਟਲੀ ਦੇ ਆਗੂਆਂ ਨਾਲ ਮੱਧ-ਪੂਰਬ 'ਚ ਤਣਾਅ ਘਟਾਉਣ ਬਾਰੇ ਵਿਚਾਰ-ਵਟਾਂਦਰਾ ਕੀਤਾ। 'ਦਿ ਟਾਈਮਜ਼ ਆਫ਼ ਇਜ਼ਰਾਈਲ' ਮੁਤਾਬਕ ਕਿਰਬੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਜ਼ਰਾਈਲ ਵਾਂਗ ਅਮਰੀਕਾ ਨੂੰ ਵੀ ਖ਼ਦਸ਼ਾ ਹੈ ਕਿ ਇਸੇ ਹਫ਼ਤੇ ਹਮਲਾ ਹੋ ਸਕਦਾ ਹੈ। ਕਿਰਬੀ ਨੇ ਕਿਹਾ ਕਿ ਇਜ਼ਰਾਈਲ ਦੀ ਸੁਰੱਖਿਆ ਲਈ ਸਾਰੇ ਆਗੂਆਂ ਨੇ ਵਚਨਬੱਧਤਾ ਦੁਹਰਾਈ ਹੈ। ਬਾਇਡਨ ਸਮੇਤ ਹੋਰ ਆਗੂਆਂ ਨੇ



ਖਾਨ ਯੂਨਿਸ 'ਚ ਇਜ਼ਰਾਇਲੀ ਹਮਲੇ 'ਚ ਪਰਿਵਾਰਕ ਮੈਂਬਰਾਂ ਦੀ ਮੌਤ 'ਤੇ ਵਿਰਲਾਪ ਕਰਦੀ ਹੋਈ ਔਰਤ।

ਸੋਮਵਾਰ ਨੂੰ ਸਾਂਝਾ ਬਿਆਨ ਜਾਰੀ ਕਰਕੇ ਇਰਾਨ ਨੂੰ ਇਜ਼ਰਾਈਲ ਖ਼ਿਲਾਫ਼ ਹਮਲਿਆਂ ਤੋਂ ਵਰਜਿਆ ਸੀ। ਉਨ੍ਹਾਂ ਕਿਹਾ ਸੀ ਕਿ ਜੇ ਅਜਿਹੇ ਹਮਲੇ ਹੋਏ ਤਾਂ ਖੇਤਰੀ ਸੁਰੱਖਿਆ ਨੂੰ ਖ਼ਤਰਾ ਖੜ੍ਹਾ ਹੋ ਜਾਵੇਗਾ। ਸਾਂਝੇ ਬਿਆਨ 'ਚ ਤਣਾਅ ਘਟਾਉਣ ਅਤੇ ਗੋਲੀਬੰਦੀ ਦੇ ਸਮਝੌਤੇ ਦੀਆਂ ਕੋਸ਼ਿਸ਼ਾਂ ਦੀ ਉਹ ਹਮਾਇਤ ਕਰਦੇ ਹਨ। ਜ਼ਿਕਰਯੋਗ ਹੈ ਕਿ ਹਮਾਸ ਆਗੂ ਇਸਮਾਈਲ ਹਨੀਯੇਹ ਦੀ ਪਿਛਲੇ ਹਫ਼ਤੇ ਤਹਿਰਾਨ 'ਚ ਹੱਤਿਆ ਮਗਰੋਂ ਇਰਾਨ ਨੇ ਇਸ ਦਾ ਬਦਲਾ ਲੈਣ ਦਾ ਅਹਿਦ ਲਿਆ ਸੀ।

ਉਧਰ ਤਿੰਨ ਯੂਰੋਪੀ ਮੁਲਕਾਂ ਵੱਲੋਂ ਜਵਾਬੀ ਹਮਲਿਆਂ ਤੋਂ ਗੁਰੇਜ਼ ਕਰਨ ਦੀ ਦਿੱਤੀ ਗਈ ਸਲਾਹ ਨੂੰ ਇਰਾਨ ਨੇ ਨਕਾਰ ਦਿੱਤਾ ਹੈ। ਬਰਤਾਨੀਆ, ਫਰਾਂਸ ਅਤੇ ਜਰਮਨੀ ਦੇ ਆਗੂਆਂ ਨੇ ਇਕ ਸਾਂਝੇ ਬਿਆਨ 'ਚ ਇਰਾਨ ਅਤੇ ਉਸ ਦੇ ਭਾਈਵਾਲਾਂ ਨੂੰ ਕਿਹਾ ਸੀ ਕਿ ਉਹ ਹਮਾਸ ਆਗੂ ਇਸਮਾਈਲ ਹਾਨੀਯੇਹ ਦੀ ਪਿਛਲੇ ਮਹੀਨੇ ਤਹਿਰਾਨ 'ਚ ਹੱਤਿਆ ਮਗਰੋਂ ਕਿਸੇ ਜਵਾਬੀ ਕਾਰਵਾਈ ਤੋਂ ਗੁਰੇਜ਼ ਕਰਨ ਕਿਉਂਕਿ ਇਸ ਨਾਲ ਖ਼ਿੱਤੇ 'ਚ ਤਣਾਅ ਵਧਣ ਦਾ ਖ਼ਦਸ਼ਾ ਹੈ। ਇਰਾਨ ਨੇ ਹਾਨੀਯੇਹ ਦੀ ਹੱਤਿਆ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

# ਸਿਆਟਲ ਫੁਲਕਾਰੀ ਤੀਆਂ ਦਾ ਮੇਲਾ ਅਮਿੱਟ ਯਾਦਾਂ ਛੱਡ ਗਿਆ

**■ ਅਮਨ ਰੋਜ਼ੀ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੀ**








**ਸਿਆਟਲ** (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਫੁਲਕਾਰੀ ਤੀਆਂ ਦਾ ਮੇਲਾ ਰਾਜਪ੍ਰੀਤ ਕੌਰ ਅਤੇ ਗੁਰਦੀਪ ਕੌਰ ਦੀ ਅਗਵਾਈ ਹੇਠ ਸਨਰਾਇਜ਼ ਐਲੀਮੈਂਟਰੀ ਸਕੂਲ ਦੇ ਹਾਲ ਵਿਚ ਕਰਾਇਆ ਗਿਆ, ਜਿੱਥੇ ਗਾਇਕਾ ਅਮਨ ਰੋਜ਼ੀ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੀ ਅਤੇ ਖ਼ੂਬ ਰੌਣਕਾਂ ਲਗਾਈਆਂ, ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਬੀਬੀਆਂ, ਬੱਚਿਆਂ ਅਤੇ ਮਾਤਾਵਾਂ ਨੇ ਗਿੱਧੇ-ਭੰਗੜੇ ਪਾ ਕੇ ਖ਼ੂਬ ਆਨੰਦ ਮਾਣਿਆ।


ਭਰੇ ਹਾਲ ਵਿਚ ਹਰ ਕੋਈ ਪ੍ਰਬੰਧਕਾਂ ਦੀ ਤਾਰੀਫ ਕਰ ਰਿਹਾ ਸੀ ਕਿ ਇੰਤਜ਼ਾਮ ਬਹੁਤ ਚੰਗੇ ਢੰਗ ਨਾਲ ਕੀਤੇ ਗਏ ਹਨ। ਫੁਲਕਾਰੀ ਤੀਆਂ ਦੇ ਮੇਲੇ ਨੂੰ ਪ੍ਰਬੰਧਕਾਂ ਦੀ ਮਦਦ ਕਰਦੇ ਹੋਏ ਮਨਮੋਹਨ ਸਿੰਘ ਧਾਲੀਵਾਲ, ਪਿੰਟੂ ਬਾਠ, ਗੁਰਮੀਤ ਸਿੰਘ ਨਿੱਜਰ (ਅੰਤਰਰਾਸ਼ਟਰੀ ਬਾਕਸਰ), ਪਰਮਜੀਤ ਖੈਰਾ, ਹਰਦੀਪ ਸਿੰਘ ਗਿੱਲ, ਹਰਦੇਵ ਸਿੰਘ ਜੱਜ, ਗੁਰਦੀਪ ਸਿੰਘ ਸਿੱਧੂ ਨੇ ਸਪਾਂਸਰ ਕੀਤਾ।

ਸਮਰ ਸਪੋਰਟਸ ਕੈਂਪ ਦੇ ਪ੍ਰਬੰਧਕਾਂ ਨੇ 25 ਅਗਸਤ ਸ਼ਾਮ 5 ਵਜੇ ਸਮਾਪਤੀ ਸਮਾਰੋਹ 'ਤੇ ਫੁਲਕਾਰੀ ਤੀਆਂ ਦਾ ਮੇਲਾ ਦੇ ਪ੍ਰਬੰਧਕਾਂ ਨੂੰ ਅਤੇ ਵੱਖ-ਵੱਖ ਥਾਵਾਂ 'ਤੇ ਤੀਆਂ ਦੇ ਮੇਲੇ ਕਰਾਉਣ ਅਤੇ ਵਿਰਸੇ ਨੂੰ ਜ਼ਿੰਦਾ ਰੱਖਣ ਲਈ ਸਨਮਾਨਿਤ ਕੀਤਾ ਜਾਏਗਾ। ਕੈਂਟ ਸਿਟੀ ਕੌਂਸਲ ਮੈਂਬਰ ਬਰੈਂਡਾ ਅਤੇ ਸਤਵਿੰਦਰ ਕੌਰ ਨੇ ਵੀ ਤੀਆਂ ਦੇ ਮੇਲੇ 'ਚ ਸ਼ਾਮਲ ਹੋ ਕੇ ਮੇਲੇ ਦੀ ਰੌਣਕ ਵਧਾਈ ਅਤੇ ਸਭ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਵੀ ਕੀਤਾ। ਫੁਲਕਾਰੀ ਤੀਆਂ ਦਾ ਮੇਲਾ ਸਫਲ ਰਿਹਾ।

**ਪ੍ਰਬੰਧਕ ਸੁਖਪ੍ਰੀਤ ਸਿੰਘ ਮੱਲੀ, ਸਰਬਜੀਤ ਸਿੰਘ ਝੱਲੀ, ਗੁਰਦੀਪ ਸਿੰਘ ਸਿੱਧੂ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਜਤਿੰਦਰ ਕੌਰ ਧਾਲੀਵਾਲ ਅਤੇ ਅਮਨ ਰੋਜ਼ੀ (ਗਾਇਕਾ ਅਤੇ ਮੁੱਖ ਮਹਿਮਾਨ)।**



# ਬੰਗਲਾਦੇਸ਼ ਦੰਗਿਆਂ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ: ਅਮਰੀਕਾ ਵ੍ਹਾਈਟ ਹਾਊਸ




**ਵਾਸ਼ਿੰਗਟਨ**, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕੀ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਜੀਨ ਪ੍ਰਾਇਰੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਦਾ ਬੰਗਲਾਦੇਸ਼ ਦੰਗਿਆਂ ਨਾਲ ਕੋਈ ਲੈਣਾ-ਦੇਣਾ ਸੀ। ਉਨ੍ਹਾਂ ਕਿਹਾ ਕਿ ਇਹ ਫੈਸਲਾ ਬੰਗਲਾਦੇਸ਼ ਦੇ ਲੋਕਾਂ ਵੱਲੋਂ ਚੁਣਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਆਪਣੇ ਭਵਿੱਖ ਦਾ ਫੈਸਲਾ ਕਰਨ ਦੀ ਸ਼ਕਤੀ ਹੈ। ਜੀਨ ਪ੍ਰਾਇਰੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਤੋਂ ਇਲਾਵਾ ਹੋਰ ਕੋਈ ਵੀ ਦੋਸ਼ ਝੂਠੇ ਹਨ। ਇਸ ਦੌਰਾਨ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਬੰਗਲਾਦੇਸ਼ ਵਿਚ ਹੋਏ ਦੰਗਿਆਂ ਪਿੱਛੇ ਅਮਰੀਕਾ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਇਹ ਸਮੱਸਿਆ ਅਮਰੀਕਾ ਅੱਗੇ ਨਾ ਝੁਕਣ ਕਾਰਨ ਪੈਦਾ ਹੋਈ ਹੈ। ਸ਼ੇਖ ਹਸੀਨਾ ਦੇ ਦੋਸ਼ਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਕਾਫੀ ਹੰਗਾਮਾ ਕੀਤਾ ਹੈ। ਇਸ ਸੰਦਰਭ 'ਚ ਅਮਰੀਕਾ ਦੇ ਵ੍ਹਾਈਟ ਹਾਊਸ ਨੇ ਹਾਲ ਹੀ 'ਚ ਪ੍ਰਤੀਕਿਰਿਆ ਦਿੰਦੇ ਹੋਏ ਇਸ ਤੋਂ ਇਨਕਾਰ ਕੀਤਾ ਹੈ।

# ਐੱਸ.ਜੀ.ਪੀ.ਸੀ. ਚੋਣਾਂ: ਯੋਗ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਯਕੀਨੀ ਬਣਾਉਣ ਦੀ ਮੰਗ

**ਚੰਡੀਗੜ੍ਹ**, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇੱਕ ਵਫ਼ਦ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ.ਐੱਸ. ਸਾਰੋਂ ਨੂੰ ਮਿਲਿਆ। ਇਸ ਮੌਕੇ ਵਫ਼ਦ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ 'ਚ ਯੋਗ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ਅਤੇ ਵੋਟਾਂ ਬਣਾਉਣ ਦੀ ਪ੍ਰਕਿਰਿਆ ਪਾਰਦਰਸ਼ੀ ਹੋਵੇ। ਸ਼੍ਰੀ ਧਾਮੀ ਨੇ ਜਸਟਿਸ ਐੱਸ.ਐੱਸ. ਸਾਰੋਂ ਨੂੰ ਪੱਤਰ ਸੌਂਪ ਕੇ ਸਰਕਾਰੀ ਅਧਿਕਾਰੀਆਂ ਵੱਲੋਂ ਵੋਟਾਂ ਬਣਾਉਣ ਸਮੇਂ ਨਿਯਮਾਂ ਦੀ ਅਣਦੇਖੀ ਕਰਦਿਆਂ ਬਿਨਾਂ ਤਸਦੀਕ ਕੀਤੇ ਗਲਤ ਵੋਟਾਂ ਬਣਾਉਣ ਦੇ ਮਾਮਲੇ 'ਚ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਗੈਰ-ਸਿੱਖ ਅਤੇ ਪਤਿਤ ਸਿੱਖਾਂ ਦੀਆਂ ਵੋਟਾਂ ਬਣਨ ਤੋਂ ਰੋਕਣ ਦੀ ਵੀ ਅਪੀਲ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਸੰਗਤ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਸਰਕਾਰੀ ਅਧਿਕਾਰੀ ਗੁਰਦੁਆਰਾ ਚੋਣਾਂ ਲਈ ਰਜਿਸਟਰੇਸ਼ਨ ਵਾਸਤੇ ਤੈਅ ਨਿਯਮਾਂ ਦੀ ਅਣਦੇਖੀ ਕਰ ਰਹੇ ਹਨ।



# ਅਮਰੀਕੀਆਂ ਲਈ ਨਵੰਬਰ 'ਚ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਮਹੱਤਵਪੂਰਨ : ਬਾਇਡਨ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਜੋਅ ਬਾਇਡਨ ਨੇ ਇਕ ਪੱਤਰਕਾਰ ਨਾਲ ਤਾਜ਼ਾ ਮੁਲਾਕਾਤ ਵਿਚ ਕਿਹਾ ਹੈ ਕਿ ਇਸ ਸਾਲ ਨਵੰਬਰ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਅਹਿਮ ਹੋਵੇਗਾ। ਉਨ੍ਹਾਂ ਕਿਹਾ ਕਿ ਟਰੰਪ ਦਾ ਹਾਰਨਾ ਅਮਰੀਕਾ ਤੇ ਅਮਰੀਕੀ ਲੋਕਾਂ ਦੇ ਹਿੱਤ ਵਿਚ ਹੋਵੇਗਾ। ਸੀ.ਬੀ.ਐੱਸ. ਦੇ ਮੁੱਖ ਚੋਣ ਪੱਤਰਕਾਰ ਰਾਬਰਟ ਕੋਸਟਾ ਨਾਲ ਗੱਲਬਾਤ ਕਰਦਿਆਂ ਬਾਇਡਨ ਨੇ ਕਿਹਾ ਕਿ ਜਦੋਂ ਉਹ 2020 ਵਿਚ ਚੋਣ ਲੜੇ ਸਨ, ਤਾਂ ਉਹ ਆਪਣੇ ਆਪ ਨੂੰ ਇਕ ਬਦਲਵੇਂ ਰਾਸ਼ਟਰਪਤੀ ਵਜੋਂ ਵੇਖਦੇ ਸਨ। 81 ਸਾਲਾ ਬਾਇਡਨ ਨੇ ਹੋਰ ਕਿਹਾ "ਮੈਂ ਨਹੀਂ ਕਹਿ ਸਕਦਾ ਕਿ ਮੈਂ ਕਿੰਨਾ ਬੁੱਢਾ ਹੋ ਗਿਆ ਹਾਂ, ਇਹ ਕਹਿਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ, ਹਾਲਾਂਕਿ ਰਾਸ਼ਟਰਪਤੀ ਹੋਣਾ ਇਕ ਬਹੁਤ ਮਾਣ ਵਾਲੀ ਗੱਲ ਹੈ, ਮੈਂ ਜੋ ਕੁਝ ਕੀਤਾ ਹੈ, ਮੇਰਾ ਵਿਚਾਰ ਹੈ ਕਿ ਉਹ ਮੇਰੀ ਜ਼ਿੰਮੇਵਾਰੀ ਹੈ, ਤੁਸੀਂ ਸਭ ਤੋਂ ਵਧ ਮਹੱਤਵਪੂਰਨ ਚੀਜ਼ ਜੋ ਕਰ ਸਕਦੇ ਹੋ, ਉਹ ਹੈ ਕਿ ਹਰ ਹਾਲਤ ਵਿਚ ਟਰੰਪ ਨੂੰ ਹਰਾਉਣਾ।" ਬਾਇਡਨ ਦਾ ਇਹ ਤਾਜ਼ਾ ਬਿਆਨ ਪਿਛਲੇ ਮਹੀਨੇ ਡੈਮੋਕ੍ਰੇਟਿਕ ਸਾਂਸਦਾਂ, ਫੰਡ ਦੇਣ ਵਾਲਿਆਂ ਤੇ ਪਾਰਟੀ ਵਿਚਲੇ ਹੋਰ ਆਗੂਆਂ ਵੱਲੋਂ ਉਨ੍ਹਾਂ ਦੀ ਉਮਰ ਨੂੰ ਲੈ ਕੇ ਪ੍ਰਗਟਾਏ ਤੌਖਲੇ ਤੇ ਵਧੇ ਦਬਾਅ ਦਰਮਿਆਨ ਪਿਛਲੇ ਮਹੀਨੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਪਹਿਲੀ ਵਾਰ ਆਇਆ ਹੈ। ਉਨ੍ਹਾਂ ਦੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਤੁਰੰਤ ਡੈਮੋਕ੍ਰੈਟਿਕ ਪਾਰਟੀ ਨੇ ਰਾਸ਼ਟਰਪਤੀ ਉਮੀਦਵਾਰ ਵਜੋਂ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਂ ਉਪਰ ਮੋਹਰ ਲਾ ਦਿੱਤੀ ਸੀ। ਕਮਲਾ ਹੈਰਿਸ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਬੀਤੇ ਸ਼ਨਿੱਚਰਵਾਰ ਦੌਰਾਨ ਜਾਰੀ ਇਕ ਤਾਜ਼ਾ ਸਰਵੇਖਣ ਅਨੁਸਾਰ 3 ਅਹਿਮ ਰਾਜਾਂ ਵਿਚ ਟਰੰਪ ਨਾਲੋਂ ਹੈਰਿਸ ਅੱਗੇ ਹੈ। ਮੁਲਾਕਾਤ ਦੌਰਾਨ ਬਾਇਡਨ ਨੇ ਹੋਰ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਹੈ ਕਿ ਟਰੰਪ ਦੇ ਹਾਰ ਜਾਣ ਦੀ ਸਥਿਤੀ ਵਿਚ ਉਹ ਚੋਣ ਪ੍ਰਕਿਆ ਨੂੰ ਸ਼ਾਂਤਮਈ ਢੰਗ ਨਾਲ ਸਿਰੇ ਚੜ੍ਹਨ ਦੇਵੇਗਾ। ਬਾਇਡਨ ਨੇ ਕਿਹਾ, ਉਹ ਜੋ ਕੁਝ ਕਹਿ ਰਿਹਾ ਹੈ, ਉਸ ਦੇ ਕੁਝ ਅਰਥ ਹਨ, ਹਾਲਾਂਕਿ ਅਸੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਪਰੰਤੂ ਜੋ ਉਹ ਕਹਿੰਦਾ, ਉਸ ਦੇ ਉਸ ਲਈ ਅਰਥ ਹਨ।

**■ ਜੇਕਰ ਟਰੰਪ ਹਾਰ ਗਿਆ, ਤਾਂ ਉਸ ਲਈ ਹਾਰ ਪਚਾਉਣੀ ਮੁਸ਼ਕਿਲ ਹੋ ਜਾਵੇਗੀ**

## 3 ਅਹਿਮ ਰਾਜਾਂ ਵਿਚ ਟਰੰਪ ਪਿੱਛੇ : ਸਰਵੇ

ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ 3 ਪ੍ਰਮੁੱਖ ਰਾਜਾਂ ਵਿਚ ਕਮਲਾ ਹੈਰਿਸ ਅੱਗੇ ਹੈ। ਨਿਊਯਾਰਕ ਟਾਈਮਜ਼- ਸੀਨੇਵਾ ਚੋਣ ਸਰਵੇ ਅਨੁਸਾਰ ਪੈਨਸਿਲਵਾਨੀਆ, ਮਿਸ਼ੀਗਨ ਤੇ ਵਿਸਕਾਨਸਨ ਰਾਜਾਂ ਵਿਚ ਹੈਰਿਸ 4% ਵੋਟਾਂ ਨਾਲ ਅੱਗੇ ਹਨ, ਜਦਕਿ ਇਸ ਦੇ ਉਲਟ ਟਰਾਫਾਲਗਰ ਗਰੁੱਪ ਤੇ ਇਨਸਾਈਡਰ ਐਡਵਾਂਟੇਜ ਵੱਲੋਂ ਕੀਤੇ ਇਕ ਸਰਵੇ ਅਨੁਸਾਰ ਟਰੰਪ ਐਰੀਜੋਨਾ ਤੇ ਨਵਾਡਾ ਸਮੇਤ ਕਈ ਰਾਜਾਂ ਵਿਚ ਹੈਰਿਸ ਨਾਲੋਂ ਅੱਗੇ ਹਨ। ਇਸ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ ਡੈਮੋਕਰੈਟਿਕਾਂ ਦਾ ਸਮਰਥਨ ਵਧਣ ਦੇ ਬਾਵਜੂਦ ਉਸ ਪ੍ਰਤੀ ਵੋਟਰਾਂ ਦੇ ਇਕ ਵੱਡੇ ਹਿੱਸੇ ਵਿਚ ਅਵਿਸ਼ਵਾਸ ਦੀ ਭਾਵਨਾ ਪਾਈ ਜਾ ਰਹੀ ਹੈ।

# ਟਰੰਪ ਦੀ ਪ੍ਰਚਾਰ ਟੀਮ ਦੇ ਈ-ਮੇਲ ਹੋਏ ਹੈਕ!

**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਾਸ਼ਟਰਪਤੀ ਚੋਣ ਮੁਹਿੰਮ ਦੀ ਕਮਾਂਡ ਕਰ ਰਹੀ ਟੀਮ ਨੇ ਸ਼ਨੀਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਈ-ਮੇਲ ਹੈਕ ਕਰ ਲਏ ਗਏ ਹਨ। ਟੀਮ ਨੇ ਦਾਅਵਾ ਕੀਤਾ ਕਿ ਈਰਾਨੀ ਇਨ੍ਹਾਂ ਸੰਵੇਦਨਸ਼ੀਲ ਅੰਦਰੂਨੀ ਦਸਤਾਵੇਜ਼ਾਂ ਨੂੰ ਚੋਰੀ ਕਰਨ ਅਤੇ ਫੈਲਾਉਣ ਵਿਚ ਸ਼ਾਮਲ ਹਨ। ਹਾਲਾਂਕਿ ਮੁਹਿੰਮ ਦੀ ਇੰਚਾਰਜ ਟੀਮ ਨੇ ਈਰਾਨ ਦੀ ਸ਼ਮੂਲੀਅਤ ਦਾ ਕੋਈ ਸਿੱਧਾ ਸਬੂਤ ਨਹੀਂ ਦਿੱਤਾ, ਪਰ ਮਾਈਕ੍ਰੋਸਾਫਟ ਵੱਲੋਂ ਇੱਕ ਰਿਪੋਰਟ ਜਾਰੀ ਕਰਨ ਤੋਂ ਬਾਅਦ ਇਹ ਦਾਅਵਾ ਕੀਤਾ ਗਿਆ।

ਰਿਪੋਰਟ ਵਿਚ 2024 ਵਿਚ ਅਮਰੀਕੀ ਕਾਰਜਾਂ ਵਿਚ ਦਖਲ ਦੇਣ ਲਈ ਵਿਦੇਸ਼ੀ ਏਜੰਟਾਂ ਦੇ ਯਤਨਾਂ ਦਾ ਵੇਰਵਾ ਦਿੱਤਾ ਗਿਆ ਹੈ। ਟਰੰਪ ਦੀ ਮੁਹਿੰਮ ਦੇ ਬੁਲਾਰੇ ਸਟੀਵਨ ਚੇਂਗ ਨੇ ਹੈਕਿੰਗ ਲਈ "ਸੰਯੁਕਤ ਰਾਜ ਦੇ ਦੁਸ਼ਮਣ ਵਿਦੇਸ਼ੀ ਸਰੋਤਾਂ" ਨੂੰ ਜ਼ਿੰਮੇਵਾਰ ਠਹਿਰਾਇਆ। ਰਾਸ਼ਟਰੀ ਸੁਰੱਖਿਆ ਪਰਿਸ਼ਦ ਦੇ ਬੁਲਾਰੇ ਨੇ ਇੱਕ ਬਿਆਨ ਵਿਚ ਕਿਹਾ ਕਿ ਉਸਨੇ ਅਣਉਚਿਤ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਰਿਪੋਰਟਾਂ ਨੂੰ "ਬਹੁਤ ਗੰਭੀਰਤਾ ਨਾਲ" ਲਿਆ ਹੈ ਅਤੇ ਉਹ ਕਿਸੇ ਵੀ ਸਰਕਾਰ ਜਾਂ ਸੰਸਥਾ ਦੀ ਨਿੰਦਾ ਕਰਦੀ ਹੈ, ਜੋ ਅਮਰੀਕੀ ਲੋਕਤੰਤਰੀ ਸੰਸਥਾਵਾਂ ਵਿਚ ਵਿਸ਼ਵਾਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਬੁਲਾਰੇ ਨੇ ਇਹ ਵੀ ਕਿਹਾ ਕਿ ਇਹ ਮਾਮਲਾ ਨਿਆਂ ਵਿਭਾਗ 'ਤੇ ਛੱਡ ਦਿੱਤਾ ਗਿਆ ਹੈ।

# ਅਮਰੀਕਾ ਦੇ 3 ਮੁੱਖ ਰਾਜਾਂ 'ਚ ਹੈਰਿਸ, ਟਰੰਪ ਤੋ ਅੱਗੇ : ਸਰਵੇਖਣ

**■ 50 ਫ਼ੀਸਦੀ ਵੋਟਰ ਕਮਲਾ ਹੈਰਿਸ ਦੇ ਹੱਕ 'ਚ; 46 ਫ਼ੀਸਦੀ ਟਰੰਪ ਦੇ ਹੱਕ 'ਚ**



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- 'ਨਿਊਯਾਰਕ ਟਾਈਮਜ਼' ਅਤੇ 'ਸੀਨਾ' ਕਾਲਜ ਵੱਲੋਂ 5 ਤੋਂ 9 ਅਗਸਤ ਦਰਮਿਆਨ ਕਰਵਾਏ ਗਏ ਇਕ ਸਰਵੇਖਣ ਦੇ ਅਨੁਸਾਰ 50 ਫੀਸਦੀ ਵੋਟਰ ਕਮਲਾ ਹੈਰਿਸ ਦੇ ਹੱਕ ਵਿਚ ਹਨ। ਅਤੇ 46 ਫੀਸਦੀ ਟਰੰਪ ਦੇ ਹੱਕ ਵਿਚ ਹਨ। ਨਿਊਯਾਰਕ 'ਚ ਹਾਲ ਹੀ ਵਿਚ ਹੋਏ ਇੱਕ ਸਰਵੇਖਣ ਅਨੁਸਾਰ ਤਿੰਨ ਅਹਿਮ ਰਾਜਾਂ ਵਿਚ ਪ੍ਰੀਪੋਲ ਸਰਵੇ ਵਿਚ ਕਮਲਾ ਹੈਰਿਸ 50 ਫੀਸਦੀ ਵੋਟਾਂ ਨਾਲ ਅੱਗੇ ਹਨ, ਜਦੋਂਕਿ ਡੋਨਾਲਡ ਟਰੰਪ ਦੇ ਵੋਟਰ 46 ਫੀਸਦੀ ਦੇ ਉਸ ਦੇ ਹੱਕ ਵਿਚ ਹਨ। ਜਦੋਂ ਅਮਰੀਕੀ ਰਾਸ਼ਟਰਪਤੀ ਦੀ ਚੋਣ 'ਚ ਤਕਰੀਬਨ ਤਿੰਨ ਕੁ ਮਹੀਨੇ ਦਾ ਸਮਾਂ ਹੈ, ਤਾਂ ਇਹ ਸਿੱਟਾ 'ਨਿਊਯਾਰਕ ਟਾਈਮਜ਼' ਅਤੇ 'ਸੀਨਾ' ਕਾਲਜ ਵੱਲੋਂ ਕਰਵਾਏ ਗਏ ਇਕ ਸਰਵੇਖਣ ਤੋਂ ਸਾਹਮਣੇ ਆਇਆ ਹੈ। 'ਨਿਊਯਾਰਕ ਟਾਈਮਜ਼' ਅਤੇ 'ਸੀਨਾ' ਕਾਲਜ ਡੀ. ਨੇ 5 ਅਗਸਤ ਤੋਂ 9 ਅਗਸਤ ਦਰਮਿਆਨ 1,973 ਰਜਿਸਟਰਡ ਵੋਟਰਾਂ ਦੀ ਇੰਟਰਵਿਊ ਲਈ ਗਈ। ਉਨ੍ਹਾਂ ਨੇ ਤਿੰਨ ਸਵਿੰਗ ਰਾਜਾਂ (ਜੋ ਮਹੱਤਵਪੂਰਣ ਰਾਜਾਂ) ਵਿਚ ਗਿਣੇ ਜਾਂਦੇ ਹਨ। ਜਿਨ੍ਹਾਂ ਵਿਚ ਵਿਸਕਾਨਸਿਨ, ਪੈਨਸਿਲਵੇਨੀਆ ਅਤੇ ਮਿਸ਼ੀਗਨ ਸ਼ਾਮਲ ਹੈ। ਇਨ੍ਹਾਂ ਰਾਜਾਂ ਵਿਚ ਵੋਟਰਾਂ ਨੂੰ ਕਵਰ ਕੀਤਾ ਹੈ। ਜ਼ਿਕਰਯੋਗ ਹੈ ਕਿ ਕਮਲਾ ਹੈਰਿਸ ਵੱਲੋਂ ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੂੰ ਆਪਣਾ 'ਰਨਿੰਗ-ਮੇਟ' ਅਤੇ ਉਪ-ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਇਹ ਸਰਵੇਖਣ ਕਰਵਾਇਆ ਗਿਆ ਸੀ। ਹੋ ਸਕਦਾ ਹੈ ਕਿ ਮਿਸ਼ੀਗਨ ਵਿਚ 4.8 ਪ੍ਰਤੀਸ਼ਤ ਦਾ ਪਲੱਸ ਜਾਂ ਮਾਇਨਸ ਫਰਕ ਹੋਵੇਗਾ। ਪੈਨਸਿਲਵੇਨੀਆ ਵਿਚ, ਇਹ ਅੰਤਰ 4.2 ਹੋਣ ਦੀ ਸੰਭਾਵਨਾ ਹੈ। ਅਤੇ ਵਿਸਕਾਨਸਿਨ ਵਿਚ ਇਹ 4.3 ਅੰਕ ਹੋ ਸਕਦਾ ਹੈ। ਪਰ ਕੁੱਲ ਮਿਲਾ ਕੇ ਕਮਲਾ ਹੈਰਿਸ ਡੋਨਾਲਡ ਟਰੰਪ ਤੋਂ ਅੱਗੇ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਪਹਿਲਾਂ ਟਰੰਪ ਅਤੇ ਬਾਇਡਨ ਵਿਚਾਲੇ ਹੋਏ 'ਮੁਕਾਬਲੇ' ਦੌਰਾਨ ਟਰੰਪ ਬਾਇਡਨ ਤੋਂ ਅੱਗੇ ਸਨ, ਪਰ ਬਾਇਡਨ ਵੱਲੋਂ ਖੁਦ ਮੁਕਾਬਲੇ ਤੋਂ ਹਟਣ ਅਤੇ ਕਮਲਾ ਹੈਰਿਸ ਨੂੰ ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਐਲਾਨਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ। ਪੈਨਸਿਲਵੇਨੀਆ ਵਿਚ ਲਗਭਗ ਹਰ ਕੋਈ ਕਹਿੰਦਾ ਹੈ ਕਿ ਕਮਲਾ ਹੈਰਿਸ, ਜੋ ਕਿ ਚੁਸਤ, ਬੁੱਧੀਮਾਨ ਹੈ ਅਤੇ ਉਪ ਰਾਸ਼ਟਰਪਤੀ ਵਜੋਂ ਤਜ਼ਰਬਾ ਰੱਖਦੀ ਹੈ, ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਬਹੁਤ ਬਿਹਤਰ ਹੈ। ਜੇਕਰ ਕਮਲਾ ਹੈਰਿਸ ਰਾਸ਼ਟਰਪਤੀ ਬਣਦੀ ਹੈ, ਤਾਂ ਉਹ ਅਮਰੀਕੀ ਇਤਿਹਾਸ ਵਿਚ ਰਾਸ਼ਟਰਪਤੀ ਦੇ ਅਹੁਦੇ 'ਤੇ ਵਿਰਾਜਮਾਨ ਹੋਣ ਵਾਲੀ ਪਹਿਲੀ ਮਹਿਲਾ ਰਾਸ਼ਟਰਪਤੀ ਅਤੇ ਪਹਿਲੀ ਕਾਲੀ ਮਹਿਲਾ ਰਾਸ਼ਟਰਪਤੀ ਹੋਵੇਗੀ।

# ਜੇ ਰਾਸ਼ਟਰਪਤੀ ਚੋਣਾਂ ਹਾਰਿਆ, ਤਾਂ ਵੈਨੇਜ਼ੁਏਲਾ ਚਲਾ ਜਾਵਾਂਗਾ: ਟਰੰਪ



**ਵਾਸਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਟਰੰਪ ਨੇ ਐਕਸ ਤੇ ਸਨਸਨੀਖੇਜ਼ ਟਿੱਪਣੀਆਂ ਕੀਤੀਆਂ ਕਿ ਜੇਕਰ ਰਾਸ਼ਟਰਪਤੀ ਚੋਣਾਂ 'ਚ ਕੁਝ ਹੋਇਆ, ਜੇ ਮੈਂ ਹਾਰ ਗਿਆ, ਉਹ ਵੈਨੇਜ਼ੁਏਲਾ ਚਲੇ ਜਾਣਗੇ, ਜੋ ਕਿ ਅਮਰੀਕਾ ਨਾਲੋਂ ਜ਼ਿਆਦਾ ਸੁਰੱਖਿਅਤ ਥਾਂ ਹੈ। ਉਸ ਨੇ 'ਐਕਸ' ਵਿਚ ਮਸ਼ਹੂਰ ਅਰਬਪਤੀ ਐਲੋਨ ਮਸਕ ਨੂੰ ਦਿੱਤੇ ਇੰਟਰਵਿਊ ਵਿਚ ਕਹੀ। ਉਨ੍ਹਾਂ ਕਿਹਾ ਕਿ ਜੇਕਰ ਉਹ ਸੱਤਾ 'ਚ ਆਉਂਦੇ ਹਨ, ਤਾਂ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਦੇ ਉਦੇਸ਼ ਨਾਲ ਕੰਮ ਕਰਨਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਉਹ ਦੁਬਾਰਾ ਰਾਸ਼ਟਰਪਤੀ ਬਣੇ, ਤਾਂ ਅਮਰੀਕੀ ਇਤਿਹਾਸ ਵਿਚ ਇਸ ਤੋਂ ਵੱਧ ਬਾਈਕਾਟ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀ ਹਨ ਅਤੇ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਵੇਗਾ। ਇਹ ਟਿੱਪਣੀ ਕਰਦਿਆਂ ਟਰੰਪ ਨੇ ਕਿਹਾ ਕਿ ਕਮਲਾ ਹੈਰਿਸ ਬਾਇਡਨ ਨਾਲੋਂ ਵੀ ਵੱਧ ਅਯੋਗ ਹੈ। ਜੇਕਰ ਉਹ ਜਿੱਤ ਜਾਂਦੀ ਹੈ, ਤਾਂ ਅਮਰੀਕਾ ਤਬਾਹ ਹੋ ਜਾਵੇਗਾ।

# ਹੈਰਿਸ ਵੱਲੋਂ ਰਾਸ਼ਟਰਪਤੀ ਚੁਣੇ ਜਾਣ 'ਤੇ 'ਟਿਪ ਟੈਕਸ' ਨੂੰ ਖ਼ਤਮ ਕਰਨ ਵਾਅਦਾ

**ਲਾਸ ਵੇਗਾਸ, (ਪੰਜਾਬ ਮੇਲ)**- ਡੈਮੋਕ੍ਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੇ ਸ਼ਨੀਵਾਰ ਨੂੰ ਜਨਤਾ ਨਾਲ ਵਾਅਦਾ ਕੀਤਾ ਕਿ ਉਹ ਰੈਸਟੋਰੈਂਟ ਵਰਕਰਾਂ ਅਤੇ ਹੋਰ ਸੇਵਾ ਕਰਮਚਾਰੀਆਂ ਨੂੰ ਦਿੱਤੇ ਗਏ ਟਿਪਸ 'ਤੇ ਲਗਾਏ ਗਏ ਟੈਕਸ ਨੂੰ ਖ਼ਤਮ ਕਰਨ ਦੀ ਦਿਸ਼ਾ 'ਚ ਕੰਮ ਕਰੇਗੀ। ਹੈਰਿਸ ਤੋਂ ਪਹਿਲਾਂ ਉਨ੍ਹਾਂ ਦੇ ਵਿਰੋਧੀ ਡੋਨਾਲਡ ਟਰੰਪ ਨੇ ਵੀ ਆਪਣੀ ਚੋਣ ਮੁਹਿੰਮ ਦੌਰਾਨ ਜਨਤਾ ਨਾਲ ਅਜਿਹਾ ਹੀ ਵਾਅਦਾ ਕੀਤਾ ਸੀ। ਦਿਲਚਸਪ ਗੱਲ ਇਹ ਹੈ ਕਿ ਰਾਸ਼ਟਰਪਤੀ ਅਹੁਦੇ ਦੇ ਦੋਵੇਂ ਉਮੀਦਵਾਰ ਆਪਣੀ ਚੋਣ ਮੁਹਿੰਮ ਵਿਚ ਲਗਭਗ ਇੱਕੋ ਜਿਹੀ ਗੱਲ ਕਰ ਰਹੇ ਹਨ।

ਹੈਰਿਸ ਨੇ ਲਾਸ ਵੇਗਾਸ ਵਿਚ ਯੂਨੀਵਰਸਿਟੀ ਆਫ ਨੇਵਾਡਾ ਕੈਂਪਸ ਵਿਚ ਇੱਕ ਰੈਲੀ ਵਿਚ ਇਹ ਐਲਾਨ ਕੀਤਾ। ਲਾਸ ਵੇਗਾਸ ਦੀ ਆਰਥਿਕਤਾ ਜ਼ਿਆਦਾਤਰ ਹੋਟਲ, ਰੈਸਟੋਰੈਂਟ ਅਤੇ ਮਨੋਰੰਜਨ ਉਦਯੋਗਾਂ 'ਤੇ ਨਿਰਭਰ ਕਰਦੀ ਹੈ। ਟਰੰਪ ਨੇ ਜੂਨ ਵਿਚ ਇੱਕ ਰੈਲੀ ਵਿੱਚ ਇਹੀ ਗੱਲ ਕਹੀ ਸੀ, ਪਰ ਅਸਲੀਅਤ ਇਹ ਹੈ ਕਿ ਨਾ ਤਾਂ ਟਰੰਪ ਅਤੇ ਨਾ ਹੀ ਹੈਰਿਸ ਕਾਂਗਰਸ (ਸੰਸਦ) ਦੇ ਸਮਰਥਨ ਤੋਂ ਬਿਨਾਂ ਇਹ ਕਦਮ ਚੁੱਕ ਸਕਦੇ ਹਨ।

ਹੈਰਿਸ ਨੇ ਆਪਣੇ ਸੰਬੋਧਨ ਵਿਚ ਕਿਹਾ, "ਮੇਰਾ ਸਾਰਿਆਂ ਨਾਲ ਵਾਅਦਾ ਹੈ ਕਿ ਜਦੋਂ ਮੈਂ ਰਾਸ਼ਟਰਪਤੀ ਬਣਾਂਗੀ, ਤਾਂ ਅਸੀਂ ਅਮਰੀਕਾ ਦੇ ਮਜ਼ਦੂਰ ਪਰਿਵਾਰਾਂ ਲਈ ਆਪਣੀ ਲੜਾਈ ਜਾਰੀ ਰੱਖਾਂਗੇ। ਇਸ ਵਿਚ ਘੱਟੋ-ਘੱਟ ਉਜਰਤ ਵਧਾਉਣਾ ਅਤੇ ਸੇਵਾ ਅਤੇ ਪ੍ਰਾਹੁਣਚਾਰੀ ਕਰਮਚਾਰੀਆਂ ਨੂੰ ਦਿੱਤੇ ਗਏ ਟਿਪਸ 'ਤੇ ਟੈਕਸ ਨੂੰ ਖ਼ਤਮ ਕਰਨਾ ਸ਼ਾਮਲ ਹੈ। ਟਰੰਪ ਨੇ ਹੈਰਿਸ ਦੇ ਭਾਸ਼ਣ ਤੋਂ ਤੁਰੰਤ ਬਾਅਦ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਸ 'ਤੇ ਪ੍ਰਤੀਕਿਰਿਆ ਦਿੱਤੀ। ਉਸਨੇ ਦੋਸ਼ ਲਾਇਆ ਕਿ ਹੈਰਿਸ ਨੇ "ਮੇਰੀ 'ਨੋ ਟੈਕਸ ਆਨ ਟਿਪ ਨੀਤੀ' ਦੀ ਨਕਲ ਕੀਤੀ ਹੈ।" ਸਾਬਕਾ ਰਾਸ਼ਟਰਪਤੀ ਨੇ ਲਿਖਿਆ, "ਫਰਕ ਸਿਰਫ ਇਹ ਹੈ ਕਿ ਉਹ ਅਜਿਹਾ ਕੁਝ ਨਹੀਂ ਕਰੇਗੀ। ਉਹ ਇਹ ਗੱਲ ਸਿਰਫ਼ ਸਿਆਸੀ ਮੰਤਵਾਂ ਲਈ ਕਹਿ ਰਹੀ ਹੈ।" ਉਸਨੇ ਦਾਅਵਾ ਕੀਤਾ, "ਇਹ ਟਰੰਪ ਦਾ ਵਿਚਾਰ ਸੀ। ਉਸ (ਹੈਰਿਸ) ਕੋਲ ਕੋਈ ਵਿਚਾਰ ਨਹੀਂ ਹੈ, ਉਹ ਸਿਰਫ਼ ਮੇਰੇ ਵਿਚਾਰਾਂ ਦੀ ਨਕਲ ਕਰ ਸਕਦੀ ਹੈ।"


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com


# ਟਰੰਪ ਸਰਕਾਰ 'ਚ ਮਸਕ ਨੂੰ ਮਿਲ ਸਕਦੀ ਹੈ ਅਹਿਮ ਜ਼ਿੰਮੇਵਾਰੀ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਡੋਨਾਲਡ ਟਰੰਪ ਦਾ ਮਸ਼ਹੂਰ ਉਦਯੋਗਪਤੀ ਐਲੋਨ ਮਸਕ ਨਾਲ ਇੰਟਰਵਿਊ ਪ੍ਰਸਾਰਿਤ ਕੀਤਾ ਗਿਆ। ਇਸ ਇੰਟਰਵਿਊ ਤੋਂ ਬਾਅਦ ਚਰਚਾ ਸ਼ੁਰੂ ਹੋ ਗਈ ਹੈ ਕਿ ਜੇਕਰ ਡੋਨਾਲਡ ਟਰੰਪ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ, ਤਾਂ ਐਲੋਨ ਮਸਕ ਨੂੰ ਕੋਈ ਅਹਿਮ ਜ਼ਿੰਮੇਵਾਰੀ ਮਿਲ ਸਕਦੀ ਹੈ। ਇਸ ਇੰਟਰਵਿਊ 'ਚ ਮਸਕ ਅਤੇ ਟਰੰਪ ਵਿਚਾਲੇ ਗੈਰ-ਕਾਨੂੰਨੀ ਪ੍ਰਵਾਸੀਆਂ, ਤੀਜਾ ਵਿਸ਼ਵ ਯੁੱਧ, ਟਰੰਪ 'ਤੇ ਹਮਲੇ ਆਦਿ ਮੁੱਦਿਆਂ 'ਤੇ ਚਰਚਾ ਹੋਈ।

ਦਰਅਸਲ ਇੰਟਰਵਿਊ ਦੌਰਾਨ ਐਲੋਨ ਮਸਕ ਨੇ ਕਿਹਾ ਕਿ 'ਮੈਂ ਚਾਹੁੰਦਾ ਹਾਂ ਕਿ ਸਰਕਾਰੀ ਖਰਚਿਆਂ ਦੇ ਪ੍ਰਬੰਧਨ ਵਿਚ ਸਰਕਾਰ ਦੀ ਮਦਦ ਕਰਾਂ। ਮੈਨੂੰ ਲੱਗਦਾ ਹੈ ਕਿ ਸਰਕਾਰ ਨੂੰ ਇੱਕ ਕਮਿਸ਼ਨ ਬਣਾਉਣਾ ਚਾਹੀਦਾ ਹੈ, ਜੋ ਟੈਕਸਦਾਤਾਵਾਂ ਦੇ ਪੈਸੇ ਦੇ ਸਹੀ ਖਰਚੇ ਦਾ ਧਿਆਨ ਰੱਖੇ। ਮੈਨੂੰ ਅਜਿਹੇ ਕਮਿਸ਼ਨ ਦੀ ਸਹਾਇਤਾ ਕਰਨ ਵਿਚ ਬਹੁਤ ਖੁਸ਼ੀ ਹੋਵੇਗੀ। ਮਸਕ ਦੇ ਬਿਆਨ 'ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ 'ਉਹ ਇਸ ਪ੍ਰਸਤਾਵ 'ਤੇ ਵਿਚਾਰ ਕਰਕੇ ਖੁਸ਼ ਹੋਣਗੇ।' ਇਸ ਚਰਚਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਚਰਚਾ ਸ਼ੁਰੂ ਹੋ ਗਈ ਕਿ ਜੇਕਰ ਟਰੰਪ ਸੱਤਾ 'ਚ ਆਉਂਦੇ ਹਨ ਤਾਂ ਉਨ੍ਹਾਂ ਦੀ ਸਰਕਾਰ 'ਚ ਐਲੋਨ ਮਸਕ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।


PINNU BRAR


MANINDER MAAN


NAVI GILL


HARDEEP BINNING


DALBIR RAI





JASWANT DHILLON


BAL K SINDAL


SANDEEP DEOL


MANDEEP KAUR


KEERAT TAKHAR


SUKHI JHUTTY


SITAL GORAYA


BAKHSHO VISLA


SHIVPREET BIHALA


NEETU HUNDAL


RAJINDER KAUR
( OWNER MEHFIL )

*Space sponsored by*

**Gurjatinder S. Randhawa**
(REALTOR) CA DRE licence # 01490567

**916-320-9444**

# ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸਿਹਤ ਕਵਰੇਜ ਦੇਣ ਦਾ ਮੁੱਦਾ: ਬਾਇਡਨ ਦੇ ਫ਼ੈਸਲੇ ਵਿਰੁੱਧ 15 ਰਾਜਾਂ ਵੱਲੋਂ ਮੁਕੱਦਮਾ ਦਾਇਰ

ਵਾਸ਼ਿੰਗਟਨ (ਰਾਜ ਗੋਗਨਾ/ ਪੰਜਾਬ ਮੇਲ)- 'ਗੈਰਕਾਨੂੰਨੀ ਇਮੀਗ੍ਰੇਸ਼ਨ' ਅਮਰੀਕਾ ਦੀ ਸਭ ਤੋਂ ਵੱਡੀ ਸਮੱਸਿਆ ਹੈ ਅਤੇ ਇਹ ਸਮੱਸਿਆ ਵੱਧਦੀ ਹੀ ਜਾ ਰਹੀ ਹੈ। ਟਰੰਪ ਅਤੇ ਉਨ੍ਹਾਂ ਦੀ ਪਾਰਟੀ ਇਸ ਮੁੱਦੇ 'ਤੇ ਰਾਸਟਰਪਤੀ ਜੋਅ ਬਾਇਡਨ ਅਤੇ ਉਪ-ਰਾਸ਼ਟਰਪਤੀ ਕਮਲਾ ਹੈਰਿਸ 'ਤੇ ਹਮਲਾ ਕਰ ਰਹੀ ਹੈ। ਵਰਤਮਾਨ ਵਿਚ ਅਮਰੀਕਾ ਦੇ 15 ਰਾਜਾਂ ਨੇ ਬਾਇਡਨ ਦੇ ਉਸ ਫ਼ੈਸਲੇ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿਚ ਬਾਇਡਨ ਪ੍ਰਸ਼ਾਸਨ ਨੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸਿਹਤ ਕਵਰੇਜ ਦੀ ਸਹੂਲਤ ਦੇਣ ਦੀ ਆਗਿਆ ਦਿੱਤੀ ਸੀ।



ਅਮਰੀਕਾ ਵਿਚ ਇਮੀਗ੍ਰੇਸ਼ਨ ਦੀ ਸਮੱਸਿਆ ਇਸ ਸਾਲ ਹੋਣ ਵਾਲੀਆਂ ਚੋਣਾਂ ਵਿਚ ਇਹ ਇੱਕ ਅਹਿਮ ਅਤੇ ਵੱਡਾ ਮੁੱਦਾ ਬਣੀ ਹੋਈ ਹੈ। ਅਮਰੀਕਾ ਵਿਚ ਚੋਣਾਂ ਇਸ ਸਾਲ 5 ਨਵੰਬਰ ਨੂੰ ਹੋਣੀਆਂ ਹਨ ਅਤੇ ਬਾਇਡਨ ਪ੍ਰਸ਼ਾਸਨ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਿਹਤ ਸਬੰਧੀ ਵੱਡਾ ਲਾਭ ਦੇਣ ਜਾ ਰਿਹਾ ਹੈ, ਜਿਸ ਵਿਚ ਇਸ ਫ਼ੈਸਲੇ ਖ਼ਿਲਾਫ਼ ਟਰੰਪ ਦੀ ਰਿਪਬਲਿਕਨ ਪਾਰਟੀ ਵੱਲੋਂ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਗਿਆ ਹੈ। ਗੈਰ-ਕਾਨੂੰਨੀ ਇਮੀਗ੍ਰੇਸ਼ਨ ਤੋਂ ਨਾਰਾਜ਼ ਅਮਰੀਕੀਆਂ ਦੀ ਵੱਡੀ ਗਿਣਤੀ ਹੈ ਅਤੇ ਇਸੇ ਕਰਕੇ ਸਰਕਾਰ 'ਤੇ ਇਸ ਨੂੰ ਕਾਬੂ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਹਾਲਾਂਕਿ ਵਰਤਮਾਨ ਵਿਚ ਅਮਰੀਕਾ ਦੇ 15 ਰਾਜਾਂ ਨੇ ਪ੍ਰਵਾਸੀਆਂ ਨੂੰ ਕਾਨੂੰਨੀ ਤੌਰ 'ਤੇ ਸਿਹਤ ਕਵਰੇਜ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਰਾਸਟਰਪਤੀ ਬਾਇਡਨ ਦੀ ਕੋਸ਼ਿਸ਼ ਨੂੰ ਰੋਕਣ ਲਈ ਇਹ ਮੁਕੱਦਮਾ ਕੀਤਾ ਹੈ।

ਬਾਇਡਨ ਪ੍ਰਸ਼ਾਸਨ ਇਹ ਨਿਯਮ ਪੇਸ਼ ਕਰਨ ਜਾ ਰਿਹਾ ਹੈ, ਜੋ ਅਗਲੇ ਸਾਲ ਫੈਡਰਲ ਅਫੋਰਡੇਬਲ ਕੇਅਰ ਐਕਟ ਸਿਹਤ ਬੀਮਾ ਪ੍ਰਾਪਤ ਕਰਨ ਲਈ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਆਏ 100,000 ਪ੍ਰਵਾਸੀਆਂ ਨੂੰ ਲਾਭ ਦੇਵੇਗਾ। ਹਾਲਾਂਕਿ ਨਿਯਮ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ 15 ਰਾਜਾਂ ਨੇ ਬਾਇਡਨ ਪ੍ਰਸ਼ਾਸਨ ਵਿਰੁੱਧ ਸੰਘੀ ਮੁਕੱਦਮਾ ਦਾਇਰ ਕੀਤਾ ਹੈ। ਰਿਪਬਲਿਕਨ 1 ਨਵੰਬਰ ਤੋਂ ਨਿਯਮ ਨੂੰ ਲਾਗੂ ਹੋਣ ਤੋਂ ਰੋਕਣਾ ਚਾਹੁੰਦੇ ਹਨ ਅਤੇ ਕਵਰੇਜ ਲਈ ਸਾਈਨ ਅੱਪ ਕਰਨ 'ਤੇ "ਡ੍ਰੀਮਰਸ" ਵਜੋਂ ਜਾਣੇ ਜਾਂਦੇ ਲੋਕਾਂ ਨੂੰ ਟੈਕਸ ਬਰੇਕਾਂ ਤੱਕ ਪਹੁੰਚ ਪ੍ਰਦਾਨ ਕਰਨਾ ਚਾਹੁੰਦੇ ਹਨ। ਅਮਰੀਕੀ ਰਾਸ਼ਟਰਪਤੀ ਚੋਣਾਂ ਇਸ ਸਾਲ 5 ਨਵੰਬਰ ਨੂੰ ਹੋਣੀਆਂ ਹਨ ਅਤੇ ਇਸ ਤੋਂ ਚਾਰ ਦਿਨ ਪਹਿਲਾਂ ਕਿਫਾਇਤੀ ਕੇਅਰ ਐਕਟ ਮਾਰਕੀਟਪਲੇਸ ਨਾਮਾਂਕਣ ਖੁੱਲ੍ਹਦਾ ਹੈ। ਰਾਜਾਂ ਨੇ ਉੱਤਰੀ ਡਕੋਟਾ ਵਿਚ ਮੁਕੱਦਮਾ ਦਾਇਰ ਕੀਤਾ। ਉੱਤਰੀ ਡਕੋਟਾ ਵੀ ਉਨ੍ਹਾਂ ਰਾਜਾਂ ਵਿਚੋਂ ਇੱਕ ਹੈ, ਜੋ ਨਿਯਮ ਨੂੰ ਲਾਗੂ ਹੋਣ ਤੋਂ ਰੋਕਣਾ ਚਾਹੁੰਦੇ ਹਨ।

ਸਾਰੇ ਰਾਜਾਂ ਵਿਚ ਰਿਪਬਲਿਕਨ ਅਟਾਰਨੀ ਜਨਰਲ ਹੁੰਦੇ ਹਨ, ਜੋ ਲੋਕਤੰਤਰੀ ਨੀਤੀ ਦੇ ਟੀਚਿਆਂ ਨੂੰ ਅੱਗੇ ਵਧਾਉਣ ਵਿਚ ਸਹਾਇਕ ਹੁੰਦੇ ਹਨ। ਮੌਜੂਦਾ ਵਿਰੋਧ ਬਾਇਡਨ ਪ੍ਰਸ਼ਾਸਨ ਦੇ ਨਿਯਮਾਂ ਨੂੰ ਅਸਫਲ ਕਰਨ ਲਈ ਜੀ.ਓ.ਪੀ. ਇੱਕ ਕੋਸ਼ਿਸ਼ ਦਾ ਹਿੱਸਾ ਹਨ। ਇਹ ਦਲੀਲ ਦਿੱਤੀ ਗਈ ਹੈ ਕਿ ਇਹ ਨਿਯਮ 1996 ਦੇ ਭਲਾਈ ਸੁਧਾਰ ਕਾਨੂੰਨ ਦੀ ਉਲੰਘਣਾ ਕਰਦਾ ਹੈ ਅਤੇ ਏ.ਸੀ.ਏ. ਨੇ ਇਹ ਵੀ ਕਿਹਾ ਹੈ ਕਿ ਇਹ ਹੋਰ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਲਈ ਉਤਸ਼ਾਹਿਤ ਕਰੇਗਾ। ਨਾਲ ਹੀ ਰਾਜਾਂ ਅਤੇ ਉਨ੍ਹਾਂ ਦੇ ਪਬਲਿਕ ਸਕੂਲ ਪ੍ਰਣਾਲੀਆਂ 'ਤੇ ਬੋਝ ਪਾਵੇਗਾ। ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਸਿੱਟਾ ਕੱਢਿਆ ਹੈ ਕਿ ਪ੍ਰਵਾਸੀਆਂ ਨੇ ਦੇਸ਼ ਦੀ ਆਰਥਿਕਤਾ ਨੂੰ ਬਹੁਤ ਲਾਭ ਪਹੁੰਚਾਇਆ ਹੈ ਅਤੇ ਪੋਸਟ-

# ਜੇਕਰ ਟਰੰਪ ਸੱਤਾ 'ਚ ਆਏ ਤਾਂ ਅਮਰੀਕਾ 'ਚ ਕੰਮ ਕਰਨ ਵਾਲੇ ਲੋਕ ਨਹੀਂ ਹੋਣਗੇ

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-ਭਾਵੇਂ ਅਮਰੀਕਾ ਵਿਚ ਨੌਕਰੀਆਂ ਦਾ ਸੰਕਟ ਚੱਲ ਰਿਹਾ ਹੈ ਪਰ ਜੇਕਰ ਟਰੰਪ ਚੋਣ ਜਿੱਤ ਜਾਂਦੇ ਹਨ, ਤਾਂ ਸਥਿੱਤੀ ਬਦਲ ਸਕਦੀ ਹੈ। ਅਮਰੀਕਾ ਵਿਚ ਇਸ ਵੇਲੇ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਲੋਕ ਨੌਕਰੀਆਂ ਲੱਭਣ ਲਈ ਸੰਘਰਸ਼ ਕਰ ਰਹੇ ਹਨ ਪਰ ਜੇਕਰ ਡੋਨਾਲਡ ਟਰੰਪ ਰਾਸ਼ਟਰਪਤੀ ਬਣ ਜਾਂਦੇ ਹਨ, ਤਾਂ ਇਹ ਸਥਿਤੀ ਉਲਟ ਹੋ ਸਕਦੀ ਹੈ। ਟਰੰਪ ਸੱਤਾ ਵਿਚ ਆਉਣ 'ਤੇ ਜਲਦੀ ਤੋਂ ਜਲਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ। ਚੋਣਾਂ ਦੌਰਾਨ ਇਹ ਬਹੁਤ ਚਰਚਾ ਵਿਚ ਹੈ। ਜੇਕਰ ਸਮੂਹਿਕ ਦੇਸ਼ ਨਿਕਾਲੇ ਦੀ ਇਹ ਪ੍ਰਣਾਲੀ ਲਾਗੂ ਹੋ ਜਾਂਦੀ ਹੈ, ਤਾਂ ਇਸ ਨਾਲ ਅਮਰੀਕਾ ਵਿਚ ਮਜ਼ਦੂਰਾਂ ਦੀ ਘਾਟ ਪੈਦਾ ਹੋਣ ਦੀ ਬਹੁਤ ਸੰਭਾਵਨਾ ਹੈ। ਇੱਥੇ ਲੱਖਾਂ ਗੈਰ-ਦਸਤਾਵੇਜ਼ੀ ਪ੍ਰਵਾਸੀ ਅਮਰੀਕਾ ਵਿਚ ਖੇਤੀਬਾੜੀ ਤੋਂ ਲੈ ਕੇ ਉਸਾਰੀ ਤੱਕ ਕਈ ਖੇਤਰਾਂ ਵਿਚ ਕੰਮ ਕਰਦੇ ਹਨ। ਸੁਵਿਧਾ ਸਟੋਰਾਂ, ਮੋਟਲਾਂ ਅਤੇ ਗੈਸ ਸਟੇਸ਼ਨਾਂ ਸਮੇਤ ਕਾਰੋਬਾਰਾਂ ਵਿਚ ਕੰਮ ਕਰਨ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਗਿਣਤੀ ਵੀ ਘੱਟ ਨਹੀਂ ਹੈ। ਅਮਰੀਕਾ ਵਿਚ, ਖੇਤੀਬਾੜੀ ਸੈਕਟਰ ਵਿਚ ਲਗਭਗ ਅੱਧੇ ਕਰਮਚਾਰੀ, ਯਾਨੀ ਲਗਭਗ ਸਾਢੇ ਨੌਂ ਲੱਖ ਕਾਮੇ, ਗੈਰ-ਦਸਤਾਵੇਜ਼ਿਤ ਹਨ। ਜੇਕਰ ਡੋਨਾਲਡ ਟਰੰਪ ਇਨ੍ਹਾਂ ਸਾਰੇ ਲੋਕਾਂ ਨੂੰ ਡਿਪੋਰਟ ਕਰਨਾ ਸ਼ੁਰੂ ਕਰ ਦਿੰਦੇ ਹਨ, ਤਾਂ ਜ਼ਾਹਿਰ ਹੈ ਕਿ ਅਮਰੀਕਾ ਵਿਚ ਭਾਰੀ ਹਫੜਾ-ਦਫੜੀ ਮਚ ਸਕਦੀ ਹੈ ਅਤੇ ਇਹ ਵੀ ਸੰਭਾਵਨਾ ਹੈ ਕਿ ਅਜਿਹੇ ਵਰਕਰ ਦੇਸ਼ ਨਿਕਾਲੇ ਦੇ ਡਰੋਂ ਭੱਜ ਜਾਣਗੇ। ਵੱਡਾ ਸਵਾਲ ਇਹ ਹੈ ਕਿ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਕੀ ਹੋਵੇਗਾ, ਜੇਕਰ ਉਹ ਅਮਰੀਕਾ ਦੇ ਖੇਤਾਂ, ਉਸਾਰੀ ਸਾਈਟਾਂ ਅਤੇ ਛੋਟੇ ਕਾਰੋਬਾਰਾਂ 'ਤੇ ਕੰਮ ਕਰਨਾ ਬੰਦ ਕਰ ਦੇਣਗੇ। ਪਿਛਲੇ ਸਾਲ, ਫਲੋਰੀਡਾ ਦੇ ਰਿਪਬਲਿਕਨ ਰਾਜ ਨੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਤੇ ਸਖਤ ਪਾਬੰਦੀਆਂ ਲਗਾਈਆਂ, ਜਿਸ ਕਾਰਨ ਵੱਡੀ ਗਿਣਤੀ ਵਿਚ ਕਾਮੇ ਆਪਣੀਆਂ ਨੌਕਰੀਆਂ ਤੋਂ ਦੂਰ ਚਲੇ ਗਏ, ਬਹੁਤ ਸਾਰੇ ਖੇਤ ਲੋਕਾਂ ਨੂੰ ਕੰਮ ਕਰਨ ਤੋਂ ਬਿਨਾਂ ਛੱਡ ਦਿੱਤੇ ਗਏ ਅਤੇ ਉਸਾਰੀ ਦੀਆਂ ਥਾਵਾਂ ਰੁਕ ਗਈਆਂ। ਟਰੰਪ ਅਤੇ ਉਨ੍ਹਾਂ ਦੀ ਪਾਰਟੀ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਅਤੇ ਕੰਮ ਕਰਨ ਵਾਲੇ ਲੋਕਾਂ ਨੂੰ ਦੇਸ਼ ਨਿਕਾਲੇ ਦਿੱਤਾ ਜਾਵੇਗਾ ਅਤੇ ਅਮਰੀਕੀਆਂ ਲਈ ਨੌਕਰੀਆਂ ਪੈਦਾ ਹੋਣਗੀਆਂ, ਪਰ ਅਸਲੀਅਤ ਇਹ ਹੈ ਕਿ ਅਮਰੀਕਾ ਵਿਚ ਨੌਕਰੀਆਂ ਦੇ ਮੌਕੇ ਪੈਦਾ ਕਰਨ ਦੀ ਬਜਾਏ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਆਰਥਿਕ ਅਰਾਜਕਤਾ ਅਤੇ ਬਹੁਤ ਸਾਰੇ ਲੋਕਾਂ ਲਈ ਕਰਮਚਾਰੀਆਂ ਦੀ ਘਾਟ ਪੈਦਾ ਕਰਨਗੇ ਅਤੇ ਕਾਰੋਬਾਰ ਠੱਪ ਹੋ ਜਾਣਗੇ। ਇਨ੍ਹਾਂ ਵਿਚੋਂ ਅਮਰੀਕਾ ਦਾ ਰਾਜ ਜਿੱਥੇ ਖੇਤੀਬਾੜੀ ਅਤੇ ਡੇਅਰੀ ਉਦਯੋਗ ਵੱਡੇ ਪੱਧਰ 'ਤੇ ਹੈ, ਸਭ ਤੋਂ ਮਾੜਾ ਹੋਵੇਗਾ। ਅਮਰੀਕਾ ਵਿਚ ਕੁਝ ਖਾਸ ਕਿਸਮ ਦੇ ਰੁਜ਼ਗਾਰ ਵੀਜ਼ੇ ਉਪਲਬਧ ਨਾ ਹੋਣ ਕਾਰਨ, ਇਹ ਸੈਕਟਰ ਸਥਾਈ ਮਜ਼ਦੂਰਾਂ ਨੂੰ ਲੱਭਣ ਲਈ ਸੰਘਰਸ਼ ਕਰ ਰਹੇ ਹਨ ਅਤੇ ਜਨਤਕ ਦੇਸ਼ ਨਿਕਾਲੇ ਵਰਗੀ ਕੋਈ ਵੀ ਲਹਿਰ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਵਧਾ ਸਕਦੀ ਹੈ। ਅਮਰੀਕਾ ਦੀ ਨੈਸ਼ਨਲ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਦੀ ਰਿਪੋਰਟ ਅਨੁਸਾਰ ਇਸ ਉਦਯੋਗ ਦੇ 51 ਫੀਸਦੀ ਮਜ਼ਦੂਰ ਗੈਰ-ਦਸਤਾਵੇਜ਼ ਹਨ ਅਤੇ ਅਮਰੀਕਾ ਦਾ 80 ਫੀਸਦੀ ਦੁੱਧ ਪੈਦਾ ਕਰਨ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ ਹੈ।




ਜੇਕਰ ਉਨ੍ਹਾਂ ਨੂੰ ਅਮਰੀਕਾ ਛੱਡਣਾ ਪਿਆ, ਤਾਂ ਅਮਰੀਕਾ 'ਚ ਦੁੱਧ ਦੀ ਸਪਲਾਈ ਬੰਦ ਹੋ ਸਕਦੀ ਹੈ। ਜਿਨ੍ਹਾਂ ਰਾਜਾਂ ਵਿਚ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀ ਰਾਜ ਦੀ ਆਰਥਿਕਤਾ ਅਤੇ ਕਾਰੋਬਾਰਾਂ ਵਿਚ ਬਹੁਤ ਮਹੱਤਵਪੂਰਨ ਹਨ, ਉੱਥੇ ਅਜਿਹੀ ਸਥਿਤੀ ਹੈ, ਜਿੱਥੇ ਟਰੰਪ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹਾਰ ਸਕਦੇ ਹਨ। ਅਮਰੀਕਾ, ਕੈਲੀਫੋਰਨੀਆ ਵਿਚ ਸਭ ਤੋਂ ਵੱਡੇ ਇਲੈਕਟੋਰਲ ਕਾਲਜ ਵਾਲੇ ਰਾਜਾਂ ਵਿਚ, 75 ਪ੍ਰਤੀਸ਼ਤ ਖੇਤੀਬਾੜੀ ਕਰਮਚਾਰੀ ਗੈਰ-ਦਸਤਾਵੇਜ਼ਿਤ ਹਨ। ਕੈਲੀਫੋਰਨੀਆ ਅਤੇ ਫਲੋਰੀਡਾ ਵਰਗੇ ਰਾਜਾਂ ਵਿਚ ਭਰਪੂਰ ਫਲ ਅਤੇ ਅਨਾਜ ਦੀਆਂ ਫਸਲਾਂ ਹਨ, ਪਰ ਜੇਕਰ ਕੋਈ ਗੈਰ-ਦਸਤਾਵੇਜ਼ ਕਰਮਚਾਰੀ ਨਹੀਂ ਹਨ।



# ਅਮਰੀਕਾ ਦੇ ਸੀਨੀਅਰ ਨਾਗਰਿਕਾਂ ਤੋਂ ਸੋਨਾ ਹੜੱਪਣ ਦੇ ਘੁਟਾਲੇ 'ਚ ਭਾਰਤੀ-ਗੁਜਰਾਤੀ ਗ੍ਰਿਫ਼ਤਾਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਜਿਵੇਂ ਅਮਰੀਕਾ ਵਿਚ ਚੱਲ ਰਹੇ ਬੇਨੰਬਰੀ ਧੰਦਿਆਂ ਵਿਚ ਗੁਜਰਾਤੀਆਂ ਦੀ ਸ਼ਮੂਲੀਅਤ ਵਧਦੀ ਜਾ ਰਹੀ ਹੈ, ਉੱਥੇ ਹੀ ਹਰ ਰੋਜ਼ ਕੋਈ ਨਾ ਕੋਈ ਗੁਜਰਾਤੀ ਪੁਲਿਸ ਵੱਲੋਂ ਫੜਿਆ ਜਾ ਰਿਹਾ ਹੈ। ਉਨ੍ਹਾਂ ਵਿਚੋਂ ਕੋਈ ਨਾ ਕੋਈ ਗੁਜਰਾਤੀ ਸੋਨੇ ਦੇ ਘੁਟਾਲੇ ਵਿਚ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ ਅਤੇ ਦੇਸ਼ ਨਿਕਾਲੇ ਦੀ ਤਲਵਾਰ ਉਨ੍ਹਾਂ ਦੇ ਸਿਰ 'ਤੇ ਲਟਕ ਰਹੀ ਹੈ। ਅਜਿਹੇ ਹੀ ਇੱਕ ਮਾਮਲੇ ਵਿਚ ਮਿੰਟਗੁਮਰੀ ਕਾਉਂਟੀ ਪੁਲਿਸ ਵਿਭਾਗ ਨੇ ਕੈਰੋਲ ਸਟ੍ਰੀਮ, ਇਲੀਨੋਇਸ (ਅਮਰੀਕਾ) ਦੇ ਰਹਿਣ ਵਾਲੇ ਨੀਲ ਪਟੇਲ ਨਾਮੀਂ 23 ਸਾਲਾ ਗੁਜਰਾਤੀ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ।

23 ਸਾਲ ਦੀ ਉਮਰ 'ਚ ਵੱਡਾ ਘਪਲਾ ਕਰਨ ਵਾਲੇ ਨੀਲ ਪਟੇਲ 'ਤੇ ਦੋਸ਼ ਹੈ ਕਿ ਉਹ ਫਰਜ਼ੀ ਐੱਫ.ਬੀ.ਆਈ. ਦਾ ਸਰਕਾਰੀ ਅਧਿਕਾਰੀ ਦੱਸ ਕੇ ਸੀਨੀਅਰ ਨਾਗਰਿਕਾਂ ਤੋਂ ਸੋਨਾ ਹੜੱਪਣ ਦੇ ਘੁਟਾਲੇ 'ਚ ਸ਼ਾਮਲ ਸੀ। ਇਸ ਕੇਸ ਵਿਚ ਨੀਲ ਪਟੇਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਬਾਰੇ ਪੀੜਤ ਨੇ ਮਾਰਚ 2024 ਨੂੰ ਪੁਲਿਸ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਉਸ ਨਾਲ 7 ਲੱਖ 89 ਹਜ਼ਾਰ ਡਾਲਰ ਦੀ ਧੋਖਾਧੜੀ ਕੀਤੀ ਗਈ ਹੈ। ਪੀੜਤ ਅਨੁਸਾਰ ਉਸ ਨੂੰ ਕਿਸੇ ਅਣਪਛਾਤੇ ਵਿਅਕਤੀ ਦਾ ਫ਼ੋਨ ਆਇਆ, ਜਿਸ ਨੇ ਆਪਣੀ ਪਛਾਣ ਫੈਡਰਲ ਟਰੇਡ ਕਮਿਸ਼ਨ ਦੇ ਇੰਸਪੈਕਟਰ ਜਨਰਲ ਦੇ ਵਜੋਂ ਦੱਸੀ। ਫੋਨ ਕਾਲ ਕਰਨ ਵਾਲੇ ਨੇ ਪੀੜਤ ਨੂੰ ਦੱਸਿਆ ਕਿ ਉਸ ਦੀ ਪਛਾਣ ਚੋਰੀ ਹੋ ਗਈ ਸੀ ਅਤੇ ਅਪਰਾਧਿਕ ਗਤੀਵਿਧੀ ਕੀਤੀ ਗਈ ਸੀ, ਜਿਸ ਨਾਲ ਫੈਡਰਲ ਸਰਕਾਰ ਨੇ ਉਸ ਖ਼ਿਲਾਫ਼ ਡਰੱਗ ਅਤੇ ਮਨੀ ਲਾਂਡਰਿੰਗ ਦੀ ਜਾਂਚ ਸ਼ੁਰੂ ਕੀਤੀ ਸੀ।

ਪੀੜਤ ਨੂੰ ਡਰਾਉਣ ਧਮਕਾਉਣ ਤੋਂ ਬਾਅਦ, ਫੋਨ ਕਰਨ ਵਾਲੇ ਨੇ ਉਸ ਨੂੰ ਸਲਾਹ ਦਿੱਤੀ ਕਿ ਉਸ ਦਾ ਬੈਂਕ ਖਾਤਾ ਹੁਣ ਸੁਰੱਖਿਅਤ ਨਹੀਂ ਹੈ। ਉਹ ਸਾਰੇ ਪੈਸੇ ਕਢਵਾ ਲਵੇ ਅਤੇ ਇਸ ਨੂੰ ਸੋਨੇ ਵਿਚ ਬਦਲ ਦੇਵੇ ਅਤੇ ਐੱਫ.ਬੀ.ਆਈ. ਏਜੰਟ ਉਸਦੇ ਘਰੋਂ ਸੋਨਾ ਇਕੱਠਾ ਕਰਕੇ ਸੁਰੱਖਿਅਤ ਹਿਰਾਸਤ ਵਿਚ ਰੱਖੇਗਾ। ਫੈਡਰਲ ਸਰਕਾਰ ਕੇਸ ਖ਼ਤਮ ਹੁੰਦੇ ਹੀ ਇਹ ਸੋਨਾ ਉਸ ਨੂੰ ਵਾਪਸ ਕਰ ਦੇਵੇਗੀ। ਫਰਜ਼ੀ ਕਾਲਰ ਅਨੁਸਾਰ ਬਜ਼ੁਰਗ ਵਿਅਕਤੀ ਨੇ ਆਪਣੇ ਬੈਂਕ ਖਾਤੇ ਵਿਚੋਂ ਪੈਸੇ ਕਢਵਾਏ ਸਨ ਅਤੇ ਆਨਲਾਈਨ ਸੋਨਾ ਖਰੀਦਿਆ ਸੀ, ਜੋ ਕਿ ਇੱਕ ਫਰਜ਼ੀ ਐੱਫ.ਬੀ.ਆਈ. ਏਜੰਟ ਨੇ ਵੱਖ-ਵੱਖ ਦਿਨਾਂ ਵਿਚ ਕੋਰੀਅਰ ਰਾਹੀਂ ਘਰ ਪਹੁੰਚਣ ਤੋਂ ਬਾਅਦ ਇਕੱਠਾ ਕੀਤਾ ਸੀ।

ਬਜ਼ੁਰਗ ਵਿਅਕਤੀ ਨੇ ਪਹਿਲਾਂ 3 ਲੱਖ 31 ਹਜਾਰ ਡਾਲਰ ਦੇ ਮੁੱਲ ਦਾ ਸੋਨਾ ਉਸ ਦੇ ਘਰ ਆਏ ਫਰਜ਼ੀ ਐੱਫ.ਬੀ.ਆਈ. ਏਜੰਟ ਨੂੰ ਸੌਂਪਿਆ, ਜੋ ਕਿ ਕੋਈ ਹੋਰ ਨਹੀਂ ਸੀ ਸਗੋਂ ਉਹ ਭਾਰਤੀ-ਗੁਜਰਾਤੀ ਨੌਜਵਾਨ ਨੀਲ ਪਟੇਲ ਸੀ। ਜਦਕਿ ਦੂਜੀ ਵਾਰ ਵੇਨਹੂਈ ਸਨ ਨਾਂ ਦਾ ਇਕ ਚੀਨੀ ਮੁੰਡਾ ਪੀੜਤ ਤੋਂ ਸੋਨਾ ਲੈਣ ਗਿਆ ਸੀ, ਜਿਸ ਨੂੰ ਨਜ਼ਰ ਰੱਖੀ ਬੈਠੀ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਅਨੁਸਾਰ ਨੀਲ ਪਟੇਲ ਨੂੰ 23 ਜੁਲਾਈ, 2024 ਨੂੰ ਸ਼ਿਕਾਗੋ ਦੇ ਓ'ਹਾਰੇ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਡਬਲਿਨ, ਆਇਰਲੈਂਡ ਲਈ ਉਡਾਣ ਫੜਨ ਲਈ ਸ਼ਿਕਾਗੋ ਦੇ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। 6 ਅਗਸਤ ਨੂੰ ਉਸ ਨੂੰ ਮੈਰੀਲੈਂਡ ਦੀ ਪੁਲਿਸ ਦੇ ਹਵਾਲੇ ਕੀਤਾ ਗਿਆ। ਨੀਲ ਪਟੇਲ ਜੋ ਇਸ ਸਮੇਂ ਮਿੰਟਗੁਮਰੀ ਕਾਉਂਟੀ ਜੇਲ੍ਹ ਵਿਚ ਬੰਦ ਹੈ ਅਤੇ ਅਜੇ ਤੱਕ ਉਸ ਨੂੰ ਬਾਂਡ 'ਤੇ ਨਹੀਂ ਰੱਖਿਆ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਯੂਟਿਊਬ ਦੀ ਸਾਬਕਾ ਸੀ.ਈ.ਓ. ਸੂਜ਼ਨ ਵੋਜਸਿਚ ਦਾ ਦਿਹਾਂਤ

### -ਕੈਂਸਰ ਦੀ ਬਿਮਾਰੀ ਨਾਲ ਸੀ ਪੀੜਤ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਸਾਬਕਾ ਯੂਟਿਊਬ ਦੀ ਸੀ.ਈ.ਓ. ਸੂਜ਼ਨ ਵੋਜਿਕੀ ਦਾ ਦਿਹਾਂਤ ਹੋ ਗਿਆ। ਉਹ 56 ਸਾਲ ਦੀ ਸੀ। ਸੂਜ਼ਨ ਵਿਜਿਕੀ ਦੀ ਮੌਤ ਦੀ ਖਬਰ ਦੀ ਪੁਸ਼ਟੀ ਉਸ ਦੇ ਪਤੀ ਡੇਨਿਸ ਟ੍ਰੌਪਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕੀਤੀ।

ਉਸ ਦਾ ਪਤੀ ਡੇਨਿਸ ਟਰੌਪਰ ਬਹੁਤ ਭਾਵੁਕ ਸੀ ਕਿਉਂਕਿ ਉਸ ਦੀ ਪਤਨੀ ਸੂਜ਼ਨ ਪਿਛਲੇ ਦੋ ਸਾਲਾਂ ਤੋਂ ਫੇਫੜਿਆਂ ਦੇ ਕੈਂਸਰ ਨਾਲ ਲੜ ਰਹੀ ਸੀ। ਜਿਸ ਦਾ ਦਿਹਾਂਤ ਹੋ ਗਿਆ। ਸੂਜ਼ਨ ਨੇ 2014 ਤੋਂ 2023 ਤੱਕ ਯੂਟਿਊਬ ਦੀ ਸੀ.ਈ.ਓ. ਵਜੋਂ ਕੰਮ ਕੀਤਾ ਸੀ। ਇਸ ਤੋਂ ਪਹਿਲਾਂ ਉਹ ਗੂਗਲ 'ਚ ਕੰਮ ਕਰਦੀ ਸੀ। ਇਸ ਸੰਦਰਭ 'ਚ ਗੂਗਲ ਦੇ ਭਾਰਤੀ ਮੂਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਸੂਜ਼ਨ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਅਤੇ ਕਿਹਾ ਕਿ ਉਹ ਇੱਕ ਸ਼ਾਨਦਾਰ ਮਿਹਨਤੀ ਔਰਤ ਸੀ। ਉਸਦੇ ਬਿਨਾਂ ਇਸ ਸੰਸਾਰ ਦੀ ਕਲਪਨਾ ਕਰਨਾ ਔਖਾ ਹੈ। ਇਸ ਦੌਰਾਨ, ਸੂਜ਼ਨ ਨੇ ਗੂਗਲ ਵਿਚ ਇੱਕ ਪ੍ਰਮੁੱਖ ਵਿਅਕਤੀ ਵਜੋਂ ਕੰਮ ਕੀਤਾ। ਸੁੰਦਰ ਪਿਚਾਈ ਨੇ ਖੁਲਾਸਾ ਕੀਤਾ ਕਿ ਸੂਜ਼ਨ ਨੇ ਇੰਟਰਨੈੱਟ ਬਣਾਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਸੀ।

# ਅਮਰੀਕਾ 'ਚ ਧੋਖਾਧੜੀ ਦੀਆਂ ਘਟਨਾਵਾਂ ਨੂੰ ਲੈ ਕੇ ਭਾਰਤੀ ਦੂਤਘਰ ਵੱਲੋਂ ਐਡਵਾਈਜ਼ਰੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਭਾਰਤੀ ਲੋਕਾਂ ਤੋਂ ਦੂਤਘਰ ਸੇਵਾਵਾਂ ਅਤੇ ਹੋਰ ਧੋਖਾਧੜੀ ਵਾਲੀਆਂ ਗਤੀਵਿਧੀਆਂ ਲਈ ਜ਼ਿਆਦਾ ਪੈਸੇ ਵਸੂਲਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆ ਰਹੀਆਂ ਹਨ। ਅਜਿਹੇ 'ਚ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਨੇ ਅਜਿਹੇ ਬੇਈਮਾਨ ਏਜੰਟਾਂ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਨਾਲ ਹੀ ਪ੍ਰਵਾਸੀ ਭਾਰਤੀਆਂ ਲਈ ਵੀਜ਼ਾ, ਪਾਸਪੋਰਟ ਅਤੇ ਹੋਰ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ ਚੁੱਕੇ ਗਏ ਉਪਾਵਾਂ ਬਾਰੇ ਵੀ ਚਾਨਣਾ ਪਾਇਆ।

ਨਿਊਯਾਰਕ 'ਚ ਭਾਰਤ ਦੇ ਕੌਂਸਲ ਜਨਰਲ ਬਿਨੈ ਸ੍ਰੀਕਾਂਤ ਪ੍ਰਧਾਨ ਨੇ ਕਿਹਾ ਕਿ ਕੌਂਸਲੇਟ ਦੇ ਧਿਆਨ ਵਿਚ ਅਜਿਹੇ ਕਈ ਮਾਮਲੇ ਆਏ ਹਨ, ਜਿੱਥੇ ਵੱਖ-ਵੱਖ ਟ੍ਰੈਵਲ ਏਜੰਟ ਲੋਕਾਂ ਦੇ ਭਰੋਸੇ ਦਾ ਫ਼ਾਇਦਾ ਉਠਾ ਰਹੇ ਹਨ। ਇਹ ਏਜੰਟ ਮਦਦ ਕਰਨ ਦੇ ਨਾਂ 'ਤੇ ਲੋਕਾਂ ਤੋਂ ਵੱਧ ਪੈਸੇ ਵਸੂਲ ਰਹੇ ਹਨ। ਅਜਿਹੇ ਬੇਈਮਾਨ ਤੱਤ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓ.ਸੀ.ਆਈ.), ਵੀਜ਼ਾ, ਪਾਸਪੋਰਟ ਅਤੇ ਐਮਰਜੈਂਸੀ ਸਰਟੀਫਿਕੇਟ ਵਰਗੀਆਂ ਦੂਤਘਗਰ ਸੇਵਾਵਾਂ 'ਚ ਮਦਦ ਕਰਨ ਲਈ ਬਿਨੈਕਾਰਾਂ ਤੋਂ ਜ਼ਿਆਦਾ ਪੈਸੇ ਵਸੂਲ ਰਹੇ ਹਨ। ਇੱਕ ਉਦਾਹਰਣ ਦਿੰਦੇ ਹੋਏ, ਬਿਨੈ ਪ੍ਰਧਾਨ ਨੇ ਕਿਹਾ ਕਿ ਟਰੈਵਲ ਏਜੰਟਾਂ ਨੇ ਭਾਰਤ ਦੀ ਯਾਤਰਾ ਲਈ ਐਮਰਜੈਂਸੀ ਸਰਟੀਫਿਕੇਟ ਪ੍ਰਦਾਨ ਕਰਨ ਲਈ 450 ਅਮਰੀਕੀ ਡਾਲਰ ਤੱਕ ਦਾ ਖਰਚਾ ਲਿਆ ਹੈ, ਜਦੋਂਕਿ ਇਹ ਕੰਮ ਸਿਰਫ 17 ਅਮਰੀਕੀ ਡਾਲਰ ਵਿਚ ਕੀਤਾ ਜਾ ਸਕਦਾ ਹੈ।

ਕੌਂਸਲੇਟ ਨੇ ਕਿਹਾ ਕਿ ਇਹ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ, ਜਿੱਥੇ ਏਜੰਟ ਬਿਨੈਕਾਰਾਂ ਦੀ ਜਾਣਕਾਰੀ ਤੋਂ ਬਿਨਾਂ ਉਨ੍ਹਾਂ ਤਰਫੋਂ ਅਕਸਰ ਜਾਅਲੀ ਦਸਤਾਵੇਜ਼ ਪੇਸ਼ ਕਰਦੇ ਹਨ। ਇਹ ਨਾ ਸਿਰਫ਼ ਬੇਲੋੜੀ ਦੇਰੀ ਦਾ ਕਾਰਨ ਬਣਦਾ ਹੈ, ਬਲਕਿ ਇਹ ਨਿਰਧਾਰਤ ਭਾਰਤੀ ਨਿਯਮਾਂ ਦੀ ਉਲੰਘਣਾ ਵੀ ਕਰਦਾ ਹੈ ਅਤੇ ਬਿਨੈਕਾਰਾਂ ਨੂੰ ਕਾਨੂੰਨੀ ਮੁਸੀਬਤ ਵਿਚ ਪਾਉਂਦਾ ਹੈ।

ਅਧਿਕਾਰੀ ਨੇ ਕਿਹਾ ਕਿ ਏਜੰਟ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਉਨ੍ਹਾਂ ਦਾ ਦੂਤਘਰ ਨਾਲ ਕੋਈ ਸਬੰਧ ਹੈ, ਜਦਕਿ ਅਜਿਹਾ ਨਹੀਂ ਹੈ। ਇਹ ਏਜੰਟ ਸਾਡੇ ਭਾਈਚਾਰੇ ਦੇ ਲੋਕਾਂ ਨੂੰ ਝੂਠੇ ਦਸਤਾਵੇਜ਼ ਅਤੇ ਜਾਅਲੀ ਸਰਟੀਫਿਕੇਟ ਦੇ ਕੇ ਮੁਸੀਬਤ ਵਿਚ ਪਾ ਦਿੰਦੇ ਹਨ। ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਉਹ ਭਾਰਤੀ ਨਾਗਰਿਕ ਹੈ, ਅਮਰੀਕੀ ਨਾਗਰਿਕ ਹੈ ਜਾਂ ਭਾਰਤੀ-ਅਮਰੀਕੀ ਹੈ, ਉਸ ਨੂੰ ਕਿਸੇ ਏਜੰਟ ਰਾਹੀਂ ਸਾਡੇ ਕੋਲ ਆਉਣ ਦੀ ਲੋੜ ਨਹੀਂ ਹੈ। ਸਾਡੇ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਤੁਸੀਂ ਸਿੱਧੇ ਸਾਡੇ ਕੋਲ ਕੌਂਸਲੇਟ ਵਿਚ ਆ ਸਕਦੇ ਹੋ। ਕਿਸੇ ਏਜੰਟ ਦੀ ਮਦਦ ਲੈਣ ਦੀ ਲੋੜ ਨਹੀਂ ਹੈ। ਪ੍ਰਧਾਨ ਨੇ ਕਿਹਾ ਕਿ ਕੌਂਸਲੇਟ ਦੇ ਧਿਆਨ ਵਿਚ ਇਹ ਵੀ ਲਿਆਂਦਾ ਗਿਆ ਹੈ ਕਿ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਦਾ ਦਾਅਵਾ ਕਰਨ ਵਾਲੀਆਂ ਕਈ ਫਰਜ਼ੀ ਈ-ਵੀਜ਼ਾ ਵੈੱਬਸਾਈਟਾਂ ਇੰਟਰਨੈੱਟ 'ਤੇ ਸਰਗਰਮ ਹਨ। ਬਿਨੈਕਾਰਾਂ ਨੂੰ ਗੁੰਮਰਾਹ ਕਰਨ ਲਈ, ਇਨ੍ਹਾਂ ਵਿਚੋਂ ਕੁਝ ਵੈਬਸਾਈਟਾਂ ਨੇ ਭਾਰਤ ਸਰਕਾਰ ਦੀਆਂ ਵੈਬਸਾਈਟਾਂ ਦੀ ਨਕਲ ਕਰਦੇ ਹੋਏ ਚਿੱਤਰ ਅਤੇ ਹੋਮ ਪੇਜ ਬਣਾਏ ਹਨ।

Global Allianz
LAW FIRM LLP
ਕਾਨੂੰਨੀ ਸਲਾਹਾਂ
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕਨੈਕਟੀਕਟ ਸਟੇਟ ਦੀ ਜਨਰਲ ਅਸੈਂਬਲੀ ਗੱਤਕਾ ਖੇਡ ਨੂੰ ਦੇਸੀ ਖੇਡ ਵਜੋਂ ਮਾਨਤਾ ਦੇਣ ਵਾਲੀ ਪਹਿਲੀ ਸਟੇਟ ਜਨਰਲ ਅਸੈਂਬਲੀ ਬਣੀ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਵੱਸਦੀ ਉੱਘੀ ਸਿੱਖ ਸ਼ਖਸੀਅਤ ਡਾ: ਦੀਪ ਸਿੰਘ ਵਲੋਂ ਕਮਿਊਨਿਟੀ ਲਈ ਕੀਤੀ ਜਾ ਰਹੀਆਂ ਸੇਵਾ ਅਤੇ ਗੱਤਕਾ ਖੇਡ ਦੇ ਪ੍ਰਚਾਰ-ਪ੍ਰਸਾਰ ਲਈ ਕਨੈਕਟੀਕਟ ਸੂਬੇ ਦੀ ਜਨਰਲ ਅਸੈਂਬਲੀ ਵਲੋਂ ਮਾਣ ਨਾਲ ਨਿਵਾਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 2023 ਵਿਚ ਹੀ ਡਾ. ਦੀਪ ਸਿੰਘ ਰਾਹੀਂ ਕਮਿਊਨਿਟੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵਲੋਂ ਉਨ੍ਹਾਂ ਨੂੰ ਵ੍ਹਾਈਟ ਹਾਊਸ ਵਲੋਂ ਵੱਕਾਰੀ ਐਵਾਰਡ "ਪ੍ਰੈਸੀਡੈਂਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ" ਨਾਲ ਵੀ ਸਨਮਾਨਿਆ ਜਾ ਚੁੱਕਾ ਹੈ।

ਇਸ ਮੌਕੇ 'ਤੇ ਸਵਰਨਜੀਤ ਸਿੰਘ ਖਾਲਸਾ, ਮੈਂਬਰ ਸਿਟੀ ਕੌਂਸਲ-ਨੌਰਵਿਚ, ਕਨੈਕਟੀਕਟ ਅਤੇ






ਡਾ. ਦੀਪ ਸਿੰਘ ਕਨੈਕਟੀਕਟ ਸੂਬੇ ਦੀ ਜਨਰਲ ਅਸੈਂਬਲੀ ਵਲੋਂ ਪ੍ਰਾਪਤ ਸਨਮਾਨ-ਪੱਤਰ (ਸਾਈਟੇਸ਼ਨ) ਨਾਲ। (ਫੋਟੋ : ਗੋਗਨਾ)

ਸੈਨੇਟਰ ਕੈਥੀ ਆਸਟਿਨ, ਰਿਪ੍ਰਜ਼ੈਂਟੇਟਿਵ ਡੈਰਲ ਵਿਲਸਨ ਅਤੇ ਕੈਵਿਨ ਰਯਾਨ ਵਲੋਂ ਡਾ. ਦੀਪ ਸਿੰਘ ਨੂੰ ਫੋਨ ਰਾਹੀਂ ਉਚੇਚੀ ਵਧਾਈ ਵੀ ਦਿੱਤੀ ਗਈ। ਡਾ. ਸਿੰਘ ਨੂੰ ਪ੍ਰਦਾਨ ਕੀਤੇ ਸਨਮਾਨ-ਪੱਤਰ (ਸਾਈਟੇਸ਼ਨ) ਕਨੈਕਟੀਕਟ ਸੂਬੇ ਦੀ ਜਨਰਲ ਅਸੈਂਬਲੀ ਦੇ ਪ੍ਰਧਾਨ ਪ੍ਰੋ. ਟੈਮਪੋਰ ਮਾਰਟਿਨ ਲੂਨੀ, ਸਪੀਕਰ ਆਫ ਹਾਊਸ-ਮੈਟ ਰਿਟੱਰ ਅਤੇ ਸੈਕਰੇਟਰੀ ਆਫ ਦੀ ਸਟੇਟ ਸਟੈਫਨੀ ਥਾਮਸ ਵਲੋਂ ਸਾਈਨ ਕਰਕੇ ਮਾਨਤਾ ਦਿੱਤੀ ਗਈ ਹੈ।

ਇਸ ਮੌਕੇ ਸਿੱਖ ਆਰਟ ਗੈਲਰੀ, ਕਨੈਕਟੀਕਟ ਦੇ ਡਾਇਰੈਕਟਰ ਸ. ਕੁਲਜੀਤ ਸਿੰਘ ਨੇ ਚਾਨਣਾ ਪਾਇਆ ਕਿ ਡਾ. ਦੀਪ ਸਿੰਘ ਲੰਮੇ ਸਮੇਂ ਤੋਂ ਗੱਤਕਾ ਖੇਡ ਅਤੇ ਹੋਰ ਦੇਸੀ ਖੇਡਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹਨ। ਡਾ. ਦੀਪ ਸਿੰਘ ਜਿਨ੍ਹਾਂ ਦਾ ਪਿਛੋਕੜ ਚੰਡੀਗੜ੍ਹ ਸ਼ਹਿਰ ਦੇ ਨਾਲ ਹੈ, ਨੇ ਆਪਣੀ ਉਚੇਰੀ ਸਿੱਖਿਆ ਪੰਜਾਬ ਅਤੇ ਜੰਮੂ ਯੂਨੀਵਰਸਿਟੀ ਤੋਂ ਹਾਸਲ ਕੀਤੀ ਹੈ। ਡਾ: ਸਿੰਘ ਅੱਜਕੱਲ੍ਹ ਈ.ਐੱਚ.ਐੱਸ. ਪੇਸ਼ੇਵਰ ਵਜੋਂ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਸੇਵਾਵਾਂ ਦੇ ਰਹੇ ਹਨ। ਇਸ ਮੌਕੇ ਗੱਲ ਕਰਦਿਆਂ ਉਨ੍ਹਾਂ ਕਨੈਕਟੀਕਟ ਸੂਬੇ ਦੀ ਜਨਰਲ ਅਸੈਂਬਲੀ ਦੇ ਸਮੂਹ ਮੈਂਬਰਾਂ ਦਾ, ਸਵਰਨਜੀਤ ਸਿੰਘ ਖਾਲਸਾ ਨੌਰਵਿੱਚ ਅਤੇ ਸਿੱਖ ਆਰਟ ਗੈਲਰੀ ਦੀ ਸਮੁੱਚੀ ਟੀਮ ਦਾ ਉਚੇਚਾ ਧੰਨਵਾਦ ਕੀਤਾ, ਜਿਨਾਂ ਦੇ ਸਹਿਯੋਗ ਸਕਦਾ ਮਾਣਮੱਤੀ 'ਗੱਤਕਾ' ਖੇਡ ਬਾਰੇ ਅਸੈਂਬਲੀ ਵਿਚ ਗੱਲ ਸ਼ੁਰੂ ਹੋਈ।

# ਈਰਾਨੀ ਹੈਕਰ ਅਮਰੀਕੀ ਰਾਸ਼ਟਰਪਤੀ ਚੋਣ ਨੂੰ ਨਿਸ਼ਾਨਾ ਬਣਾਉਣ ਦੀ ਕਰ ਰਹੇ ਨੇ ਕੋਸ਼ਿਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਮਾਈਕ੍ਰੋਸਾਫਟ ਨੇ ਕਿਹਾ ਹੈ ਕਿ ਈਰਾਨ ਨਾਲ ਜੁੜੇ ਹੈਕਰ ਸਮੂਹ ਕਥਿਤ ਤੌਰ 'ਤੇ ਗੁਪਤ ਨਿਊਜ਼ ਵੈੱਬਸਾਈਟਾਂ, ਮਸ਼ਹੂਰ ਵਿਸ਼ਿਆਂ ਅਤੇ ਫਿਸ਼ਿੰਗ ਰਾਹੀਂ ਆਉਣ ਵਾਲੀ ਅਮਰੀਕੀ ਰਾਸ਼ਟਰਪਤੀ ਚੋਣ ਨੂੰ ਨਿਸ਼ਾਨਾ ਬਣਾ ਰਹੇ ਹਨ। ਮਾਈਕ੍ਰੋਸਾਫਟ ਨੇ ਇਕ ਰਿਪੋਰਟ 'ਚ ਕਿਹਾ ਕਿ ਈਰਾਨੀ ਕਾਰਕੁੰਨ 2024 ਦੀ ਅਮਰੀਕੀ ਰਾਸ਼ਟਰਪਤੀ ਚੋਣ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮਾਈਕ੍ਰੋਸਾਫਟ ਨੇ ਕਿਹਾ ਕਿ ਹੋਰ ਗਤੀਵਿਧੀ 'ਚ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਪਸ (ਆਈ.ਆਰ.ਜੀ.ਸੀ.) ਨਾਲ ਜੁੜੇ ਇੱਕ ਹੋਰ ਈਰਾਨੀ ਸਮੂਹ ਨੇ ਇੱਕ ਸਾਬਕਾ ਸੀਨੀਅਰ ਸਲਾਹਕਾਰ ਦੀ ਈਮੇਲ ਦੀ ਵਰਤੋਂ ਕਰਦੇ ਹੋਏ, ਗਰਮੀਆਂ ਦੇ ਸ਼ੁਰੂ ਵਿਚ ਰਾਸ਼ਟਰਪਤੀ ਦੀ ਮੁਹਿੰਮ ਵਿਚ ਲੱਗੇ ਇੱਕ ਉੱਚ ਦਰਜੇ ਦੇ ਅਧਿਕਾਰੀ ਦੇ ਖਾਤੇ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਜੋ ਅਸਫਲ ਰਹੀ।

ਬਿਆਨ ਵਿਚ ਕਿਹਾ ਗਿਆ ਕਿ ਮਾਈਕ੍ਰੋਸਾਫਟ ਥ੍ਰੇਟ ਐਨਾਲਿਸਿਸ ਸੈਂਟਰ (ਐੱਮ.ਟੀ.ਏ.ਸੀ.) ਨੇ ਸਮੂਹ ਦੀਆਂ ਗਤੀਵਿਧੀਆਂ ਬਾਰੇ ਹੋਰ ਜਾਣਕਾਰੀ ਦੀ ਘਾਟ ਕਾਰਨ ਆਪਣੇ ਅੰਤਮ ਉਦੇਸ਼ਾਂ ਨੂੰ ਨਿਰਧਾਰਤ ਨਹੀਂ ਕੀਤਾ ਹੈ, ਪਰ ਇੱਕ ਈਰਾਨੀ ਸਮੂਹ ਨੇ 2023 ਦੇ ਸ਼ੁਰੂ ਤੋਂ ਆਪਣੇ ਸੰਚਾਲਨ ਵਿਚ ਖਾਸ ਤੌਰ 'ਤੇ ਸੈਟੇਲਾਈਟਾਂ, ਰੱਖਿਆ ਅਤੇ ਸਿਹਤ ਖੇਤਰਾਂ ਵਿਚ ਖੁਫੀਆ ਜਾਣਕਾਰੀ ਇਕੱਠੀ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ, ਜਿਸ ਨਾਲ ਖਾਸ ਤੌਰ 'ਤੇ ਸਵਿੰਗ ਰਾਜਾਂ ਵਿਚ, ਅਮਰੀਕੀ ਸਰਕਾਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ। ਆਪਣੀ ਰਿਪੋਰਟ ਵਿਚ, ਐੱਮ.ਟੀ.ਏ.ਸੀ. ਨੇ ਚੋਣ ਦਖਲਅੰਦਾਜ਼ੀ ਵਿਚ ਸ਼ਾਮਲ 6 ਈਰਾਨੀ ਕਾਰੁਕੰਨਾਂ ਨੂੰ ਚੋਣ ਦਖਲ ਅੰਦਾਜ਼ੀ ਨਾਲ ਸੂਚੀਬੱਧ ਕੀਤਾ, ਜੋ ਜ਼ਿਆਦਾਤਰ ਹੈਕਿੰਗ ਗਤੀਵਿਧੀਆਂ ਨੂੰ ਸੰਚਾਲਿਤ ਕਰਦੇ ਹਨ।

# ਅਮਰੀਕਾ 'ਚ ਨਵਜੰਮੀ ਬੱਚੀ ਦੀ ਕੂੜੇ ਦੇ ਢੇਰ 'ਚ ਮਿਲੀ ਸੀ ਲਾਸ਼

**■ 37 ਸਾਲ ਪੁਰਾਣੇ ਮਾਮਲੇ 'ਚ ਪੁਲਿਸ ਨੇ ਮਾਂ ਨੂੰ ਕੀਤਾ ਗ੍ਰਿਫਤਾਰ**

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ 'ਚ ਇੱਕ ਮਾਮਲੇ ਵਿਚ ਪੁਲਿਸ ਕਈ ਸਾਲਾਂ ਤੋਂ ਕੰਮ ਕਰ ਰਹੀ ਸੀ। ਪਰ ਨਤੀਜਾ ਸਾਹਮਣੇ ਨਹੀਂ ਸੀ ਆ ਰਿਹਾ। ਉੱਥੇ ਹੀ ਇਸ ਮਾਮਲੇ ਵਿਚ ਦੋਸ਼ੀ ਨੂੰ 37 ਸਾਲ ਦੇ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ। ਇਹ ਮਾਮਲਾ ਸੰਨ 1987 ਵਿਚ ਇੱਕ ਨਵਜੰਮੀ ਬੱਚੀ ਦੀ ਮੌਤ ਨਾਲ ਸਬੰਧਤ ਹੈ, ਜੋ ਕੂੜੇ ਦੇ ਢੇਰ ਵਿਚੋਂ ਮਿਲੀ ਸੀ। ਕੈਲੀਫੋਰਨੀਆ ਸੂਬੇ ਵਿਚ ਪੁਲਿਸ 37 ਸਾਲ ਪੁਰਾਣੇ ਇਸ ਮਾਮਲੇ ਨੂੰ ਸੁਲਝਾਉਣ ਵਿਚ ਲੱਗੀ ਹੋਈ ਹੈ। ਇਹ ਘਟਨਾ 13 ਅਕਤੂਬਰ, 1987 ਦੀ ਸੀ, ਜਦੋਂ ਇੱਕ ਆਦਮੀ ਰਿਵਰਸਾਈਡ 'ਚ ਰੀਸਾਈਕਲਿੰਗ ਲਈ ਕੁਝ ਚੀਜ਼ਾਂ ਲੱਭ ਰਿਹਾ ਸੀ, ਉਸ ਨੂੰ ਇੱਕ ਡੰਪਟਰ ਵਿਚ ਇੱਕ ਨਵਜੰਮੀ ਬੱਚੀ ਦੀ ਲਾਸ਼ ਮਿਲੀ ਸੀ। ਪੁਲਿਸ ਨੂੰ ਉਸ ਸਮੇਂ ਸੂਚਨਾ ਦੇਣ 'ਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪਰ ਮਾਮਲਾ ਸੁਲਝ ਨਹੀਂ ਸੀ ਸਕਿਆ। ਸੰਨ 2020 ਵਿਚ ਇੱਕ ਨਵੀਂ ਹੋਮੀਸਾਈਡ ਕੋਲਡ ਕੇਸ ਯੂਨਿਟ ਨੇ ਦੁਬਾਰਾ ਇਸ ਕੇਸ ਦੀ ਜਾਂਚ ਸ਼ੁਰੂ ਕੀਤੀ। ਕੋਲਡ ਕੇਸ ਯੂਨਿਟ ਨੇ ਡੀ.ਐੱਨ.ਏ. ਟੈਸਟਿੰਗ ਫਰਮ ਓਥਰਾਮ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਨਵੰਬਰ 2021 ਵਿਚ ਸਬੂਤਾਂ ਤੋਂ ਡੀ.ਐੱਨ.ਏ. ਲਿਆ ਗਿਆ ਸੀ।



ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਡੀ.ਐੱਨ.ਏ. ਦੀ ਮਦਦ ਨਾਲ ਉੱਤਰੀ ਕੈਰੋਲੀਨਾ ਦੇ ਸ਼ਾਰਲਟ ਤੋਂ 45 ਕੁ ਮੀਲ ਦੂਰ ਰਹਿਣ ਵਾਲੀ ਇਕ 55 ਸਾਲਾ ਮੇਲਿਸਾ ਜੀਨ ਐਲੇਨ ਅਵੀਲਾ ਨਾਮੀ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਡੀ.ਐੱਨ.ਏ. ਟੈਸਟਾਂ ਰਾਹੀਂ ਅਵੀਲਾ ਦੀ ਪਛਾਣ ਬੱਚੇ ਦੀ ਮਾਂ ਵਜੋਂ ਕੀਤੀ। ਪੁਲਿਸ ਨੇ ਕਿਹਾ ਕਿ ਬੱਚੇ ਦੀ ਮੌਤ ਦੇ ਸਮੇਂ ਅਵੀਲਾ ਦੀ ਉਮਰ ਤਕਰੀਬਨ 19 ਸਾਲ ਸੀ, ਪਰ ਪੁਲਿਸ ਨੂੰ ਅਜੇ ਤੱਕ ਨਵਜੰਮੇ ਬੱਚੇ ਦੀ ਮੌਤ ਵਿਚ ਉਸ ਦੇ ਪਿਤਾ ਦੀ ਸ਼ਮੂਲੀਅਤ ਦੇ ਸਬੂਤ ਨਹੀਂ ਮਿਲੇ ਹਨ। ਪੁਲਿਸ ਨੇ ਦੱਸਿਆ ਕਿ ਅਵੀਲਾ ਨੂੰ 7 ਅਗਸਤ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਨਵਜੰਮੀ ਬੱਚੀ ਦੀ ਮੌਤ ਦੇ ਮਾਮਲੇ ਵਿਚ ਅਵੀਲਾ ਦੀ ਅਗਲੀ ਸੁਣਵਾਈ 9 ਸਤੰਬਰ ਨੂੰ ਹੋਵੇਗੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਐਬਟਸਫੋਰਡ ਦੇ ਪਹਾੜਾਂ ਦੀ ਗੋਦ 'ਚ ਲੱਗਾ 'ਤੀਆਂ ਦਾ ਮੇਲਾ'

- ਬਹੁਗਿਣਤੀ ਮੁਟਿਆਰਾਂ ਨੇ ਪੁਰਾਤਨ ਵਸਤਾਂ ਨਾਲ ਲਈਆਂ 'ਸੈਲਫੀਆਂ'
- ਖੀਰ-ਪੂੜਿਆਂ ਦੇ ਸੁਆਦ ਨੇ ਦੁਆਈ ਪੰਜਾਬ ਦੀ ਯਾਦ







ਤੀਆਂ ਦੇ ਮੇਲੇ ਦੀਆਂ ਵੱਖ-ਵੱਖ ਝਲਕੀਆਂ।

ਵੈਨਕੂਵਰ, (ਮਲਕੀਤ ਸਿੰਘ/ਪੰਜਾਬ ਮੇਲ)- ਵੈਨਕੂਵਰ ਤੋਂ ਚੜ੍ਹਦੇ ਪਾਸੇ ਸਥਿਤ ਐਬਸਫੋਰਡ ਸ਼ਹਿਰ ਦੇ ਬਾਹਰਵਾਰ 4582, ਬੈਲ ਰੋਡ ਦੇ ਹਰਿਆਵਾਲੇ ਪਹਾੜਾਂ ਦੀ ਗੋਦ 'ਚ ਖੁੱਲ੍ਹੇ ਅਸਮਾਨ ਹੇਠਾਂ ਸਜਾਏ ਇਕ ਵੱਡ ਅਕਾਰੀ ਪੰਡਾਲ 'ਚ 'ਤੀਆਂ ਦਾ ਮੇਲਾ' ਆਯੋਜਿਤ ਕਰਵਾਇਆ ਗਿਆ, ਜਿਸ 'ਚ ਵੱਖ-ਵੱਖ ਉਮਰ ਦੀਆਂ ਔਰਤਾਂ ਨੇ ਬੜੇ ਉਤਸ਼ਾਹ ਸਹਿਤ ਸ਼ਿਰਕਤ ਕੀਤੀ।

'ਵਿਰਸਾ ਫਾਊਂਡੇਸ਼ਨ' ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ ਧੂਮ-ਧੜੱਕੇ ਨਾਲ ਕਰਵਾਏ ਇਸ ਮੇਲੇ 'ਚ ਹੋਰਨਾਂ ਕਲਾਕਾਰਾਂ ਤੋਂ ਇਲਾਵਾ ਪ੍ਰਸਿੱਧ ਪੰਜਾਬੀ ਗਾਇਕਾ ਅਮਨ ਰੋਜ਼ੀ, ਬਲਜਿੰਦਰ ਕੌਰ, ਮਨਜੀਤ ਗਿੱਲ ਵੱਲੋਂ ਆਪਣੇ ਚੋਣਵੇਂ ਗੀਤਾਂ ਦੀ ਝੜੀ ਲਗਾ ਕੇ ਮੇਲੇ 'ਚ ਮੌਜੂਦ ਬਹੁਗਿਣਤੀ ਮੁਟਿਆਰਾਂ ਨੂੰ ਨੱਚਣ ਲਗਾਈ ਰੱਖਿਆ ਗਿਆ, ਉਥੇ ਉਘੇ ਪੰਜਾਬੀ ਗਾਇਕ ਜੌਹਨ ਬੇਦੀ ਅਤੇ ਲਾਟੀ ਔਲਖ ਵੱਲੋਂ ਕੀਤੀ ਗਈ ਗੀਤਾਂ ਦੀ ਪੇਸ਼ਕਾਰੀ ਦੌਰਾਨ ਵੀ ਕੁਝ ਮੁਟਿਆਰਾਂ ਝੂਮਦੀਆਂ ਨਜ਼ਰੀ ਆਈਆਂ।

ਇਸ ਮੇਲੇ ਦਾ ਦਿਲਚਸਪ ਤੱਥ ਇਹ ਸੀ ਕਿ ਮੇਲੇ ਵਾਲੇ ਘਰ ਦੇ ਖੁੱਲ੍ਹੇ ਵਿਹੜੇ ਦੇ ਵੱਖ-ਵੱਖ ਕੋਨਿਆਂ 'ਤੇ ਪੁਰਾਤਨ ਵਿਰਸੇ ਨਾਲ ਜੁੜੀਆਂ ਵਸਤਾਂ-ਪੰਘੂੜਾ, ਸੰਦੂਕ, ਨਲਕਾ, ਚਰਖਾ, ਸੰਧਾਰੇ ਵਾਲਾ ਸਾਈਕਲ, ਛੱਜ, ਪੁਰਾਤਨ ਚੁੱਲ੍ਹਾ ਚੌਕਾਂ, ਪੀਂਘ, ਨਕਲੀ ਖੂਹ ਆਦਿ ਦੇਖਣ ਲਈ ਉਥੇ ਮੌਜੂਦ ਔਰਤਾਂ ਅਤੇ ਬਾਕੀ ਲੋਕਾਂ ਦੀਆਂ ਭੀੜ ਲੱਗੀ ਰਹੀ। ਬਹੁਗਿਣਤੀ ਮੁਟਿਆਰਾਂ ਇਨ੍ਹਾਂ ਪੁਰਾਤਨ ਚੀਜ਼ਾਂ ਨਾਲ 'ਸੈਲਫੀਆਂ' ਲੈਣ 'ਚ ਮਸ਼ਰੂਫ ਨਜ਼ਰੀ ਪਈਆਂ। ਇਸ ਤੋਂ ਇਲਾਵਾ ਮੇਲੇ ਦੇ ਇਕ ਵੱਖਰੇ ਪੰਡਾਲ 'ਚ ਲਗਾਈਆਂ ਗਈਆਂ ਆਰਜ਼ੀ ਦੁਕਾਨਾਂ ਤੋਂ ਵੀ ਕੁਝ ਮੁਟਿਆਰਾਂ ਵੱਲੋਂ ਕੀਤੀ ਗਈ ਖਰੀਦਦਾਰੀ ਦੇ ਦ੍ਰਿਸ਼ ਤੋਂ ਇਕੇਰਾਂ ਪੰਜਾਬ ਦੇ ਕਿਸੇ ਮੇਲੇ ਵਰਗਾ ਮਾਹੌਲ ਸਿਰਜਿਆ ਮਹਿਸੂਸ ਹੋਇਆ।

ਮੇਲੇ ਦੇ ਅਖੀਰਲੇ ਪੜਾਅ 'ਚ ਮੇਲੇ ਦੀ ਆਯੋਜਕ ਧਰਮਵੀਰ ਧਾਲੀਵਾਲ, ਪਰਮ ਮਾਨ ਅਤੇ ਉਨ੍ਹਾਂ ਦੀ ਬਾਕੀ ਟੀਮ ਵੱਲੋਂ ਮੁੱਖ ਮਹਿਮਾਨ ਨਾਇਬ ਬਰਾੜ, ਮਨਜੀਤ ਕੌਰ (ਸਿਆਟਲ) ਅਤੇ ਡਾ. ਬਲਵਿੰਦਰ ਕੌਰ ਬਰਾੜ (ਕੈਲਗਿਰੀ) ਸਮੇਤ ਬਾਕੀ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਵੀ ਭੇਂਟ ਕੀਤੇ ਗਏ। ਮੇਲੇ ਦਾ ਆਨੰਦ ਮਾਣਨ ਆਏ ਸਾਰੇ ਮਹਿਮਾਨਾਂ ਵੱਲੋਂ ਪਹਿਲਾਂ ਚਾਹ-ਪਕੌੜੇ ਅਤੇ ਸ਼ਾਮੀਂ ਖੀਰ-ਪੂੜਿਆਂ ਸਮੇਤ ਬਾਕੀ ਪਕਵਾਨਾਂ ਨੂੰ ਬੜੇ ਚਾਅ ਅਤੇ ਸਵਾਦ ਨਾਲ ਛੱਕਿਆ ਗਿਆ। ਮੇਲੇ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੁੱਖੀ ਰੰਧਾਵਾ ਵੱਲੋਂ ਬਾਖੂਬੀ ਨਿਭਾਈ ਗਈ। ਅੱਜ ਦੇ ਇਸ ਮੇਲੇ 'ਚ ਪਹੁੰਚੀਆਂ ਸਿਆਸੀ ਹਸਤੀਆਂ 'ਚ ਮਾਈਕ ਡੀ ਜੌਂਗ, ਮਾਰਕਸ ਡੈਲਵਿਸ, ਬਰੈਡ ਵਿਸ, ਮੈਰਿਕ ਮੈਟਿਜੀ, ਪਵਨ ਨਿਰਵਾਨ, ਸੀਮਾ ਤੁੰਬਰ, ਕੈਟਰੀਨਾ ਅਨੈਸਟੈਸਿਡਿਸ, ਤਮੈਸ ਜੈਨਸਿਨ ਆਦਿ ਦੇ ਨਾਮ ਜ਼ਿਕਰਯੋਗ ਹਨ।

# ਕੈਲੀਫੋਰਨੀਆ ਗਵਰਨਰ ਵੱਲੋਂ ਬੇਘਰਿਆਂ ਦੇ ਮਾਮਲੇ 'ਚ ਸਥਾਨਕ ਅਧਿਕਾਰੀਆਂ ਨੂੰ ਤਾੜਨਾ

- ਕਿਹਾ : ਸਰਕਾਰੀ ਥਾਵਾਂ ਤੋਂ ਬੇਘਰਿਆਂ ਨੂੰ ਹਟਾਓ ਜਾਂ ਫੰਡਾਂ 'ਚ ਕਟੌਤੀ ਲਈ ਰਹੋ ਤਿਆਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਸਥਾਨਕ ਅਧਿਕਾਰੀਆਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਸ਼ਹਿਰਾਂ ਤੇ ਕਾਊਂਟੀਆਂ ਤੋਂ ਆਉਣ ਵਾਲੇ ਪੈਸੇ ਬਾਰੇ ਦੁਬਾਰਾ ਆਦੇਸ਼ ਜਾਰੀ ਕਰਨ ਲਈ ਮਜਬੂਰ ਹੋਣਗੇ, ਜੇਕਰ ਉਨ੍ਹਾਂ ਨੇ ਬੇਘਰਿਆਂ ਨੂੰ ਸਰਕਾਰੀ ਥਾਵਾਂ ਤੋਂ ਹਟਾਉਣ ਲਈ ਲੋੜੀਂਦੇ ਸਿੱਟੇ ਨਾ ਕੱਢੇ। ਇਸ ਦੇ ਨਾਲ ਹੀ ਗਵਰਨਰ ਨੇ ਕਿਹਾ ਹੈ ਕਿ ਬੇਘਰਿਆਂ ਨੂੰ ਹਟਾਉਣ ਲਈ ਮਾਨਵੀ ਤੇ ਗੌਰਵਮਈ ਪਹੁੰਚ ਅਪਣਾਈ ਜਾਵੇ। ਗਵਰਨਰ ਨੇ ਇਹ ਐਲਾਨ ਲਾਸ ਏਂਜਲਸ ਵਿਚ ਰਾਜ ਦੇ ਟਰਾਂਸਪੋਰਟੇਸ਼ਨ ਵਿਭਾਗ ਦੇ ਨਾਲ ਬਣੇ ਬੇਘਰਿਆਂ ਦੇ ਬਸੇਰੇ ਨੂੰ ਹਟਾਉਣ ਤੋਂ ਬਾਅਦ ਕੀਤਾ। ਗਵਰਨਰ ਨੇ ਪਿਛਲੇ ਮਹੀਨੇ ਜਾਰੀ ਕੀਤੇ ਇਕ ਆਦੇਸ਼ ਵਿਚ ਰਾਜ ਦੀਆਂ ਏਜੰਸੀਆਂ ਨੂੰ ਕਿਹਾ ਸੀ ਕਿ ਉਹ ਰਾਜ ਦੀਆਂ ਥਾਵਾਂ 'ਤੇ ਬਣੇ ਬੇਘਰਿਆਂ ਦੇ ਟਿਕਾਣਿਆਂ ਨੂੰ ਖਤਮ ਕਰਨ ਤੇ ਸਥਾਨਕ ਸਰਕਾਰਾਂ ਨੂੰ ਵੀ ਇਸੇ ਤਰ੍ਹਾਂ ਦੀਆਂ ਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕਰਨ। ਰਾਜ ਦੇ ਡੈਮੋਕਰੈਟਿਕ ਗਵਰਨਰ ਦਾ ਉਕਤ ਆਦੇਸ਼ ਯੂ.ਐੱਸ. ਸੁਪਰੀਮ ਕੋਰਟ ਦੁਆਰਾ ਜੂਨ 'ਚ ਓਰੇਗਨ ਸ਼ਹਿਰ ਦੇ ਹੱਕ ਵਿਚ ਦਿੱਤੇ ਗਏ ਉਸ ਆਦੇਸ਼ ਤੋਂ ਬਾਅਦ ਆਇਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਬਾਹਰ ਨੀਲੇ ਆਸਮਾਨ ਹੇਠਾਂ ਸਾਉਣ ਵਾਲਿਆਂ ਨੂੰ ਜੁਰਮਾਨੇ ਲਾਏ ਜਾਣ। ਗਵਰਨਰ ਨੇ ਕੁਝ ਸਥਾਨਕ ਅਧਿਕਾਰੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਰਾਜ ਦੁਆਰਾ ਨਿਰੰਤਰ 'ਸਾਧਨ' ਮੁਹੱਈਆ ਕਰਵਾਉਣ ਦੇ ਬਾਵਜੂਦ ਉਨ੍ਹਾਂ ਬਹੁਤ ਕੁਝ ਨਹੀਂ ਕੀਤਾ। ਨਿਊਸਮ ਨੇ ਕਿਹਾ "ਹੁਣ ਹੋਰ ਮੁਆਫੀ ਨਹੀਂ, ਤੁਹਾਨੂੰ ਪੈਸੇ ਮਿਲੇ ਹਨ, ਤੁਹਾਨੂੰ ਲਚਕਤਾ ਮਿਲੀ ਹੈ, ਤੁਹਾਨੂੰ ਹਰੀ ਝੰਡੀ ਤੇ ਰਾਜ ਦਾ ਸਮਰਥਨ ਮਿਲਿਆ ਹੈ ਤੇ ਲੋਕ ਇਸ ਦਾ ਹਿਸਾਬ ਮੰਗਦੇ ਹਨ।" ਉਨ੍ਹਾਂ ਹੋਰ ਕਿਹਾ, ਮੈਂ ਕਰੋੜਾਂ ਕੈਲੀਫੋਰਨੀਆ ਵਾਸੀਆਂ ਦੀ ਤਰਫੋਂ ਇਥੇ ਹਾਂ, ਜੋ ਤੁਹਾਡੇ ਤੋਂ ਅੱਕ ਗਏ ਹਨ। ਮੈਂ ਨਤੀਜੇ ਵੇਖਣਾ ਚਾਹੁੰਦਾ ਹਾਂ। ਅਮਰੀਕਾ ਦੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਕਾਂਗਰਸ ਨੂੰ 2023 'ਚ ਦਿੱਤੀ ਇਕ ਰਿਪੋਰਟ ਅਨੁਸਾਰ ਦੇਸ਼ ਭਰ ਵਿਚ ਰਹਿੰਦੇ 6,53,000 ਬੇਘਰਿਆਂ ਵਿਚੋਂ 1,80,000 ਕੈਲੀਫੋਰਨੀਆ ਜਿਸ ਨੂੰ ਗੋਲਡਨ ਸਟੇਟ ਕਿਹਾ ਜਾਂਦਾ ਹੈ, ਵਿਚ ਰਹਿੰਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੁਝ ਮਿਊਂਸਪਲ ਕਮੇਟੀਆਂ ਨੇ ਬੇਘਰਿਆਂ ਨੂੰ ਜੇਲ੍ਹਾਂ ਵਿਚ ਬੰਦ ਕਰਨ ਦਾ ਵਿਰੋਧ ਕੀਤਾ ਹੈ। ਜੁਲਾਈ ਵਿਚ ਲਾਸ ਏਂਜਲਸ ਕਾਊਂਟੀ ਬੋਰਡ ਆਫ ਸੁਪਰਵਾਈਜ਼ਰ ਨੇ ਸਰਬਸੰਮਤੀ ਨਾਲ ਪਾਸ ਕੀਤੇ ਇਕ ਮਤੇ ਵਿਚ ਕਿਹਾ ਹੈ ਕਿ ਉਨ੍ਹਾਂ ਦੀਆਂ ਜੇਲ੍ਹਾਂ ਨੂੰ ਬੇਘਰਿਆਂ ਨੂੰ ਰੱਖਣ ਵਾਸਤੇ ਨਹੀਂ ਵਰਤੀਆਂ ਜਾਣਗੀਆਂ। ਕਾਊਂਟੀ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਤਾ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 24 ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ




**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਬਹੁਤ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 24 ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੋਈ ਵੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਅੰਗਹੀਣ ਹਨ, ਅਜਿਹਿਆਂ ਪ੍ਰਸਥਿਤੀਆਂ 'ਚ ਅਕਸਰ ਇਹ ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਘਰ-ਪਰਿਵਾਰ ਦਾ ਗੁਜ਼ਾਰਾ ਔਖਾ ਹੋ ਜਾਂਦਾ ਹੈ। ਇਨ੍ਹਾਂ ਵੱਲੋਂ ਆਪਣੀ ਮਦਦ ਲਈ ਡਾਕਟਰ ਓਬਰਾਏ ਨੂੰ ਪੁਕਾਰ ਕੀਤੀ ਜਾਂਦੀ ਹੈ, ਤਾਂ ਇਨ੍ਹਾਂ ਦੀ ਸਥਿਤੀ ਸਮਝਣ 'ਤੇ ਤੁਰੰਤ ਹੀ ਡਾਕਟਰ ਓਬਰਾਏ ਵਲੋਂ ਮਦਦ ਭੇਜੀ ਜਾਂਦੀ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਅੰਗਹੀਣ ਵਿਅਕਤੀਆਂ ਨੇ ਦੱਸਿਆ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ, ਅਸੀਂ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਇਨ੍ਹਾਂ ਨੂੰ ਲੰਮੀ ਉਮਰ ਦੇਣ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਕੈਸ਼ੀਅਰ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ, ਸੋਮਨਾਥ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਵਿੰਦਰ ਸਿੰਘ ਮਣਕੂ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ. ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

# ਟੈਕਸਾਸ 'ਚ ਟਾਇਲਟ ਸੀਟ 'ਚ ਵਿਅਕਤੀ ਨੇ ਫਿੱਟ ਕੀਤਾ ਮਿੰਨੀ ਬੰਬ; ਬੈਠਦਿਆਂ ਹੀ ਹੋਇਆ ਧਮਾਕਾ

## 3 ਲੋਕ ਹੋਏ ਜ਼ਖਮੀ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਟੈਕਸਾਸ 'ਚ ਇੱਕ ਸਿਰਫਿਰੇ ਨਿਰਾਸ਼ ਵਿਅਕਤੀ ਨੇ ਇੱਕ ਜਨਤਕ ਰੈਸਟਰੂਮ ਦੀ ਟਾਇਲਟ ਸੀਟ ਦੇ ਹੇਠਾਂ ਮਲਟੀਪਲ ਐਕਸਪੋਜ਼ਰ ਮਿੰਨੀ ਬੰਬ ਲਗਾਏ। ਜਿਸ ਦੇ ਨਤੀਜੇ ਵਜੋਂ ਹੋਏ ਧਮਾਕੇ 'ਚ ਇਕ ਨੌਜਵਾਨ ਸਮੇਤ 3 ਲੋਕ ਜ਼ਖਮੀ ਹੋ ਗਏ। ਜਿਸ ਵਿਚੋਂ ਇੱਕ ਗੰਭੀਰ ਜ਼ਖ਼ਮੀ ਹੋ ਗਿਆ। ਸੈਨ ਐਂਟੋਨੀਓ (ਟੈਕਸਾਸ) ਪੁਲਿਸ ਨੇ 46 ਸਾਲਾ ਪਾਲ ਮੋਸੇਸ ਐਲਡੇਨ ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ, ਪਰ ਉਸ ਨੂੰ ਤੁਰੰਤ 50 ਹਜ਼ਾਰ ਡਾਲਰ ਦੇ ਬਾਂਡ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਪਾਲ ਦੀ ਇਸ ਘਟੀਆ ਹਰਕਤ ਕਾਰਨ ਨੌਜਵਾਨ ਔਰਤਾਂ ਸਮੇਤ ਕਈ ਲੋਕ ਜ਼ਖ਼ਮੀ ਹੋਏ ਹਨ।

ਟਾਇਲਟ ਸੀਟ 'ਤੇ ਮਿੰਨੀ ਬੰਬ ਰੱਖਣ ਦਾ ਪਹਿਲਾ ਮਾਮਲਾ 20 ਜੁਲਾਈ ਨੂੰ ਸਾਹਮਣੇ ਆਇਆ ਸੀ। ਇਸ ਵਿਅਕਤੀ ਨੇ ਹੈਲੋਟਸ, ਟੈਕਸਾਸ ਵਿਚ ਦਿ ਵਾਸ਼ ਟੱਬ ਦੇ ਪਬਲਿਕ ਟਾਇਲਟ ਵਿਚ ਟਾਇਲਟ ਸੀਟ ਦੇ ਹੇਠਾਂ ਇੱਕ ਮਿੰਨੀ ਬੰਬ ਲਗਾਇਆ। ਪੁਲਿਸ ਨੇ ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਘਟਨਾ ਦੀ ਬਾਰੀਕੀ ਨਾਲ ਜਾਂਚ ਕੀਤੀ ਹੈ। ਜਿਸ 'ਚ ਸ਼ੱਕੀ ਕਾਰ ਵਾਸ਼ ਦੇ ਟਾਇਲਟ 'ਚ ਗਿਆ ਤਾਂ ਦੇਖਿਆ ਕਿ ਉਸ ਦੇ ਹੱਥ 'ਚ ਪਿਆ ਬੈਗ ਵੀ ਖਾਲੀ ਸੀ। ਹੁਣ ਇਸ ਵਿਅਕਤੀ ਦੇ ਟਾਇਲਟ ਜਾਣ ਤੋਂ ਬਾਅਦ ਵਾਸ਼ ਟੱਬ ਦਾ ਇੱਕ ਕਰਮਚਾਰੀ ਟਾਇਲਟ ਦੀ ਵਰਤੋਂ ਕਰਨ ਚਲਾ ਗਿਆ। ਜਿਵੇਂ ਹੀ ਉਹ ਟਾਇਲਟ ਸੀਟ 'ਤੇ ਬੈਠਿਆ ਤਾਂ ਇਹ ਧਮਾਕਾ ਹੋ ਗਿਆ। ਅਜਿਹਾ ਇੱਕ ਤੋਂ ਵੱਧ ਵਾਰ ਹੋ ਚੁੱਕਾ ਹੈ।

ਹੁਣ ਪਹਿਲੀ ਘਟਨਾ ਦੇ 6 ਦਿਨ ਬਾਅਦ ਫਿਰ ਅਜਿਹਾ ਹੋਇਆ ਹੈ। ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਅਤੇ ਉਨ੍ਹਾਂ ਨੇ ਟਾਇਲਟ ਦੀ ਜਾਂਚ ਕੀਤੀ, ਤਾਂ ਵਾਸ਼ਰੂਮ ਅਤੇ ਟਾਇਲਟ ਸੀਟ ਦੇ ਕੋਲ ਪਟਾਕੇ ਪਾਏ ਗਏ। ਇਸ ਨਾਲ ਵੱਡਾ ਧਮਾਕਾ ਨਹੀਂ, ਸਗੋਂ ਛੋਟੇ ਧਮਾਕੇ ਹੋ ਸਕਦੇ ਹਨ। ਪੁਲਿਸ ਨੇ ਬਾਅਦ ਵਿਚ ਸਟਾਫ਼ ਨਾਲ ਸੀ.ਸੀ.ਟੀ.ਵੀ. ਵਿਚ ਦੇਖੇ ਗਏ ਇੱਕ ਸ਼ੱਕੀ ਦੀ ਜਾਂਚ ਕਰਨ ਬਾਰੇ ਗੱਲ ਕੀਤੀ। ਸੀ.ਸੀ.ਟੀ.ਵੀ. ਫੁਟੇਜ ਦੇ ਕੁਝ ਹੋਰ ਐਂਗਲਾਂ ਦੀ ਜਾਂਚ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਇਸ ਵਿਅਕਤੀ ਨੇ ਇੱਕ ਮਿੰਨੀ ਬੰਬ ਲਾਇਆ ਸੀ ਅਤੇ ਟਾਇਲਟ ਸੀਟ ਦੇ ਬਾਹਰ ਖੜ੍ਹਾ ਸੀ। ਉਹ ਉਦੋਂ ਤੱਕ ਇੱਕ ਥਾਂ 'ਤੇ ਲੁਕਿਆ ਰਿਹਾ, ਜਦੋਂ ਤੱਕ ਉਸ ਨੇ ਅੰਦਰੋਂ ਧਮਾਕੇ ਦੀ ਆਵਾਜ਼ ਨਹੀਂ ਸੁਣੀ। ਹੁਣ ਤੱਕ, ਵਿਅਕਤੀ ਹਰ ਧਮਾਕੇ ਵਾਲੀ ਥਾਂ ਦੇ ਆਲੇ-ਦੁਆਲੇ ਘੁੰਮਦਾ ਰਿਹਾ ਹੈ ਅਤੇ ਜ਼ਿਆਦਾਤਰ ਸੀ.ਸੀ.ਟੀ.ਵੀ. ਫੁਟੇਜਾਂ ਵਿਚ ਉਹ ਟਾਇਲਟ ਦੇ ਦਰਵਾਜ਼ੇ ਵੱਲ ਦਿਖਾਈ ਦਿੰਦਾ ਹੈ। ਜਦੋਂ ਪੁਲਿਸ ਨੇ ਵਿਅਕਤੀ ਬਾਰੇ ਕਾਰ ਵਾਸ਼ ਸ਼ਾਪ ਦੇ ਸਟਾਫ਼ ਤੋਂ ਪੁੱਛਗਿਛ ਕੀਤੀ, ਤਾਂ ਉਨ੍ਹਾਂ ਦੱਸਿਆ ਕਿ ਇਹ ਪਾਲ ਨਾਂ ਦਾ ਵਿਅਕਤੀ ਕਾਰ ਵਾਸ਼ ਦਾ ਮੈਂਬਰ ਸੀ ਅਤੇ ਉਸ ਕੋਲ ਮੈਂਬਰਸ਼ਿਪ ਕਾਰਡ ਸੀ। ਉਸ ਦੇ ਇੱਥੇ ਇੱਕ ਨਿਯਮਤ ਗਾਹਕ ਹੋਣ ਦਾ ਵੀ ਖੁਲਾਸਾ ਹੋਇਆ ਹੈ।

# ਪੁਲਾੜ 'ਚ ਫਸੀ ਸੁਨੀਤਾ ਵਿਲੀਅਮਸ; 2025 ਤੱਕ ਧਰਤੀ 'ਤੇ ਹੋ ਸਕਦੀ ਹੈ ਵਾਪਸੀ!



**ਵਾਸ਼ਿੰਗਟਨ, (ਪੰਜਾਬ ਮੇਲ)**- ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਅਤੇ ਬੁਚ ਵਿਲਮੋਰ ਦੀ ਪੁਲਾੜ ਤੋਂ ਵਾਪਸੀ 'ਚ ਲੰਬਾ ਸਮਾਂ ਲੱਗ ਸਕਦਾ ਹੈ। ਨਾਸਾ ਨੇ ਕਿਹਾ ਕਿ ਸਟਾਰਲਾਈਨਰ ਨਾਲ ਯਾਤਰਾ ਕਰਨ ਵਾਲੇ ਪੁਲਾੜ ਯਾਤਰੀਆਂ ਦੀ ਵਾਪਸੀ ਦੀ ਯੋਜਨਾ ਬਣਾਉਣ ਵੇਲੇ ਉਸਨੇ ਸਾਰੇ ਵਿਕਲਪਾਂ 'ਤੇ ਵਿਚਾਰ ਕੀਤਾ। ਨਾਸਾ ਦੇ ਅਧਿਕਾਰੀਆਂ ਨੇ ਕਿਹਾ ਕਿ ਸਟਾਰਲਾਈਨਰ ਪੁਲਾੜ ਯਾਤਰੀਆਂ ਦੀ ਧਰਤੀ 'ਤੇ ਵਾਪਸੀ ਦੀ ਯੋਜਨਾ ਬਣਾਉਣ ਵੇਲੇ ਸਾਰੇ ਵਿਕਲਪਾਂ 'ਤੇ ਵਿਚਾਰ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਇੱਕ ਵਿਕਲਪ ਦੇ ਤਹਿਤ ਦੋਵੇਂ ਪੁਲਾੜ ਯਾਤਰੀ 2025 ਵਿਚ ਧਰਤੀ 'ਤੇ ਵਾਪਸ ਆ ਸਕਦੇ ਹਨ। ਇਸ ਪਲਾਨ 'ਚ ਬੋਇੰਗ ਦੀ ਵਿਰੋਧੀ ਸਪੇਸਐਕਸ ਵੀ ਸ਼ਾਮਲ ਹੈ। ਕਮਰਸ਼ੀਅਲ ਕਰੂ ਪ੍ਰੋਗਰਾਮ ਦੇ ਮੈਨੇਜਰ ਸਟੀਵ ਸਟਿਚ ਨੇ ਕਿਹਾ ਕਿ ਨਾਸਾ ਦਾ ਮੁੱਖ ਵਿਕਲਪ ਸਟਾਰਲਾਈਨਰ ਪੁਲਾੜ ਯਾਨ 'ਤੇ ਸਵਾਰ ਬੁੱਚ ਅਤੇ ਸੁਨੀਤਾ ਨੂੰ ਵਾਪਸ ਲਿਆਉਣਾ ਹੈ। ਹਾਲਾਂਕਿ ਅਸੀਂ ਇਹ ਯਕੀਨੀ ਬਣਾਉਣ ਦੀ ਯੋਜਨਾ ਬਣਾਈ ਹੈ ਕਿ ਸਾਡੇ ਕੋਲ ਹੋਰ ਵਿਕਲਪ ਸਾਡੇ ਲਈ ਖੁੱਲ੍ਹੇ ਹਨ। ਸਟੀਚ ਨੇ ਇਹ ਵੀ ਦੱਸਿਆ ਕਿ ਨਾਸਾ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਸਨੇ ਕਿਹਾ, "ਅਸੀਂ ਸਪੇਸਐਕਸ ਨਾਲ ਮਿਲ ਕੇ ਕੰਮ ਕਰ ਰਹੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਕਰੂ 9 'ਤੇ ਪ੍ਰਤੀਕਿਰਿਆ ਦੇਣ ਲਈ ਤਿਆਰ ਹਨ।"




 ਪੰਜਾਬ ਮੇਲ USA

# ਪੰਜਾਬ ਸਰਕਾਰ ਵੱਲੋਂ ਪੰਚਾਇਤੀ ਰਾਜ ਨੇਮਾਂ 'ਚ ਸੋਧ ਕਰਨ ਦੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ 'ਪੰਜਾਬ ਪੰਚਾਇਤੀ ਰਾਜ ਰੂਲਜ਼-1994' ਵਿਚ ਸੋਧ ਦੀ ਤਿਆਰੀ ਕਰ ਲਈ ਹੈ, ਤਾਂ ਜੋ ਪੰਚਾਇਤੀ ਚੋਣਾਂ 'ਚ ਕੋਈ ਵੀ ਉਮੀਦਵਾਰ ਪਾਰਟੀ ਚੋਣ ਨਿਸ਼ਾਨ 'ਤੇ ਚੋਣਾਂ ਨਾ ਲੜ ਸਕੇ। ਜੇ ਯੋਜਨਾ ਸਿਰੇ ਚੜ੍ਹੀ, ਤਾਂ ਆਗਾਮੀ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ 'ਚ ਕੋਈ ਵੀ ਪਾਰਟੀ ਆਪਣੇ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕੇਗੀ। ਜਾਣਕਾਰੀ ਮੁਤਾਬਕ ਅਗਲੀ ਕੈਬਨਿਟ ਮੀਟਿੰਗ 'ਚ ਇਹ ਏਜੰਡਾ ਲਿਆਉਣ ਦੀ ਤਿਆਰੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਇਸ ਮਾਮਲੇ 'ਤੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਹੈ। ਉਨ੍ਹਾਂ ਪੇਂਡੂ ਵਿਕਾਸ ਵਿਚਲੇ ਅੜਿੱਕਿਆਂ ਨੂੰ ਦੂਰ ਕਰਨ ਅਤੇ ਪਿੰਡਾਂ 'ਚੋਂ ਸਿਆਸੀ ਧੜੇਬੰਦੀ ਘਟਾਉਣ ਲਈ ਪੰਚਾਇਤੀ ਚੋਣਾਂ 'ਚੋਂ ਪਾਰਟੀ ਚੋਣ ਨਿਸ਼ਾਨ ਆਊਟ ਕਰਨ ਦੀ ਵਿਉਂਤ ਬਣਾਈ ਹੈ। ਬੀਤੇ ਇੱਕ ਹਫ਼ਤੇ ਤੋਂ ਇਸ ਦਿਸ਼ਾ ਵੱਲ ਪੰਜਾਬ ਸਰਕਾਰ ਕਦਮ ਵਧਾ ਰਹੀ ਹੈ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਕੁੱਝ ਦਿਨ ਪਹਿਲਾਂ ਹੀ ਆਪਣਾ ਪੱਖ ਰੱਖਿਆ ਹੈ ਕਿ ਪੰਜਾਬ ਪੰਚਾਇਤੀ ਰਾਜ ਰੂਲਜ਼ 1994 ਦੀ ਧਾਰਾ 12 ਅਨੁਸਾਰ ਪੰਚਾਇਤੀ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀਆਂ ਜਾ ਸਕਦੀਆਂ ਹਨ। ਹੁਣ ਸਰਕਾਰ ਧਾਰਾ 12 ਵਿਚ ਸੋਧ ਕਰਨ ਦੇ ਰੌਂਅ ਵਿਚ ਹੈ, ਤਾਂ ਜੋ ਪੇਂਡੂ ਸੰਸਥਾਵਾਂ 'ਚੋਂ ਸਿਆਸੀ ਦਖ਼ਲ ਨੂੰ ਘਟਾਇਆ ਜਾ ਸਕੇ। ਸੂਤਰਾਂ ਮੁਤਾਬਕ ਪੰਜਾਬ ਚੋਣ ਕਮਿਸ਼ਨ ਅਤੇ ਕਾਨੂੰਨੀ ਮਸ਼ੀਨ ਨੇ ਵੀ ਇਸ ਸੋਧ ਨੂੰ ਹਰੀ ਝੰਡੀ ਦੇ ਦਿੱਤੀ ਹੈ।

- **ਪੰਚਾਇਤੀ ਚੋਣਾਂ 'ਚ ਕੋਈ ਵੀ ਉਮੀਦਵਾਰ ਚੋਣ ਨਿਸ਼ਾਨ 'ਤੇ ਨਹੀਂ ਲੜ ਸਕੇਗਾ ਚੋਣ**
- **ਪੇਂਡੂ ਵਿਕਾਸ ਵਿਚਲੇ ਅੜਿੱਕਿਆਂ ਨੂੰ ਦੂਰ ਕਰਨ ਅਤੇ ਸਿਆਸੀ ਧੜੇਬੰਦੀ ਘਟਾਉਣ ਦੇ ਯਤਨ**

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਮੰਨਣਾ ਹੈ ਕਿ ਪਾਰਟੀ ਚੋਣ ਨਿਸ਼ਾਨ 'ਤੇ ਪੰਚਾਇਤੀ ਚੋਣਾਂ ਲੜੇ ਜਾਣ ਨਾਲ ਪਿੰਡਾਂ ਵਿਚ ਸਿਆਸੀ ਧੜੇਬੰਦੀ ਵਧਦੀ ਹੈ ਅਤੇ ਫੰਡ ਅਣਵਰਤੇ ਵੀ ਰਹਿ ਜਾਂਦੇ ਹਨ। ਇਸ ਤਰ੍ਹਾਂ ਨਾਲ ਪਿੰਡਾਂ ਵਿਚ ਧੜੇਬੰਦੀ ਤੇ ਕਤਾਰਬੰਦੀ ਵਧਦੀ ਹੈ ਅਤੇ ਪੰਚਾਇਤਾਂ ਦਾ ਕੋਰਮ ਪੂਰਾ ਹੋਣ ਦੀ ਮੁਸ਼ਕਲ ਬਣ ਜਾਂਦੀ ਹੈ, ਜਿਸ ਨਾਲ ਵਿਕਾਸ ਕੰਮ ਪ੍ਰਭਾਵਿਤ ਹੁੰਦੇ ਹਨ। ਚੋਣ ਨਿਸ਼ਾਨ 'ਤੇ ਚੋਣਾਂ ਹੋਣ ਨਾਲ ਪਿੰਡਾਂ ਦਾ ਸਮਾਜਿਕ ਤਾਣਾ-ਬਾਣਾ ਵੀ ਪ੍ਰਭਾਵਿਤ ਹੁੰਦਾ ਹੈ ਅਤੇ ਕਾਨੂੰਨ ਵਿਵਸਥਾ ਵਿਗੜਨ ਦੇ ਆਸਾਰ ਬਣੇ ਰਹਿੰਦੇ ਹਨ। ਜੇ ਪੰਜਾਬ ਸਰਕਾਰ ਇਸ ਵਿਚ ਸੋਧ ਕਰ ਦਿੰਦੀ ਹੈ, ਤਾਂ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਲੜਨ ਦੇ ਰਾਹ ਬੰਦ ਹੋ ਜਾਣਗੇ।

ਜਾਣਕਾਰੀ ਮੁਤਾਬਕ ਪੰਜਾਬ ਵਿਧਾਨ ਸਭਾ ਦਾ ਮੌਨਸੂਨ ਇਜਲਾਸ ਸਤੰਬਰ ਦੇ ਪਹਿਲੇ ਹਫ਼ਤੇ ਸ਼ੁਰੂ ਹੋ ਸਕਦਾ ਹੈ, ਜਿਸ ਵਿਚ ਪੰਜਾਬ ਪੰਚਾਇਤੀ ਰਾਜ ਰੂਲਜ਼ ਦੀ ਧਾਰਾ 12 ਵਿਚ ਸੋਧ ਨੂੰ ਰੱਖਿਆ ਜਾ ਸਕਦਾ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਪੰਚਾਇਤੀ ਚੋਣਾਂ ਕਰਾਉਣ ਦੇ ਰੌਂਅ ਵਿਚ ਹੈ ਅਤੇ ਇਸ ਲਿਹਾਜ਼ ਨਾਲ ਪੰਚਾਇਤੀ ਚੋਣਾਂ ਸਤੰਬਰ ਦੇ ਅਖੀਰਲੇ ਹਫ਼ਤੇ ਹੋ ਸਕਦੀਆਂ ਹਨ। ਪੰਜਾਬ ਵਿਚ 13241 ਪੰਚਾਇਤਾਂ ਹਨ।

ਪੰਜਾਬ ਸਰਕਾਰ ਪੰਚਾਂ ਦੀਆਂ ਸਿੱਧੀਆਂ ਚੋਣਾਂ ਕਰਾਉਣ 'ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਉਪਰਲੇ ਉਮੀਦਵਾਰ (ਪੋਲ ਹੋਈਆਂ ਵੋਟਾਂ ਦੇ ਹਿਸਾਬ ਨਾਲ) ਪੰਚ ਚੁਣੇ ਜਾਣਗੇ। ਇਸ ਵਿਚ ਕਈ ਕਾਨੂੰਨੀ ਕਮੀਆਂ ਜ਼ਰੂਰ ਰੜਕਦੀਆਂ ਹਨ। ਦੱਸਣਯੋਗ ਹੈ ਕਿ 2008 'ਚ ਸਰਪੰਚਾਂ ਦੀਆਂ ਚੋਣਾਂ ਅਸਿੱਧੇ ਤੌਰ 'ਤੇ ਹੋਈਆਂ ਸਨ (ਚੁਣੇ ਗਏ ਪੰਚਾਂ ਨੇ ਸਰਪੰਚ ਦੀ ਚੋਣ ਕੀਤੀ ਸੀ) ਪਰ ਬਾਅਦ ਦੀਆਂ ਦੋ ਪੰਚਾਇਤੀ ਚੋਣਾਂ 'ਚ ਸਰਪੰਚ ਸਿੱਧੇ ਤੌਰ 'ਤੇ ਚੁਣੇ ਗਏ ਹਨ।

## ਪੰਜਾਬ 'ਚ ਤਿੰਨ ਨਵੇਂ ਰਾਜ ਸੂਚਨਾ ਕਮਿਸ਼ਨਰ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਪੰਜਾਬ ਰਾਜ ਸੂਚਨਾ ਕਮਿਸ਼ਨ ਵਿਚ ਐਡਵੋਕੇਟ ਡਾ. ਭੁਪਿੰਦਰ ਸਿੰਘ ਬਾਠ, ਸੰਦੀਪ ਸਿੰਘ ਧਾਲੀਵਾਲ ਅਤੇ ਵਰਿੰਦਰਜੀਤ ਸਿੰਘ ਬਿਲਿੰਗ ਨੂੰ ਰਾਜ ਸੂਚਨਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਹੈ। ਵਿਭਾਗ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਦੀ ਨਿਯੁਕਤੀ ਤਿੰਨ ਸਾਲਾਂ ਲਈ ਹੋਵੇਗੀ।

# ਸਿਆਸੀ ਦਫ਼ਤਰਾਂ ਲਈ 'ਆਪ' ਨੂੰ ਮਿਲੇਗੀ ਸਸਤੀ ਜ਼ਮੀਨ

**ਚੰਡੀਗੜ੍ਹ, (ਪੰਜਾਬ ਮੇਲ)**- ਆਮ ਆਦਮੀ ਪਾਰਟੀ (ਆਪ) ਨੂੰ ਜ਼ਿਲ੍ਹਾ ਪੱਧਰ 'ਤੇ ਸਿਆਸੀ ਦਫ਼ਤਰ ਬਣਾਉਣ ਲਈ ਸਸਤੇ ਭਾਅ 'ਤੇ ਸਰਕਾਰੀ ਜ਼ਮੀਨਾਂ ਦੇਣ ਦੀ ਵਿਉਂਤ ਮੁੱਢਲੇ ਪੜਾਅ 'ਤੇ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਜਿਸ ਤਰ੍ਹਾਂ ਗੱਠਜੋੜ ਸਰਕਾਰ ਦੇ ਕਾਰਜਕਾਲ ਵੇਲੇ ਰਿਆਇਤੀ ਦਰਾਂ 'ਤੇ ਜ਼ਮੀਨਾਂ ਸਿਆਸੀ ਦਫ਼ਤਰ ਖੋਲ੍ਹਣ ਵਾਸਤੇ ਦਿੱਤੀਆਂ ਗਈਆਂ ਸਨ, ਉਸੇ ਤਰ੍ਹਾਂ 'ਆਪ' ਵੀ ਜ਼ਿਲ੍ਹਾ ਪੱਧਰ 'ਤੇ ਰਿਆਇਤੀ ਭਾਅ 'ਤੇ ਜ਼ਮੀਨਾਂ ਲੈਣ ਦੀ ਇੱਛੁਕ ਹੈ। ਇਸ ਬਾਰੇ ਹੁਣ ਫ਼ੈਸਲਾ ਮੁੱਖ ਮੰਤਰੀ ਨੇ ਕਰਨਾ ਹੈ।

'ਆਪ' ਨੂੰ ਹਾਲ ਹੀ ਵਿਚ ਨਵੀਂ ਦਿੱਲੀ 'ਚ ਪਾਰਟੀ ਦਫ਼ਤਰ ਬਣਾਉਣ ਵਾਸਤੇ ਨਵਾਂ ਬੰਗਲਾ ਅਲਾਟ ਹੋਇਆ ਹੈ। ਕੌਮੀ ਪਾਰਟੀ ਦੀ ਹੈਸੀਅਤ ਤਹਿਤ 'ਆਪ' ਹੁਣ ਪੰਜਾਬ 'ਚ ਆਪਣੇ ਪੱਕੇ ਦਫ਼ਤਰ ਉਸਾਰਨਾ ਚਾਹੁੰਦੀ ਹੈ। ਪਾਰਟੀ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਦੇ ਕੇ 'ਆਪ' ਨੂੰ ਹਰ ਜ਼ਿਲ੍ਹਾ ਹੈਡਕੁਆਰਟਰ 'ਤੇ ਦਫ਼ਤਰ ਖੋਲ੍ਹਣ ਲਈ ਘੱਟੋ-ਘੱਟ ਇੱਕ ਹਜ਼ਾਰ ਵਰਗ ਗਜ਼ ਜਗ੍ਹਾ ਘੱਟ ਕੀਮਤ 'ਤੇ ਦੇਣ ਦੀ ਮੰਗ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਹਕੂਮਤ ਸਮੇਂ ਸਿਆਸੀ ਪਾਰਟੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਸਸਤੇ ਭਾਅ 'ਤੇ ਜ਼ਮੀਨਾਂ ਦੇਣ ਦੀ ਨੀਤੀ ਬਣੀ ਸੀ। ਉਸ ਵੇਲੇ ਸਥਾਨਕ ਸਰਕਾਰਾਂ ਵਿਭਾਗ ਨੇ 6 ਅਪਰੈਲ 2010 ਨੂੰ ਨੋਟੀਫਿਕੇਸ਼ਨ ਨੰਬਰ 5,10,09 (5) 3 ਐੱਲ.ਜੀ. 2,528 ਪਾਸ ਕਰਕੇ ਨਿਯਮਾਂ ਵਿਚ ਸੋਧ ਕੀਤੀ ਸੀ ਕਿ ਵਿਧਾਨ ਸਭਾ ਵਿਚ ਮਾਨਤਾ ਪ੍ਰਾਪਤ ਪਾਰਟੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਪਾਰਟੀ ਦਫ਼ਤਰ ਬਣਾਉਣ ਖ਼ਾਤਰ ਜ਼ਮੀਨ ਦਿੱਤੀ ਜਾ ਸਕਦੀ ਹੈ। ਇਸੇ ਨੀਤੀ ਤਹਿਤ ਹੁਣ 'ਆਪ' ਨੂੰ ਦਫ਼ਤਰ ਵਾਸਤੇ ਜਗ੍ਹਾ ਦੇਣ ਦਾ ਰਾਹ ਖੁੱਲ੍ਹ ਗਿਆ ਹੈ। ਸਰਕਾਰੀ ਨੀਤੀ ਅਨੁਸਾਰ ਉਨ੍ਹਾਂ ਸਿਆਸੀ ਪਾਰਟੀਆਂ ਨੂੰ ਦਫ਼ਤਰ ਬਣਾਉਣ ਲਈ ਜ਼ਮੀਨ ਰਿਆਇਤੀ ਭਾਅ 'ਤੇ ਦਿੱਤੀ ਜਾ ਸਕਦੀ ਹੈ, ਜਿਸ ਪਾਰਟੀ ਕੋਲ ਆਪਣਾ ਜ਼ਿਲ੍ਹਾ ਪੱਧਰ 'ਤੇ ਕੋਈ ਦਫ਼ਤਰ ਨਹੀਂ ਹੈ। ਜਦੋਂ ਇਹ ਨੀਤੀ ਬਣੀ ਸੀ, ਤਾਂ ਇਸ ਨੀਤੀ ਦਾ ਲਾਹਾ ਸਿਰਫ਼ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਹੀ ਮਿਲਿਆ ਸੀ। ਨਗਰ ਸੁਧਾਰ ਟਰੱਸਟਾਂ ਨੇ ਕਈ ਜ਼ਿਲ੍ਹਿਆਂ ਵਿਚ ਰਾਖਵੀਂ ਕੀਮਤ ਤੋਂ ਕਾਫ਼ੀ ਘੱਟ ਕੀਮਤ 'ਤੇ ਅਹਿਮ ਜਾਇਦਾਦ ਦੀ ਅਲਾਟਮੈਂਟ ਪਾਰਟੀ ਦਫ਼ਤਰ ਬਣਾਉਣ ਵਾਸਤੇ ਕੀਤੀ ਸੀ। ਸੰਗਰੂਰ ਦੇ ਨਗਰ ਸੁਧਾਰ ਟਰੱਸਟ ਨੇ ਭਾਜਪਾ ਨੂੰ ਰਾਖਵੀਂ ਕੀਮਤ ਦੇ ਚੌਥੇ ਹਿੱਸੇ ਦੇ ਭਾਅ ਵਿਚ ਹੀ 747.33 ਗਜ਼ ਜਗ੍ਹਾ ਅਲਾਟ ਕੀਤੀ। ਸੰਗਰੂਰ ਦੀ ਮਹਾਰਾਜਾ ਰਣਜੀਤ ਸਿੰਘ ਮਾਰਕੀਟ (7 ਏਕੜ ਸਕੀਮ) ਵਿਚ ਭਾਜਪਾ ਨੂੰ ਪਾਰਟੀ ਦਫ਼ਤਰ ਵਾਸਤੇ 12.33 ਲੱਖ ਰੁਪਏ ਵਿਚ ਹੀ ਜਗ੍ਹਾ ਦਿੱਤੀ ਗਈ ਸੀ। ਬਠਿੰਡਾ ਦੇ ਨਗਰ ਸੁਧਾਰ ਟਰੱਸਟ ਨੇ ਭਾਜਪਾ ਨੂੰ 16.44 ਏਕੜ ਸਕੀਮ ਵਿਚ 698 ਗਜ਼ ਜਗ੍ਹਾ ਸਿਰਫ਼ 2,000 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦੇ ਦਿੱਤੀ, ਜਦਕਿ ਇਸ ਸਕੀਮ ਵਿਚ ਮਾਰਕੀਟ ਭਾਅ ਬਹੁਤ ਜ਼ਿਆਦਾ ਸੀ। ਭਾਜਪਾ ਨੂੰ ਸਰਕਾਰੀ ਮਦਦ ਨਾਲ ਪੌਣੇ ਦੋ ਕਰੋੜ ਰੁਪਏ ਦਾ ਫ਼ਾਇਦਾ ਹੋਇਆ। ਇਸੇ ਤਰ੍ਹਾਂ ਟਰੱਸਟ ਨੇ ਮਤਾ ਨੰਬਰ 9 ਮਿਤੀ 14 ਮਾਰਚ 2011 ਨੂੰ ਟਰਾਂਸਪੋਰਟ ਨਗਰ ਵਿਚ ਜਨਤਕ ਇਮਾਰਤ ਲਈ ਰਾਖਵੀਂ ਜਾਇਦਾਦ 'ਚੋਂ 3,978 ਗਜ਼ ਜਗ੍ਹਾ ਸ਼੍ਰੋਮਣੀ ਅਕਾਲੀ ਦਲ ਨੂੰ ਅਲਾਟ ਕਰ ਦਿੱਤੀ, ਜਿਸ ਦਾ ਭਾਅ 1,180 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਵਸੂਲਿਆ ਗਿਆ। ਅਕਾਲੀ ਦਲ ਨੂੰ 7.95 ਕਰੋੜ ਰੁਪਏ ਦੀ ਜਗ੍ਹਾ 46.94 ਲੱਖ ਰੁਪਏ ਵਿਚ ਹੀ ਮਿਲ ਗਈ ਸੀ।

## ਨਗਰ ਸੁਧਾਰ ਟਰੱਸਟ ਜਲੰਧਰ ਨੇ 1,097 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦਿੱਤੀ ਸੀ ਜ਼ਮੀਨ

ਅਕਾਲੀ-ਭਾਜਪਾ ਹਕੂਮਤ ਵੇਲੇ ਨਗਰ ਸੁਧਾਰ ਟਰੱਸਟ ਜਲੰਧਰ ਨੇ ਭਾਜਪਾ ਨੂੰ ਚਾਰ ਕਨਾਲ ਜਗ੍ਹਾ 2,717 ਰੁਪਏ ਪ੍ਰਤੀ ਗਜ਼ ਅਤੇ ਅਕਾਲੀ ਦਲ ਨੂੰ ਚਾਰ ਕਨਾਲ ਜਗ੍ਹਾ 1,097 ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦਿੱਤੀ ਸੀ। ਇਹ ਜਗ੍ਹਾ ਕੁਲੈਕਟਰ ਰੇਟ ਦੇ ਇੱਕ ਚੌਥਾਈ ਭਾਅ ਵਿਚ ਹੀ ਜਗ੍ਹਾ ਦਿੱਤੀ ਹੈ। ਹੁਸ਼ਿਆਰਪੁਰ ਦੇ ਨਗਰ ਸੁਧਾਰ ਟਰੱਸਟ ਨੇ ਭਾਜਪਾ ਨੂੰ ਜ਼ਿਲ੍ਹਾ ਦਫ਼ਤਰ ਲਈ 746.66 ਗਜ਼ ਜਗ੍ਹਾ ਚੰਡੀਗੜ੍ਹ ਰੋਡ ਸਥਿਤ ਸਕੀਮ ਨੰਬਰ 11 'ਚ 24.03 ਲੱਖ (ਕਰੀਬ 3,221 ਰੁਪਏ ਪ੍ਰਤੀ ਗਜ਼) ਅਲਾਟ ਕੀਤੀ ਅਤੇ ਅਕਾਲੀ ਦਲ ਨੂੰ 21.84 ਲੱਖ ਰੁਪਏ (ਕਰੀਬ 2,928 ਰੁਪਏ ਪ੍ਰਤੀ ਗਜ਼) ਵਿਚ 746.66 ਗਜ਼ ਜਗ੍ਹਾ ਅਲਾਟ ਕੀਤੀ ਗਈ। ਨਗਰ ਸੁਧਾਰ ਟਰੱਸਟ ਫਗਵਾੜਾ, ਬਰਨਾਲਾ ਅਤੇ ਫ਼ਰੀਦਕੋਟ ਵੱਲੋਂ ਸਿਆਸੀ ਪਾਰਟੀਆਂ ਨੂੰ ਦਫ਼ਤਰਾਂ ਲਈ ਜਗ੍ਹਾ ਦੇਣ ਵਾਸਤੇ ਪਾਸ ਮਤੇ ਕਿਸੇ ਤਣ ਪੱਤਣ ਨਹੀਂ ਲੱਗੇ ਸਨ। ਨਗਰ ਸੁਧਾਰ ਟਰੱਸਟ ਪਠਾਨਕੋਟ ਨੇ ਵੀ ਭਾਜਪਾ ਨੂੰ ਟਰੱਕ ਸਟੈਂਡ ਸਕੀਮ ਵਿਚ 1500 ਵਰਗ ਗਜ਼ ਦਾ ਪਲਾਟ ਅਲਾਟ ਕੀਤਾ ਸੀ।



# ਪੰਜਾਬ ਸਰਕਾਰ ਵੱਲੋਂ ਨਵੀਂ ਦਿੱਲੀ ਦੇ ਏਅਰਪੋਰਟ 'ਤੇ 'ਪੰਜਾਬ ਸਹਾਇਤਾ ਕੇਂਦਰ' ਸਥਾਪਤ

**ਐੱਨ.ਆਰ.ਆਈਜ਼ ਨੂੰ ਢੁਕਵੀਆਂ ਸਹੂਲਤਾਂ ਅਤੇ ਮਦਦ ਦੇਵੇਗਾ**




**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਭਰ 'ਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਨੂੰ ਇਥੋਂ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦੇ ਟਰਮੀਨਲ-3 ਵਿਚ 'ਪੰਜਾਬ ਸਹਾਇਤਾ ਕੇਂਦਰ' ਦੇ ਨਾਂ ਹੇਠ ਆਲ੍ਹਾ ਦਰਜੇ ਦਾ ਐੱਨ.ਆਰ.ਆਈ. ਸੁਵਿਧਾ ਕੇਂਦਰ ਲੋਕਾਂ ਨੂੰ ਸਮਰਪਿਤ ਕੀਤਾ।

ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਲਈ ਇਕ ਇਤਿਹਾਸਕ ਦਿਨ ਹੈ ਕਿਉਂਕਿ ਪੰਜਾਬ ਅਜਿਹਾ ਉਪਰਾਲਾ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਤੋਂ ਸੂਬਾ ਸਰਕਾਰ ਦੀ ਐੱਨ.ਆਰ.ਆਈ. ਭਾਈਚਾਰੇ ਦੀ ਮਦਦ ਅਤੇ ਸਹਿਯੋਗ ਕਰਨ ਲਈ ਦ੍ਰਿੜ੍ਹ ਵਚਨਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਇਹ ਕੇਂਦਰ 24 ਘੰਟੇ ਕਾਰਜਸ਼ੀਲ ਰਹੇਗਾ ਅਤੇ ਇਸ ਟਰਮੀਨਲ ਉੱਤੇ ਆਉਣ ਵਾਲੇ ਐੱਨ.ਆਰ.ਆਈਜ਼ ਅਤੇ ਹੋਰ ਮੁਸਾਫਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕੇਂਦਰ ਕੋਲ ਦੋ ਇਨੋਵਾ ਕਾਰਾਂ ਹੋਣਗੀਆਂ, ਜੋ ਮੁਸਾਫਰਾਂ ਨੂੰ ਪੰਜਾਬ ਭਵਨ ਜਾਂ ਹੋਰ ਨੇੜਲੀਆਂ ਥਾਵਾਂ ਉੱਤੇ ਲਿਜਾਣ ਲਈ ਸਹਾਇਤਾ ਕਰਨਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਸਹਾਇਤਾ ਲੈਣ ਲਈ 011-61232182 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟੈਂਡਰ ਘੁਟਾਲਾ: ਅਦਾਲਤ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਭੇਜਿਆ ਜੇਲ੍ਹ



**ਜਲੰਧਰ, (ਪੰਜਾਬ ਮੇਲ)-** ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਮਾਣਯੋਗ ਅਦਾਲਤ ਵੱਲੋਂ 14 ਦਿਨਾਂ ਦੀ ਜੁਡੀਸ਼ੀਅਲ ਕਸਟਡੀ 'ਤੇ ਭੇਜ ਦਿੱਤਾ ਗਿਆ ਹੈ। ਆਸ਼ੂ ਹੁਣ 14 ਦਿਨ ਜੇਲ੍ਹ ਵਿਚ ਰਹਿਣਗੇ ਤੇ 14 ਦਿਨ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ। ਦੱਸ ਦਈਏ ਕਿ ਭਾਰਤ ਭੂਸ਼ਣ ਆਸ਼ੂ ਨੂੰ ਈ.ਡੀ. ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਈ.ਡੀ. ਅਧਿਕਾਰੀਆਂ ਵੱਲੋਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਸਖ਼ਤ ਸੁਰੱਖਿਆ ਵਿਚਕਾਰ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਧਰਮਿੰਦਰ ਪਾਲ ਸਿੰਗਲਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਦੱਸ ਦਈਏ ਕਿ ਈ.ਡੀ. ਵੱਲੋਂ ਆਸ਼ੂ ਨੂੰ 1 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਅਧਿਕਾਰੀਆਂ ਨੇ ਆਸ਼ੂ ਨੂੰ ਪਿਛਲੇ 10 ਦਿਨਾਂ ਦੇ ਰਿਮਾਂਡ 'ਤੇ ਲਿਆ ਹੋਇਆ ਸੀ ਤੇ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਸੀ। ਆਸ਼ੂ ਪੰਜਾਬ ਵਿਚ ਕਾਂਗਰਸ ਸਰਕਾਰ ਵੇਲੇ ਮੰਤਰੀ ਸਨ ਤੇ ਉਸ ਵੇਲੇ ਹੋਏ ਟੈਂਡਰ ਘਪਲੇ ਮਾਮਲੇ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਈ.ਡੀ. ਦੇ ਵਕੀਲ ਅਜੇ ਪਠਾਨਿਆਂ ਅਤੇ ਹੋਰਨਾਂ ਮੌਜੂਦ ਵਕੀਲਾਂ ਵੱਲੋਂ ਅਦਾਲਤ ਵਿਚ ਭਾਰਤ ਭੂਸ਼ਣ ਆਸ਼ੂ ਵੱਲੋਂ ਕੀਤੇ ਗਏ ਕਰੋੜਾਂ ਰੁਪਏ ਦੇ ਘਪਲੇ ਨੂੰ ਲੈ ਕੇ ਦਸਤਾਵੇਜ ਪੇਸ਼ ਕੀਤੇ ਗਏ। ਜਿੱਥੇ ਅਦਾਲਤ ਨੇ ਦੋਵੇਂ ਪੱਖਾਂ ਦੇ ਵਕੀਲਾਂ ਦੀ ਬਹਿਸ ਸੁਣਨ ਉਪਰੰਤ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 14 ਦਿਨਾਂ ਲਈ ਜੁਡੀਸ਼ੀਅਲ ਹਿਰਾਸਤ ਵਿਚ ਜੇਲ੍ਹ ਭੇਜੇ ਜਾਣ ਦਾ ਹੁਕਮ ਸੁਣਾਇਆ ਹੈ।

## ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮਿਲੀ 21 ਦਿਨਾਂ ਦੀ ਫ਼ਰਲੋ; ਆਇਆ ਬਾਹਰ



**ਚੰਡੀਗੜ੍ਹ, (ਪੰਜਾਬ ਮੇਲ)-** ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 21 ਦਿਨਾਂ ਦੀ ਫ਼ਰਲੋ ਦਿੱਤੀ ਗਈ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਰਾਮ ਰਹੀਮ ਉੱਤਰ ਪ੍ਰਦੇਸ਼ ਦੇ ਬਾਗਪਤ ਵਿਚ ਬਰਨਾਵਾ ਸਥਿਤ ਡੇਰਾ ਆਸ਼ਰਮ ਰਹੇਗਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਪਟੀਸ਼ਨ ਦਾ ਨਿਪਟਾਰਾ ਕਰਨ ਤੋਂ ਕੁਝ ਦਿਨ ਬਾਅਦ ਹੀ ਸਿਰਸਾ ਸਥਿਤ ਡੇਰਾ ਸੰਪਰਦਾ ਦੇ ਮੁਖੀ ਨੂੰ ਆਰਜ਼ੀ ਰਿਹਾਈ ਦਿੱਤੀ ਗਈ ਸੀ। ਹਾਈ ਕੋਰਟ ਨੇ 9 ਅਗਸਤ ਨੂੰ ਕਿਹਾ ਸੀ ਕਿ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਦੀ ਪਟੀਸ਼ਨ 'ਤੇ ਸਮਰੱਥ ਅਧਿਕਾਰੀ ਵੱਲੋਂ ਬਿਨਾਂ ਕਿਸੇ ਮਨਮਾਨੀ ਜਾਂ ਪੱਖਪਾਤ ਦੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਜੂਨ ਮਹੀਨੇ ਦੌਰਾਨ ਡੇਰਾ ਮੁਖੀ ਨੇ ਹਾਈ ਕੋਰਟ ਦਾ ਰੁਖ਼ ਕਰਦਿਆਂ ਉਸਨੂੰ 21 ਦਿਨਾਂ ਦੀ ਛੁੱਟੀ ਦੇਣ ਦੀ ਮੰਗ ਕੀਤੀ ਇਸ ਤੋਂ ਪਹਿਲਾਂ 29 ਫਰਵਰੀ ਨੂੰ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਡੇਰਾ ਸੱਚਾ ਸੌਦਾ ਮੁਖੀ ਨੂੰ ਉਸ ਦੀ ਇਜਾਜ਼ਤ ਤੋਂ ਬਿਨਾਂ ਹੋਰ ਪੈਰੋਲ ਨਾ ਦਿੱਤੀ ਜਾਵੇ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 19 ਜਨਵਰੀ ਨੂੰ 50 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਮੁਖੀ ਦੋ ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ।

# ਰਾਘਵ ਚੱਢਾ ਵੱਲੋਂ ਰਾਜ ਸਭਾ 'ਚ ਚੁੱਕਿਆ ਗਿਆ ਸ੍ਰੀ ਨਨਕਾਣਾ ਸਾਹਿਬ ਲਾਂਘੇ ਦਾ ਮੁੱਦਾ

**ਸੁਰੱਖਿਅਤ ਲਾਂਘੇ ਲਈ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ ਦੀ ਅਪੀਲ**



**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਬੁੱਧਵਾਰ ਨੂੰ ਰਾਜ ਸਭਾ ਵਿਚ ਸ੍ਰੀ ਨਨਕਾਣਾ ਸਾਹਿਬ ਲਾਂਘੇ ਦਾ ਮੁੱਦਾ ਚੁੱਕਿਆ। ਸ੍ਰੀ ਚੱਢਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਵਾਂਗ ਸ੍ਰੀ ਨਨਕਾਣਾ ਸਾਹਿਬ ਨੂੰ ਸੁਰੱਖਿਅਤ ਲਾਂਘਾ ਬਣਾਉਣ ਲਈ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰੇ।

ਰਾਘਵ ਚੱਢਾ ਨੇ ਕਿਹਾ ਕਿ ਇਹ ਮਾਮਲਾ ਕਰੋੜਾਂ ਪੰਜਾਬੀਆਂ ਦੀ ਆਸਥਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਕ੍ਰਿਪਾ ਨਾਲ ਪਵਿੱਤਰ ਹੈ। ਰਾਜ ਸਭਾ ਮੈਂਬਰ ਨੇ ਕਿਹਾ ਕਿ 1947 ਦੀ ਵੰਡ ਸਮੇਂ ਦੇਸ਼ ਹੀ ਨਹੀਂ, ਸਗੋਂ ਪੰਜਾਬ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਉਨ੍ਹਾਂ ਕਿਹਾ, "ਦੇਸ਼ ਦੀ ਵੰਡ ਸਮੇਂ ਮੇਰੇ ਪਰਿਵਾਰ ਸਮੇਤ ਲੱਖਾਂ ਪੰਜਾਬੀ ਪਰਿਵਾਰਾਂ ਦਾ ਖ਼ੂਨ ਵਹਾਇਆ ਗਿਆ। ਬਹੁਤ ਸਾਰੇ ਦੋਸਤ ਅਤੇ ਰਿਸ਼ਤੇਦਾਰ ਸਾਡੇ ਤੋਂ ਵਿੱਛੜ ਗਏ, ਪਰ ਇਸ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਸਾਡੇ ਗੁਰਦੁਆਰਾ ਸਾਹਿਬ ਵੀ ਸਾਡੇ ਤੋਂ ਵਿੱਛੜ ਗਏ।" ਉਨ੍ਹਾਂ ਕੇਂਦਰ ਸਰਕਾਰ ਅੱਗੇ ਤਿੰਨ ਮੰਗਾਂ ਰੱਖੀਆਂ। ਪਹਿਲੀ, ਜਿਸ ਤਰ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਬਣਾ ਕੇ ਸੰਗਤਾਂ ਨੂੰ ਦਰਸ਼ਨ ਕਰਨ ਅਤੇ ਮੱਥਾ ਟੇਕਣ ਦਾ ਪ੍ਰਬੰਧ ਕੀਤਾ ਗਿਆ ਹੈ, ਉਸੇ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਲਾਂਘੇ ਸਬੰਧੀ ਵੀ ਕੰਮ ਕੀਤਾ ਜਾਵੇ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਮਿਲ ਕੇ ਲਾਂਘਾ ਬਣਾਉਣਾ ਚਾਹੀਦਾ ਹੈ।

ਦੂਸਰੀ, ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਵੀਜ਼ਾ, ਪਾਸਪੋਰਟ, ਫ਼ੀਸ ਜਾਂ ਕੋਈ ਹੋਰ ਗੁੰਝਲਦਾਰ ਪ੍ਰਕਿਰਿਆ ਨਹੀਂ ਹੋਣੀ ਚਾਹੀਦੀ। ਤੀਸਰੀ, ਅੰਮ੍ਰਿਤਸਰ ਦੇ ਵਾਹਗਾ-ਅਟਾਰੀ ਬਾਰਡਰ ਤੋਂ ਸ੍ਰੀ ਨਨਕਾਣਾ ਸਾਹਿਬ ਦੀ ਦੂਰੀ 104 ਕਿਲੋਮੀਟਰ ਹੈ। ਇਹ ਦੂਰੀ ਕਾਰ ਜਾਂ ਬੱਸ ਰਾਹੀਂ ਢਾਈ ਘੰਟੇ ਵਿਚ ਆਸਾਨੀ ਨਾਲ ਪੂਰੀ ਕੀਤੀ ਜਾ ਸਕਦੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com









# ਪੰਜਾਬ 'ਚ ਬੈਠ ਕੇ ਅਮਰੀਕਾ 'ਚ ਮਾਰੀ ਜਾਂਦੀ ਸੀ ਠੱਗੀ; ਫਰਜ਼ੀ ਕਾਲ ਸੈਂਟਰ ਰਾਹੀਂ ਆਨਲਾਈਨ ਠੱਗੀ ਦਾ ਜਾਲ

**ਮੋਹਾਲੀ, (ਪੰਜਾਬ ਮੇਲ)-** ਜ਼ੀਰਕਪੁਰ ਤੋਂ ਫਰਜ਼ੀ ਕਾਲ ਸੈਂਟਰ ਰਾਹੀਂ ਆਨਲਾਈਨ ਠੱਗੀ ਦਾ ਜਾਲ ਵਿਛਾਉਣ ਵਾਲੇ ਮੁਲਜ਼ਮਾਂ ਦੀ ਗਿਣਤੀ ਹੁਣ 21 ਹੋ ਚੁੱਕੀ ਹੈ। ਮੁਲਜ਼ਮਾਂ 'ਚ 4 ਅਫਰੀਕੀ ਅਤੇ 3 ਕੁੜੀਆਂ ਵੀ ਸ਼ਾਮਲ ਹਨ। ਇਨ੍ਹਾਂ ਦੀ ਪਛਾਣ ਰਾਜਸਥਾਨ ਦੇ ਮੁਹੰਮਦ ਨਦੀਮ ਕੁਰੇਸ਼ੀ, ਤੌਸੀਫ਼ ਅਹਿਮਦ, ਢਕੋਲੀ ਦੀ ਰੀਆ ਚੌਹਾਨ, ਬਿਹਾਰ ਦੀ ਮਾਲਤੀ, ਸ਼ਿਵਾਨੀ, ਫਤਹਿਗੜ੍ਹ ਸਾਹਿਬ ਦੇ ਅਜੈ ਕੁਮਾਰ, ਕਰਨਾਲ ਦੇ ਮਯੰਕ, ਪੀਲੀਭੀਤ ਦੇ ਪ੍ਰਭਦੀਪ ਸਿੰਘ, ਰਾਹੁਲ, ਦਿੱਲੀ ਦੇ ਨਿਤੀਸ਼, ਅਫਰੀਕੀ ਚਿਲੂਕੀਆ, ਅਬਦੁਲ ਰਹੀਮ, ਲਿਉਲ, ਉਮਰ ਜਾਫਰੀ, ਅਸਮ ਦੇ ਸ਼ਿਵਾ, ਵੈਸਟ ਬੰਗਾਲ ਦੇ ਆਦਿਤਿਆ ਕਪੂਰ, ਅਮੀਰਪ੍ਰਸ਼ੀ, ਪ੍ਰਣਬ ਬੈਨਰਜੀ, ਰਾਜਸਥਾਨ ਦੀ ਅਕਸ਼ਰਾ, ਤੌਸ਼ਿਫ਼ ਤੇ ਉੱਤਰਾਖੰਡ ਦੇ ਆਕਾਸ਼ ਬਿਸ਼ਟ ਵਜੋਂ ਹੋਈ ਹੈ। ਮੁਲਜ਼ਮਾਂ ਕੋਲੋਂ 20 ਲੈਪਟਾਪ, 1.44 ਲੱਖ ਰੁਪਏ, ਵਿਦੇਸ਼ੀ ਕਰੰਸੀ, 3 ਪਾਸਪੋਰਟ ਤੇ ਬੈਂਕਾਂ ਦੀਆਂ 3 ਚੈੱਕ ਬੁੱਕਾਂ ਬਰਾਮਦ ਕੀਤੀਆਂ ਹਨ। ਜਾਂਚ 'ਚ ਸਾਹਮਣੇ ਆਇਆ ਹੈ ਕਿ ਤਿੰਨ ਤਰੀਕੇ ਅਪਣਾ ਕੇ ਮੁਲਜ਼ਮ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਹੁਣ ਤੱਕ ਦੀ ਜਾਂਚ 'ਚ ਸਾਹਮਣੇ ਆਇਆ ਕਿ ਮੁਲਜ਼ਮ ਨਦੀਮ ਮਾਸਟਰਮਾਈਂਡ ਹੈ। ਸਾਰੇ ਮੁਲਜ਼ਮ ਜ਼ੀਰਕਪੁਰ ਥਾਣਾ ਪੁਲਿਸ ਦੇ ਰਿਮਾਂਡ 'ਤੇ ਹਨ। ਐੱਸ.ਪੀ. (ਜਾਂਚ) ਜਿਓਤੀ ਯਾਦਵ ਅਨੁਸਾਰ ਗਿਰੋਹ ਦੇ ਕਈ ਮੈਂਬਰ ਜ਼ੀਰਕਪੁਰ 'ਚ ਵੱਖ-ਵੱਖ ਥਾਵਾਂ 'ਤੇ ਕਿਰਾਏ ਦੇ ਮਕਾਨਾਂ 'ਚ ਰਹਿ ਕੇ ਫਰਜ਼ੀ ਕਾਲ ਸੈਂਟਰ ਚਲਾ ਰਹੇ ਹਨ।

ਅਮਰੀਕੀ ਮੂਲ ਦੇ ਲੋਕਾਂ ਨਾਲ ਧੋਖਾਧੜੀ ਕਰਨ ਲਈ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਂਦਾ ਸੀ। ਜੁਆਇਨਿੰਗ ਤੋਂ ਬਾਅਦ ਆਈ.ਟੀ. ਮਾਹਿਰ, ਗ੍ਰੈਜੂਏਟ ਤੇ 12ਵੀਂ ਪਾਸ ਅੰਗਰੇਜ਼ੀ ਬੋਲਣ 'ਚ ਮਾਹਿਰ ਮੁੰਡੇ-ਕੁੜੀਆਂ ਤਿੰਨ ਤਰੀਕੀਆਂ ਨਾਲ ਮਨਸੂਬੇ ਨੂੰ ਅੰਜਾਮ ਦਿੰਦੇ ਸਨ।

ਕਾਲ ਕਰਕੇ ਅਮਰੀਕੀ ਨੂੰ ਦੱਸਿਆ ਜਾਂਦਾ ਸੀ ਕਿ ਉਹ ਮੈਕਸੀਕੋ ਬਾਰਡਰ ਤੋਂ ਗੱਲ ਕਰ ਰਹੇ ਹਨ। ਉਨ੍ਹਾਂ ਦੇ ਨਾਂ ਦਾ ਇਤਰਾਜ਼ਯੋਗ ਸਾਮਾਨ ਨਾਲ ਭਰਿਆ ਪਾਰਸਲ ਫੜਿਆ ਗਿਆ ਹੈ, ਇਸ ਲਈ ਲੋੜੀਂਦੀ ਪੁੱਛਗਿੱਛ ਕੀਤੀ ਜਾਵੇਗੀ। ਇਸ ਤੋਂ ਬਾਅਦ ਐਪ ਦੀ ਵਰਤੋਂ ਕਰਕੇ ਉਸ ਵਿਅਕਤੀ ਤੇ ਬੈਂਕ ਖਾਤੇ ਨਾਲ ਸਬੰਧਤ ਜਾਣਕਾਰੀ ਹਾਸਲ ਕਰਕੇ ਦੱਸੇ ਗਏ ਖਾਤਿਆਂ 'ਚ ਪੈਸੇ ਟਰਾਂਸਫਰ ਕਰਵਾਏ ਜਾਂਦੇ ਸਨ।

**ਦੂਸਰਾ ਤਰੀਕਾ** - ਅਮਰੀਕੀ ਨਾਗਰਿਕ ਨੂੰ ਕਾਲ ਕਰਕੇ ਖ਼ੁਦ ਨੂੰ ਸਰਵਿਸ ਪ੍ਰੋਵਾਈਡਰ ਦੱਸ ਕੇ ਗੱਲਾਂ 'ਚ ਉਲਝਾ ਦਿੱਤਾ ਜਾਂਦਾ ਸੀ। ਮੁਲਜ਼ਮ ਲਿੰਕ 'ਤੇ ਕਲਿੱਕ ਕਰਵਾ ਲੈਂਦਾ ਸੀ, ਫਿਰ ਬੈਂਕ ਖਾਤੇ 'ਚੋਂ ਪੈਸੇ ਟਰਾਂਸਫਰ ਕਰਵਾ ਲੈਂਦਾ ਸੀ।

**ਤੀਜਾ ਤਰੀਕਾ**- ਅਮਰੀਕੀ ਮੂਲ ਦੇ ਵਿਅਕਤੀ ਨੂੰ ਇਕ ਲਿੰਕ ਭੇਜ ਕੇ ਉਸ 'ਤੇ ਕਲਿੱਕ ਕਰਵਾ ਕੇ ਖਾਤੇ ਦੀ ਜਾਣਕਾਰੀ ਹਾਸਲ ਕਰ ਸੰਧ ਲਾਈ ਜਾਂਦੀ ਸੀ। ਮੁਲਜ਼ਮਾਂ ਕੋਲੋਂ ਬਰਾਮਦ ਲੈਪਟਾਪ ਦੇ ਡਾਟਾ ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਪਤਾ ਲਾਇਆ ਜਾ ਸਕੇ ਕਿ ਹੁਣ ਤੱਕ ਕਿੰਨੇ ਅਮਰੀਕੀਆਂ ਨੂੰ ਨਿਸ਼ਾਨਾ ਬਣਾਇਆ ਹੈ ਤੇ ਕਿੰਨੇ ਪੈਸੇ ਦੀ ਧੋਖਾਧੜੀ ਕਰ ਚੁੱਕੇ ਹਨ। ਜਾਂਚ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਕ੍ਰਿਪਟੋ ਕਰੰਸੀ ਤੇ ਬਿਟਕੁਆਇਨ ਵੀ ਟਰਾਂਸਫਰ ਕਰਵਾ ਲੈਂਦੇ ਸਨ। ਐੱਸ.ਪੀ. ਨੇ ਦੱਸਿਆ ਕਿ ਫੜੇ ਗਏ ਅਫਰੀਕੀ ਮੂਲ ਦੇ ਮੁਲਜ਼ਮ ਪਾਸਪੋਰਟ ਐਕਸਪਾਇਰ ਹੋਣ ਦੇ ਬਾਵਜੂਦ ਰਹਿ ਰਹੇ ਸਨ। ਸਾਰੇ ਕਰਮਚਾਰੀਆਂ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਉਹ ਧੋਖਾਧੜੀ ਕਰ ਰਹੇ ਸਨ ਤੇ ਉਨ੍ਹਾਂ ਨੂੰ 25 ਹਜ਼ਾਰ ਰੁਪਏ ਮਹੀਨਾ ਤਨਖ਼ਾਹ ਤੇ ਧੋਖਾਧੜੀ ਦੇ ਪੈਸਿਆਂ 'ਚੋਂ ਕੁਝ ਹਿੱਸਾ ਦਿੱਤਾ ਜਾਂਦਾ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ; ਜੇਲ੍ਹ 'ਚ ਬੰਦ ਦੋਸ਼ੀ ਗੁਰਮੀਤ ਸਿੰਘ ਨੂੰ ਮਿਲੀ ਜ਼ਮਾਨਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲਕਾਂਡ ਮਾਮਲੇ ਦੇ ਦੋਸ਼ੀ ਗੁਰਮੀਤ ਸਿੰਘ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਲੋਂ ਜ਼ਮਾਨਤ ਦਿੱਤੀ ਗਈ ਹੈ। ਗੁਰਮੀਤ ਸਿੰਘ ਬੀਤੇ ਕਈ ਸਾਲਾਂ ਤੋਂ ਸਲਾਖ਼ਾਂ ਪਿੱਛੇ ਹੈ। ਗੁਰਮੀਤ ਸਿੰਘ ਦੇ ਵਕੀਲ ਰਵਿੰਦਰ ਸਿੰਘ ਵਾਸੀ ਨੇ ਦਾਇਰ ਜ਼ਮਾਨਤ ਅਰਜ਼ੀ 'ਚ ਕਿਹਾ ਸੀ ਕਿ ਗੁਰਮੀਤ ਦੀ ਪ੍ਰੀ-ਮੈਚਿਓਰ ਰਿਲੀਜ਼ਨ ਦੀ ਅਰਜ਼ੀ 'ਤੇ ਫ਼ੈਸਲਾ ਨਾ ਹੋਣ ਤੱਕ ਉਨ੍ਹਾਂ ਨੂੰ ਜ਼ਮਾਨਤ ਦਾ ਲਾਭ ਦਿੱਤਾ ਜਾਵੇ।

ਦਾਇਰ ਜ਼ਮਾਨਤ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਨਵਰੀ, 2023 ਦੇ ਇਕ ਫ਼ੈਸਲੇ 'ਤੇ ਆਧਾਰਿਤ ਸੀ। ਵਕੀਲ ਰਵਿੰਦਰ ਸਿੰਘ ਅਨੁਸਾਰ ਮੰਗਲਵਾਰ ਨੂੰ ਜ਼ਮਾਨਤ ਬਾਂਡ ਦੀ ਕਾਰਵਾਈ ਪੂਰੀ ਨਾ ਹੋਣ ਕਾਰਨ ਗੁਰਮੀਤ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਗੁਰਮੀਤ ਨੂੰ ਪੈਰੋਲ ਵੀ ਮਿਲੀ ਸੀ। ਹਾਲਾਂਕਿ ਸਮੇਂ 'ਤੇ ਆਤਮ-ਸਮਰਪਣ ਨਾ ਕਰਨ 'ਤੇ ਗੁਰਮੀਤ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਵੀ ਜਾਰੀ ਕੀਤੇ ਗਏ ਸਨ, ਜਿਸ ਤੋਂ ਬਾਅਦ ਉਸ ਨੇ ਆਤਮ-ਸਮਰਪਣ ਕਰ ਦਿੱਤਾ ਸੀ। ਗੁਰਮੀਤ ਸਿੰਘ 1995 ਤੋਂ ਸਲਾਖ਼ਾਂ ਪਿੱਛੇ ਆਪਣੀ ਸਜ਼ਾ ਕੱਟ ਰਿਹਾ ਹੈ। ਅਦਾਲਤ ਨੇ ਜੁਲਾਈ 2007 ਵਿਚ ਬੇਅੰਤ ਸਿੰਘ ਕਤਲ ਕੇਸ ਵਿਚ ਬੰਦੀ ਸਿੰਘ ਗੁਰਮੀਤ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

## ਅਕਾਲੀ ਦਲ ਵੱਲੋਂ ਭੂੰਦੜ ਦੀ ਅਗਵਾਈ ਹੇਠ ਸੰਸਦੀ ਬੋਰਡ ਦਾ ਗਠਨ



ਬਲਵਿੰਦਰ ਸਿੰਘ ਭੂੰਦੜ, ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ, ਦਲਜੀਤ ਸਿੰਘ ਚੀਮਾ।

**ਚੰਡੀਗੜ੍ਹ, (ਪੰਜਾਬ ਮੇਲ)-** ਅਕਾਲੀ ਦਲ ਵੱਲੋਂ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਦੀ ਚੇਅਰਮੈਨਸ਼ਿਪ ਹੇਠ ਪਾਰਟੀ ਦੇ ਸੰਸਦੀ ਬੋਰਡ ਦਾ ਗਠਨ ਕੀਤਾ ਗਿਆ ਹੈ। ਇਸਦੀ ਜਾਣਕਾਰੀ ਸਾਬਕਾ ਸਿੱਖਿਆ ਮੰਤਰੀ ਤੇ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸੰਸਦੀ ਬੋਰਡ 'ਚ ਕੁੱਲ 5 ਮੈਂਬਰ ਹੋਣਗੇ, ਜਿਨ੍ਹਾਂ 'ਚ ਬਲਵਿੰਦਰ ਸਿੰਘ ਭੂੰਦੜ ਚੇਅਰਮੈਨ ਹੋਣਗੇ ਅਤੇ ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਅਤੇ ਉਹ ਖ਼ੁਦ ਡਾ. ਦਲਜੀਤ ਸਿੰਘ ਚੀਮਾ ਮੈਂਬਰ ਹੋਣਗੇ।

ਜ਼ਿਕਰਯੋਗ ਹੈ ਕਿ ਸੰਸਦੀ ਬੋਰਡ ਪਿਛਲੇ ਲੰਬੇ ਸਮੇਂ ਤੋਂ ਹੋਂਦ 'ਚ ਨਹੀਂ ਸੀ ਪਰ ਹੁਣ ਹੋਂਦ ਦੀ ਲੜਾਈ ਲੜ ਰਹੀ ਪਾਰਟੀ ਤੇ ਬਾਗ਼ੀ ਧੜੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਣ ਬਾਅਦ ਪਾਰਟੀ ਬੰਦ ਪਏ ਅਜਿਹੇ ਬੋਰਡਾਂ ਤੇ ਕਮੇਟੀਆਂ ਨੂੰ ਪੁਨਰ-ਸੁਰਜੀਤ ਕਰਨ 'ਤੇ ਲੱਗ ਗਈ ਹੈ। ਦੋਵੇਂ ਧੜੇ ਆਪੋ-ਆਪਣੀ ਪੈਂਠ ਬਣਾਉਣ ਤੇ ਪਾਰਟੀ ਵਰਕਰਾਂ ਨੂੰ ਗਤੀਸ਼ੀਲ ਕਰਨ ਲਈ ਲੱਗੇ ਹੋਏ ਹਨ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਨਵੰਬਰ ਮਹੀਨੇ 'ਚ ਡੈਲੀਗੇਟ ਇਜਲਾਸ ਸੱਦਣ ਦਾ ਵੀ ਐਲਾਨ ਕੀਤਾ ਹੈ। ਹਾਲਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਣ ਵਾਲੇ ਫ਼ੈਸਲੇ 'ਤੇ ਵੀ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ ਪਰ ਅਕਾਲੀ ਦਲ ਦੇ ਦੋਵੇਂ ਧੜੇ ਆਪੋ-ਆਪਣੇ ਪੱਧਰ 'ਤੇ ਸਰਗਰਮ ਦਿਖਾਈ ਦੇ ਰਹੇ ਹਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਵਿਦੇਸ਼ ਭੇਜਣ ਦੇ ਨਾਂ 'ਤੇ 27 ਲੋਕਾਂ ਨਾਲ ਹੋਈ 35 ਲੱਖ ਦੀ ਠੱਗੀ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ 'ਚ ਇਮੀਗ੍ਰੇਸ਼ਨ ਕੰਪਨੀ ਵੱਲੋਂ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਦੇ ਮਾਮਲੇ ਰੋਜ਼ਾਨਾ ਸਾਹਮਣੇ ਆ ਰਹੇ ਹਨ। ਪਰ ਚੰਡੀਗੜ੍ਹ ਪੁਲਿਸ ਵੀ ਇਨ੍ਹਾਂ ਨੂੰ ਕਾਬੂ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ। ਜਦੋਂ ਕਿ ਜ਼ਿਆਦਾਤਰ ਧੋਖੇਬਾਜ਼ ਇਮੀਗ੍ਰੇਸ਼ਨ ਕੰਪਨੀਆਂ ਕੋਲ ਲਾਇਸੈਂਸ ਨਹੀਂ ਹਨ।



ਸੈਕਟਰ-32 ਸਥਿਤ ਵੀਜ਼ਾ ਕੰਪਨੀ ਗਲੋਬਲ ਕੰਸਲਟੈਂਟ ਦੇ ਮਾਲਕ ਅਤੇ ਕਰਮਚਾਰੀਆਂ ਨੇ ਤਰਖਾਣ ਅਤੇ ਮਜ਼ਦੂਰੀ ਦੇ ਕੰਮ ਲਈ ਅਜ਼ਰਬਾਈਜਾਨ ਭੇਜਣ ਦੇ ਨਾਂ 'ਤੇ 27 ਲੋਕਾਂ ਨਾਲ 35 ਲੱਖ ਰੁਪਏ ਦੀ ਠੱਗੀ ਮਾਰੀ ਹੈ। ਨਾਗਪੁਰ ਨਿਵਾਸੀ ਗਣੇਸ਼ ਮਲ ਨੇ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ। ਸਾਈਬਰ ਸੈੱਲ ਨੇ ਜਾਂਚ ਕਰਕੇ ਵੀਜ਼ਾ ਕੰਪਨੀ ਦੇ ਮਾਲਕ ਅਤੇ ਕਰਮਚਾਰੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਗਣੇਸ਼ ਮਲ ਨੇ ਪੁਲਿਸ ਨੂੰ ਦੱਸਿਆ ਕਿ ਉਹ ਤਰਖਾਣ ਦਾ ਕੰਮ ਕਰਦਾ ਹੈ। ਫੇਸਬੁੱਕ 'ਤੇ ਇਸ਼ਤਿਹਾਰ ਦੇਖ ਕੇ ਉਸ ਨੇ ਸੈਕਟਰ-32 ਸਥਿਤ ਵੀਜ਼ਾ ਕੰਪਨੀ ਨੂੰ ਫੋਨ ਕੀਤਾ, ਜਿਸ ਨੂੰ ਲੜਕੀ ਗ਼ਜ਼ਲ ਕਪੂਰ ਨੇ ਚੁੱਕਿਆ। ਉਸ ਨੇ 25 ਅਪ੍ਰੈਲ ਨੂੰ ਦਫ਼ਤਰ ਬੁਲਾਇਆ। ਦਫਤਰ ਵਿਚ 3 ਲੜਕੀਆਂ ਅਤੇ 2 ਲੜਕੇ ਕੰਮ ਕਰਦੇ ਸਨ। ਉਸ ਨੇ ਦੱਸਿਆ ਕਿ 30 ਲੋਕਾਂ ਦੇ ਸਮੂਹ ਨੂੰ ਅਜ਼ਰਬਾਈਜਾਨ ਭੇਜਿਆ ਜਾਣਾ ਹੈ, ਜਿਸ ਵਿਚ ਤਰਖਾਣ ਤੋਂ ਲੈ ਕੇ ਮਜ਼ਦੂਰਾਂ ਤੱਕ ਹਰ ਕੋਈ ਸ਼ਾਮਲ ਹੈ। ਉਸ ਨੇ ਪ੍ਰਤੀ ਵਿਅਕਤੀ ਇਕ ਲੱਖ 35 ਹਜ਼ਾਰ ਰੁਪਏ ਮੰਗੇ ਅਤੇ ਅਜ਼ਰਬਾਈਜਾਨ ਪਹੁੰਚ ਕੇ ਕੰਮ ਦਿਵਾਉਣ ਦਾ ਦਾਅਵਾ ਕੀਤਾ।

ਦਵਾਰਿਕਾ ਪ੍ਰਸਾਦ ਦੇ ਖਾਤੇ 'ਚੋਂ ਇਕ ਲੱਖ 39 ਹਜ਼ਾਰ 999 ਰੁਪਏ ਜਮ੍ਹਾ ਕਰਵਾਏ ਗਏ। ਕੰਪਨੀ ਨੇ ਕਿਹਾ ਕਿ 15 ਜੂਨ ਦੀ ਟਿਕਟ ਤਿਆਰ ਹੈ। ਕੁੱਲ 27 ਲੋਕਾਂ ਨੂੰ ਵਿਦੇਸ਼ ਭੇਜਿਆ ਜਾਣਾ ਸੀ। ਪਰ ਕੰਪਨੀ ਨੇ ਜਾਅਲੀ ਟਿਕਟਾਂ ਅਤੇ ਵੀਜ਼ੇ ਦਿੱਤੇ। ਇਸ ਤੋਂ ਬਾਅਦ ਉਕਤ ਕੰਪਨੀ ਨੇ ਪੈਸੇ ਅਤੇ ਦਸਤਾਵੇਜ਼ ਦੇਣ ਤੋਂ ਇਨਕਾਰ ਕਰ ਦਿੱਤਾ। ਸਾਈਬਰ ਸੈੱਲ ਨੇ ਵੀਜ਼ਾ ਕੰਪਨੀ ਦੇ ਮਾਲਕ ਅਤੇ ਕਰਮਚਾਰੀਆਂ ਖਿਲਾਫ 35 ਲੱਖ ਰੁਪਏ ਦੀ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ।

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ, ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਇਨੋਸੈਂਟ ਇਸ਼ੂਲੈਸ, ਡਾਇਵੋਰਸੀ ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ ਆਈ ਡੀ: CJSINGH55@gmail.com ਸਕਦੇ ਹੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage) Call: +1-510-281-7065, WhatsApp: +91 98993 79442 Email: cjsingh55@gmail.com

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਚਰਨ ਕੰਵਲ ਸਿੰਘ ਸੇਖੋਂ ਨੂੰ ਕ੍ਰੈਨਫੀਲਡ ਯੂਨੀਵਰਸਿਟੀ ਵੱਲੋਂ ਸਰਵਉੱਚ ਅਲੂਮਨੀ ਪੁਰਸਕਾਰ

**ਬੈੱਡਫੋਰਡ (ਯੂ.ਕੇ.), (ਪੰਜਾਬ ਮੇਲ)**- 1946 ਵਿਚ ਸਥਾਪਿਤ, ਕ੍ਰੈਨਫੀਲਡ ਯੂਨੀਵਰਸਿਟੀ ਬੈੱਡਫੋਰਡ ਦੇ ਨੇੜੇ ਕ੍ਰੈਨਫੀਲਡ ਪਿੰਡ ਵਿਚ ਸਥਿਤ ਵਿਸ਼ੇਸ਼ ਪੋਸਟ ਗ੍ਰੈਜੂਏਟ ਅਧਿਐਨ ਅਤੇ ਖੋਜ ਲਈ ਇੱਕ ਪ੍ਰਮੁੱਖ ਗਲੋਬਲ ਯੂਨੀਵਰਸਿਟੀ ਹੈ। ਯੂਨੀਵਰਸਿਟੀ ਨੂੰ ਕਿਊ ਐੱਸ (QS) ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਵਿਚ ਵਿਸ਼ਵ ਦੀਆਂ ਸਰਵੋਤਮ ਯੂਨੀਵਰਸਿਟੀਆਂ ਵਿਚੋਂ ਇੱਕ ਦਾ ਦਰਜਾ ਦਿੱਤਾ ਗਿਆ ਹੈ, ਨੇ ਆਪਣੇ ਅਲੂਮਨੀ ਅਵਾਰਡਾਂ ਦਾ ਐਲਾਨ ਕੀਤਾ ਹੈ।

ਚਰਨ ਸੇਖੋਂ ਯੂਨੀਵਰਸਿਟੀ ਦੇ 78 ਸਾਲਾਂ ਦੇ ਇਤਿਹਾਸ ਵਿਚ ਸਰਵਉੱਚ ਅਲੂਮਨੀ ਅਵਾਰਡ ਪ੍ਰਾਪਤ ਕਰਨ ਵਾਲੇ ਭਾਰਤੀ ਮੂਲ ਦੇ ਪਹਿਲੇ ਬ੍ਰਿਟਿਸ਼ ਸਿੱਖ ਬਣ ਗਏ ਹਨ।

ਜੇਤੂਆਂ ਦਾ ਐਲਾਨ ਕਰਦੇ ਹੋਏ ਕ੍ਰੈਨਫੀਲਡ ਯੂਨੀਵਰਸਿਟੀ ਨੇ ਕਿਹਾ, "ਸਾਨੂੰ ਚਰਨ ਕੰਵਲ ਸਿੰਘ ਸੇਖੋਂ ਐੱਮ.ਬੀ.ਈ., ਡਿਸਟਿੰਗੂਇਸ਼ਡ ਐਲੂਮਨੀ ਅਵਾਰਡ 2024 ਦੇ ਜੇਤੂ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ।" ਸੇਖੋਂ ਨੇ 1997 ਵਿਚ ਐਨਰਜੀ ਕੰਜ਼ਰਵੇਸ਼ਨ ਅਤੇ ਇਨਵਾਇਰਮੈਂਟ ਵਿਚ ਐੱਮ.ਐੱਸ.ਸੀ. ਪੂਰੀ ਕੀਤੀ।

**■78 ਸਾਲਾਂ ਦੇ ਇਤਿਹਾਸ ਵਿਚ ਸਰਵਉੱਚ ਪੁਰਸਕਾਰ ਪ੍ਰਾਪਤ ਕਰਨ ਵਾਲੇ ਪਹਿਲੇ ਬ੍ਰਿਟਿਸ਼ ਸਿੱਖ**



ਡਿਸਟਿੰਗੂਇਸ਼ਡ ਅਲੂਮਨੀ ਅਵਾਰਡ ਸ਼੍ਰੇਣੀ ਯੂਨੀਵਰਸਿਟੀ ਦਾ ਸਭ ਤੋਂ ਉੱਚਾ ਸਨਮਾਨ ਹੈ, ਜੋ ਉਨ੍ਹਾਂ ਵਿਅਕਤੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਨੂੰ ਮਾਨਤਾ ਦਿੰਦਾ ਹੈ, ਜਿਨ੍ਹਾਂ ਨੇ ਗਲੋਬਲ ਪ੍ਰਭਾਵ ਨੂੰ ਦਰਸਾਉਂਦੇ ਹੋਏ ਅੰਤਰਰਾਸ਼ਟਰੀ ਪੱਧਰ ਵਿਚ ਉੱਚੇ ਮਿਆਰਾਂ ਨੂੰ ਕਾਇਮ ਰੱਖਦੇ ਹੋਏ ਪਾਣੀ, ਊਰਜਾ ਅਤੇ ਵਾਤਾਵਰਣ ਖੇਤਰਾਂ ਵਿਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ ਤੇ ਸਮਾਜਿਕ ਪ੍ਰਭਾਵ ਅਤੇ ਕਮਿਊਨਟੀ ਸੇਵਾਵਾਂ ਵਿਚ ਵਿਸ਼ੇਸ਼ ਯੋਗਦਾਨ ਪ੍ਰਦਾਨ ਕੀਤਾ।

ਸੇਖੋਂ ਯੂ.ਕੇ. ਸਰਕਾਰ ਦੇ ਵਾਤਾਵਰਣ ਵਿਭਾਗ ਵਿਚ ਸੀਨੀਅਰ ਜ਼ਿਲ੍ਹਾ ਅਫਸਰ ਵਜੋਂ ਸੇਵਾ ਕਰ ਰਹੇ ਹਨ ਅਤੇ ਪੂਰਬੀ ਇੰਗਲੈਂਡ ਵਿਚ ਬਹੁਤ ਸਾਰੇ ਵਾਤਾਵਰਣ ਪ੍ਰੋਜੈਕਟਾਂ ਅਤੇ ਸਰਕਾਰੀ ਨੌਕਰੀਆਂ ਵਿਚ ਸਮਾਨਤਾ ਨਾਲ ਸਬੰਧਤ ਪ੍ਰੋਜੈਕਟਾਂ ਦੀ ਅਗਵਾਈ ਕਰ ਰਹੇ ਹਨ।

ਯੂਨੀਵਰਸਿਟੀ ਨੇ ਪ੍ਰੈੱਸ ਰਿਲੀਜ਼ ਵਿਚ ਕਿਹਾ, "ਚਰਨ ਕੰਵਲ ਸਿੰਘ ਸੇਖੋਂ ਨੇ ਵਾਤਾਵਰਨ ਸੁਰੱਖਿਆ ਅਤੇ ਕਮਿਊਨਿਟੀ ਸੇਵਾ ਲਈ ਬੇਮਿਸਾਲ ਸਮਰਪਣ ਦਾ ਪ੍ਰਦਰਸ਼ਨ ਕੀਤਾ ਹੈ। ਪਿੰਡ ਬੜੂੰਦੀ ਪੰਜਾਬ, ਭਾਰਤ ਵਿਚ ਜਨਮੇ ਸੇਖੋਂ ਦੀ ਸ਼ੁਰੂਆਤੀ ਜ਼ਿੰਦਗੀ ਪਿੰਡ ਨਾਲ ਸਬੰਧਤ ਸੀ, ਜਿੱਥੇ ਪੇਂਡੂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਹਨ, ਇਸ ਨੇ ਉਸਨੂੰ ਅੰਤਰਰਾਸ਼ਟਰੀ ਚੈਰਿਟੀ, ਸੇਵਾ ਟਰੱਸਟ (ਯੂ.ਕੇ. ਅਤੇ ਭਾਰਤ) ਬਣਾਉਣ ਲਈ ਪ੍ਰੇਰਿਤ ਕੀਤਾ। ਸੇਵਾ ਟਰੱਸਟ ਦੇ ਸੰਸਥਾਪਕ ਅਤੇ ਚੇਅਰਮੈਨ ਹੋਣ ਦੇ ਨਾਤੇ, ਉਨ੍ਹਾਂ ਨੇ ਯੂ.ਕੇ. ਅਤੇ ਭਾਰਤ ਵਿਚ ਸਿੱਖਿਆ, ਸਿਹਤ, ਕਲਿਆਣ ਅਤੇ ਵਾਤਾਵਰਨ ਪਹਿਲਕਦਮੀਆਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

## ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ ਸਹਿਬ ਦੇ ਵਿਚਾਰਅਧੀਨ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ ਸਹਿਬ ਦੇ ਵਿਚਾਰ ਅਧੀਨ ਹੈ। ਇਸ ਮਸਲੇ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਦੀ ਸਾਖ਼ ਵੀ ਦਾਅ 'ਤੇ ਲੱਗੀ ਹੋਈ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 30 ਅਗਸਤ ਨੂੰ ਸੱਦੀ ਹੈ, ਜਿਸ ਵਿਚ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਵੇਗੀ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਨਾਲ ਜੁੜਿਆ ਮਾਮਲਾ ਪ੍ਰਮੁੱਖ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਹੋਏ ਆਗੂਆਂ ਦੇ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਇੱਕ ਪੱਤਰ ਸੌਂਪ ਕੇ ਇੰਕਸ਼ਾਫ ਕੀਤਾ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਈ ਵੱਡੀਆਂ ਗਲਤੀਆਂ ਹੋਈਆਂ ਸਨ, ਜਿਨ੍ਹਾਂ ਲਈ ਉਹ ਖਿਮਾ ਯਾਚਨਾ ਕਰਨਾ ਚਾਹੁੰਦੇ ਹਨ।

## ਸੁਪਰੀਮ ਕੋਰਟ ਕੇਜਰੀਵਾਲ ਦੀ ਅਰਜ਼ੀ ਸੂਚੀਬੱਧ ਕਰਨ ਬਾਰੇ ਕਰੇਗਾ ਵਿਚਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਸੁਪਰੀਮ ਕੋਰਟ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰੀ ਨੂੰ ਬਹਾਲ ਰਖਣ ਦੇ ਦਿੱਲੀ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਉਨ੍ਹਾਂ ਦੀ ਅਰਜ਼ੀ ਸੁਣਵਾਈ ਲਈ ਸੂਚੀਬੱਧ ਕਰਨ 'ਤੇ ਵਿਚਾਰ ਕਰਨ ਵਾਸਤੇ ਰਾਜ਼ੀ ਹੋ ਗਿਆ ਹੈ। ਹਾਈ ਕੋਰਟ ਨੇ ਕੇਜਰੀਵਾਲ ਨੂੰ ਸੀ.ਬੀ.ਆਈ. ਕੇਸ 'ਚ ਨਿਯਮਤ ਜ਼ਮਾਨਤ ਲਈ ਹੇਠਲੀ ਅਦਾਲਤ 'ਚ ਜਾਣ ਵਾਸਤੇ ਕਿਹਾ ਸੀ। ਕੇਜਰੀਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਅਰਜ਼ੀ 'ਤੇ ਫੌਰੀ ਸੁਣਵਾਈ ਲਈ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਅੱਗੇ ਇਸ ਦਾ ਪੇਸ਼ ਕੀਤਾ। ਸਿੰਘਵੀ ਨੇ ਦਲੀਲ ਦਿੱਤੀ ਕਿ ਪੀ.ਐੱਮ.ਐੱਲ.ਏ. ਤਹਿਤ ਦਰਜ ਮਾਮਲੇ ਦੇ ਹੋਰ ਮੁਲਜ਼ਮਾਂ ਦੀਆਂ ਜ਼ਮਾਨਤ ਅਰਜ਼ੀਆਂ ਪਹਿਲਾਂ ਤੋਂ ਹੀ ਸੁਣਵਾਈ ਲਈ ਸੂਚੀਬੱਧ ਹਨ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ ਕਿ ਅਰਜ਼ੀ ਈਮੇਲ ਕੀਤੀ ਜਾਵੇ, ਉਹ ਇਸ 'ਤੇ ਵਿਚਾਰ ਕਰਨਗੇ। ਇਸ ਦੌਰਾਨ ਯੂਟਿਊਬਰ ਧਰੁਵ ਰਾਠੀ ਦਾ ਅਪਮਾਨਜਨਕ ਵੀਡੀਓ ਰੀਟਵੀਟ ਕਰਨ 'ਤੇ ਕੇਜਰੀਵਾਲ ਖ਼ਿਲਾਫ਼ ਦਰਜ ਮਾਣਹਾਨੀ ਕੇਸ 'ਚ ਸੁਪਰੀਮ ਕੋਰਟ ਨੇ ਸੁਣਵਾਈ ਛੇ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ ਹੈ। ਕੇਜਰੀਵਾਲ ਨੇ ਦਿੱਲੀ ਹਾਈ ਕੋਰਟ ਵੱਲੋਂ ਸੰਮਨ ਰੱਦ ਨਾ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਕੇਜਰੀਵਾਲ ਦੇ ਵਕੀਲ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਸਮਝੌਤੇ ਲਈ ਹੋਰ ਸਮੇਂ ਦੀ ਲੋੜ ਹੈ, ਜਿਸ ਮਗਰੋਂ ਅਦਾਲਤ ਨੇ ਸੁਣਵਾਈ ਛੇ ਹਫ਼ਤਿਆਂ ਲਈ ਅੱਗੇ ਪਾ ਦਿੱਤੀ।

## ਐੱਮ.ਪੀ. ਚੰਨੀ ਦੀ ਚੋਣ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਹਾਈਕੋਰਟ 'ਚ ਪਟੀਸ਼ਨ ਦਾਇਰ!

**ਜਲੰਧਰ, (ਪੰਜਾਬ ਮੇਲ)**- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਚੋਣ ਨੂੰ ਲੈ ਕੇ ਜਨ-ਪ੍ਰਤੀਨਿਧਤਾ ਐਕਟ ਤਹਿਤ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਬੀਤੇ ਦਿਨੀਂ ਸੁਣਵਾਈ ਨਹੀਂ ਹੋ ਸਕੀ। ਸੰਸਦ ਮੈਂਬਰ ਚੰਨੀ ਦੀ ਚੋਣ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਮਾਣਯੋਗ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਅਗਲੀ ਸੁਣਵਾਈ 30 ਸਤੰਬਰ ਤੱਕ ਮੁਲਤਵੀ ਕੀਤੀ ਗਈ ਹੈ। ਇਸ ਮਾਮਲੇ ਵਿਚ ਹਾਈ ਕੋਰਟ ਸੰਸਦ ਮੈਂਬਰ ਚੰਨੀ ਸਮੇਤ ਹੋਰ ਪ੍ਰਤੀਵਾਦੀ ਪੱਖ ਨੂੰ ਪਹਿਲਾਂ ਹੀ ਨੋਟਿਸ ਜਾਰੀ ਕਰ ਚੁੱਕੀ ਹੈ।



ਹਾਈ ਕੋਰਟ ਨੇ ਉਨ੍ਹਾਂ ਸਾਰੇ ਪ੍ਰਤੀਵਾਦੀਆਂ ਨੂੰ ਵੀ ਨਵੇਂ ਸਿਰੇ ਤੋਂ ਨੋਟਿਸ ਜਾਰੀ ਕੀਤਾ ਹੈ, ਜਿਨ੍ਹਾਂ ਨੂੰ ਪਹਿਲਾਂ ਜਾਰੀ ਨੋਟਿਸ ਸਰਵ ਨਹੀਂ ਹੋ ਸਕੇ ਸਨ। ਚੰਨੀ ਦੇ ਮਾਨਸੂਨ ਸੈਸ਼ਨ ਕਾਰਨ ਦਿੱਲੀ ਵਿਚ ਹੋਣ ਕਰਕੇ ਨੋਟਿਸ ਸਰਵ ਨਹੀਂ ਹੋ ਸਕਿਆ ਸੀ। ਇਸ ਤੋਂ ਇਲਾਵਾ ਹਾਈ ਕੋਰਟ ਨੇ ਜਲੰਧਰ ਦੇ ਚੋਣ ਤਹਿਸੀਲਦਾਰ ਨੂੰ ਲੋਕ ਸਭਾ ਚੋਣਾਂ ਦੌਰਾਨ ਵਰਤੋਂ ਵਿਚ ਲਿਆਂਦੀਆਂ ਗਈਆਂ ਈ.ਵੀ.ਐੱਮਜ਼ ਨੂੰ ਵੇਅਰਹਾਊਸ ਵਿਚ ਸ਼ਿਫਟ ਨਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਸਮੇਤ ਸਾਰੇ ਰਿਕਾਰਡ ਨੂੰ ਮੇਨਟੇਨ ਕਰਨ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਚੋਣਾਂ ਸਮਾਪਤ ਹੋਣ ਦੇ 45 ਦਿਨਾਂ ਉਪਰੰਤ ਈ.ਵੀ.ਐੱਮਜ਼ ਨੂੰ ਚੋਣ ਕਮਿਸ਼ਨ ਦੀ ਇਜਾਜ਼ਤ ਤੋਂ ਬਾਅਦ ਸਟਰਾਂਗ ਰੂਮ ਤੋਂ ਵੇਅਰਹਾਊਸ ਵਿਚ ਸ਼ਿਫਟ ਕਰਨਾ ਹੁੰਦਾ ਹੈ। ਸੰਸਦ ਮੈਂਬਰ ਚੰਨੀ ਖ਼ਿਲਾਫ਼ ਪਟੀਸ਼ਨ ਭਾਜਪਾ ਆਗੂ ਗੌਰਵ ਲੂਥਰਾ ਨੇ ਆਪਣੇ ਵਕੀਲ ਮਨੀਤ ਮਲਹੋਤਰਾ ਜ਼ਰੀਏ ਦਾਇਰ ਕੀਤੀ ਹੈ, ਜਿਸ ਵਿਚ ਗੌਰਵ ਨੇ ਹਾਈ ਕੋਰਟ ਨੂੰ ਦੱਸਿਆ ਕਿ ਚਰਨਜੀਤ ਚੰਨੀ ਜਲੰਧਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ ਪਰ ਉਨ੍ਹਾਂ ਨਾਮਜ਼ਦਗੀ ਕਾਗਜ਼ ਭਰਨ ਸਮੇਂ ਕਈ ਜਾਣਕਾਰੀਆਂ ਲੁਕਾਈਆਂ ਸਨ। ਇਸ ਤੋਂ ਇਲਾਵਾ ਉਨ੍ਹਾਂ ਚੋਣਾਂ ਵਿਚ ਹੋਏ ਖਰਚ ਦਾ ਸਹੀ ਬਿਓਰਾ ਵੀ ਚੋਣ ਕਮਿਸ਼ਨ ਨੂੰ ਨਹੀਂ ਦਿੱਤਾ ਹੈ।


ਚੰਨੀ ਚੋਣ ਪ੍ਰਚਾਰ ਦੌਰਾਨ ਰੋਜ਼ਾਨਾ 10-15 ਮੀਟਿੰਗਾਂ ਕਰਦੇ ਸਨ ਪਰ ਉਨ੍ਹਾਂ ਚੋਣ ਖਰਚ ਬਿਉਰੇ ਵਿਚ ਇਕ ਵੀ ਗੱਡੀ ਦਾ ਖਰਚਾ ਨਹੀਂ ਦਿਖਾਇਆ। ਉਨ੍ਹਾਂ ਬਿਨਾਂ ਮਨਜ਼ੂਰੀ ਰਾਮਾ ਮੰਡੀ ਵਿਚ ਰੋਡ ਸ਼ੋਅ ਕੀਤਾ। ਚੋਣ ਦੌਰਾਨ ਇਕ ਹੋਟਲ ਵਿਚ 24 ਘੰਟੇ ਖਾਣੇ ਦੀ ਸਹੂਲਤ ਦਾ ਪ੍ਰਬੰਧ ਕੀਤਾ ਹੋਇਆ ਸੀ ਪਰ ਚੰਨੀ ਨੇ ਆਪਣੇ ਚੋਣ ਪ੍ਰਚਾਰ ਦੇ ਖਰਚ ਬਿਉਰੇ ਵਿਚ ਇਸ ਖਰਚ ਦਾ ਕੋਈ ਜ਼ਿਕਰ ਨਹੀਂ ਕੀਤਾ। ਇਸ ਤੋਂ ਇਲਾਵਾ ਪੋਲਿੰਗ ਕੇਂਦਰਾਂ ਦੇ ਬਾਹਰ ਵੋਟਿੰਗ ਪਰਚੀ ਵੰਡਣ ਲਈ ਬਣਾਏ ਗਏ ਬੂਥਾਂ ਦੇ ਖਰਚ ਦਾ ਬਿਉਰਾ ਵੀ ਕਮਿਸ਼ਨ ਨੂੰ ਨਹੀਂ ਦਿੱਤਾ। ਪਟੀਸ਼ਨਕਰਤਾ ਨੇ ਦੱਸਿਆ ਕਿ ਇਸ ਸਾਰੇ ਲੁਕਾਏ ਖਰਚ ਬਿਉਰੇ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਚੋਣ ਜਿੱਤਣ ਲਈ ਚੰਨੀ ਨੇ ਭ੍ਰਿਸ਼ਟ ਸਾਧਨਾਂ ਦੀ ਵਰਤੋਂ ਕੀਤੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ਅਕਾਲੀ ਦਲ ਦੇ ਮੌਜੂਦਾ ਵਿਧਾਇਕ ਡਾ. ਸੁਖਵਿੰਦਰ ਸੁੱਖੀ 'ਆਪ' 'ਚ ਸ਼ਾਮਲ





**ਚੰਡੀਗੜ੍ਹ, (ਪੰਜਾਬ ਮੇਲ)**- ਅਕਾਲੀ ਦਲ ਨੂੰ ਇਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਬੰਗਾ ਤੋਂ ਪਾਰਟੀ ਦੇ ਮੌਜੂਦਾ ਵਿਧਾਇਕ ਡਾ. ਸੁਖਵਿੰਦਰ ਸੁੱਖੀ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਡਾ. ਸੁੱਖੀ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਡਾ. ਸੁੱਖੀ ਅਕਾਲੀ ਦਲ ਦੀ ਟਿਕਟ 'ਤੇ ਜਲੰਧਰ ਤੋਂ ਲੋਕ ਸਭਾ ਸੀਟ ਵੀ ਲੜੇ ਸਨ, ਜਿਸ ਵਿਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਡਾ. ਸੁੱਖੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਆਗੂਆਂ ਵਿਚੋਂ ਸਨ।

# ਪਾਕਿਸਤਾਨ ਸਰਕਾਰ ਖਿਲਾਫ ਵੀ ਬੰਗਲਾਦੇਸ਼ ਵਾਂਗ ਤਖਤਾਪਲਟ ਦੀ ਤਿਆਰੀ!

**-ਵਿਦਿਆਰਥੀ ਜਥੇਬੰਦੀ ਵੱਲੋਂ ਅਲਟੀਮੇਟਮ**

**ਇਸਲਾਮਾਬਾਦ, (ਪੰਜਾਬ ਮੇਲ)**- ਬੰਗਲਾਦੇਸ਼ 'ਚ ਹੋਏ ਭਾਰੀ ਵਿਰੋਧ ਪ੍ਰਦਰਸ਼ਨਾਂ ਅਤੇ ਉੱਥੇ ਹੋਏ ਤਖ਼ਤਾਪਲਟ ਦੀ ਗਵਾਹ ਦੁਨੀਆ ਬਣੀ। ਬੰਗਲਾਦੇਸ਼ ਤੋਂ ਬਾਅਦ ਹੁਣ ਪਾਕਿਸਤਾਨ 'ਚ ਵੀ ਸਰਕਾਰ ਦੇ ਖਿਲਾਫ ਬਗਾਵਤ ਦੀ ਚੰਗਿਆੜੀ ਭੜਕਣ ਦੇ ਕੰਢੇ 'ਤੇ ਹੈ। ਇਸ ਨੂੰ ਲੈ ਕੇ ਸਰਕਾਰ ਨੂੰ ਅਲਟੀਮੇਟਮ ਵੀ ਜਾਰੀ ਕਰ ਦਿੱਤਾ ਗਿਆ ਹੈ।

ਦਰਅਸਲ ਪਾਕਿਸਤਾਨ ਸਟੂਡੈਂਟ ਫੈੱਡਰੇਸ਼ਨ (ਪੀ.ਐੱਸ.ਐੱਫ.) ਨੇ 30 ਅਗਸਤ ਤੱਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧ 'ਚ ਵਿਦਿਆਰਥੀ ਜਥੇਬੰਦੀ ਨੇ ਪਾਕਿਸਤਾਨ ਸਰਕਾਰ ਨੂੰ ਅਲਟੀਮੇਟਮ ਵੀ ਜਾਰੀ ਕੀਤਾ। ਵਿਦਿਆਰਥੀਆਂ ਦੀ ਮੰਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਬੇਕਸੂਰ ਹਨ ਅਤੇ ਉਨ੍ਹਾਂ ਨੂੰ ਛੇਤੀ ਹੀ ਜੇਲ ਤੋਂ ਬਾਹਰ ਕੱਢਿਆ ਜਾਵੇ।

ਪੀ.ਐੱਸ.ਐੱਫ. ਦੀ ਇਹ ਮੰਗ ਬੰਗਲਾਦੇਸ਼ 'ਚ ਸ਼ੇਖ ਹਸੀਨਾ ਸਰਕਾਰ ਦੇ ਤਖਤਾਪਲਟ ਤੋਂ ਬਾਅਦ ਸਾਹਮਣੇ ਆਈ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬੰਗਲਾਦੇਸ਼ ਅੰਦੋਲਨ ਤੋਂ ਬਾਅਦ ਹੀ ਪਾਕਿਸਤਾਨੀ ਨੌਜਵਾਨਾਂ ਨੇ ਪ੍ਰੇਰਨਾ ਲਈ ਅਤੇ ਉਹ ਆਪਣੇ ਦੇਸ਼ ਦੀ ਸਰਕਾਰ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਨ ਲਈ ਰਾਜ਼ੀ ਹੋਏ ਹਨ।

## ਸਿੱਧੂ ਵੱਲੋਂ ਪੰਜਾਬ ਦੀ ਸਿਆਸਤ 'ਚ ਮੁੜ ਸਰਗਰਮ ਹੋਣ ਦੇ ਸੰਕੇਤ



**ਜਲੰਧਰ/ਅੰਮ੍ਰਿਤਸਰ, (ਪੰਜਾਬ ਮੇਲ)**- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਸਿਆਸਤਦਾਨ ਵਜੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਰਗਰਮ ਹੋ ਗਏ ਹਨ। ਆਈ.ਪੀ.ਐੱਲ. ਦੇ ਦਿਨਾਂ 'ਚ ਇਕ ਕ੍ਰਿਕਟਰ ਦੀ ਤਰ੍ਹਾਂ ਸੋਸ਼ਲ ਮੀਡੀਆ 'ਤੇ ਛਾਏ ਰਹਿਣ ਵਾਲੇ ਨਵਜੋਤ ਸਿੰਘ ਸਿੱਧੂ ਆਪਣੇ ਪੁਰਾਣੇ ਅੰਦਾਜ਼ ਵਿਚ ਵਾਪਸ ਆ ਗਏ ਹਨ। ਉਨ੍ਹਾਂ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਇਕ ਨਵੀਂ ਵੀਡੀਓ ਅਪਲੋਡ ਕੀਤੀ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਮੁੜ ਪੰਜਾਬ ਦੀ ਸਿਆਸਤ 'ਚ ਵਾਪਸੀ ਕਰ ਰਹੇ ਹਨ। ਨਵਜੋਤ ਸਿੰਘ ਸਿੱਧੂ ਨੇ ਆਪਣੀ ਨਵੀਂ ਵੀਡੀਓ 'ਚ ਕੁਝ ਹੀ ਸ਼ਬਦ ਬੋਲੇ ਹਨ ਪਰ ਨਿਸ਼ਾਨਾ ਪੰਜਾਬ ਦੀ ਸੱਤਾਧਾਰੀ ਪਾਰਟੀ ਅਤੇ ਉਨ੍ਹਾਂ ਦੀ ਪਾਰਟੀ 'ਚ ਉਨ੍ਹਾਂ ਖ਼ਿਲਾਫ਼ ਖੜ੍ਹੇ ਆਗੂਆਂ 'ਤੇ ਹੈ। ਵੀਡੀਓ ਸਾਂਝੀ ਕਰਦੇ ਹੋਏ ਉਨ੍ਹਾਂ ਨੇ ਕਿਹਾ ਹੈ ਕਿ ਸ਼ਤਰੰਜ ਦਾ ਵਜ਼ੀਰ ਹੋਵੇ ਜਾਂ ਇਨਸਾਨ ਦੀ ਜ਼ਮੀਰ... ਡਿੱਗ ਗਿਆ ਤਾਂ ਸਮਝੋ ਖੇਡ ਖ਼ਤਮ...। ਉਨ੍ਹਾਂ ਦਾ ਇਹ ਰੂਪ ਕਾਫ਼ੀ ਸਮੇਂ ਬਾਅਦ ਵੇਖਣ ਨੂੰ ਮਿਲਿਆ ਹੈ।

ਸਫਾ 1 ਦਾ ਬਾਕੀ

## ਡੈਮੋਕਰੇਟਸ ਵੱਲੋਂ ਕਮਲਾ ਹੈਰਿਸ ਲਈ ਵਿਦੇਸ਼ੀ ਅਮਰੀਕੀ...

ਅਤੇ ਕੋਸ਼ਿਸ਼ਾਂ ਮੈਕਸੀਕੋ ਅਤੇ ਯੂਰਪ 'ਤੇ ਕੇਂਦ੍ਰਿਤ ਕੀਤੀਆਂ ਜਾਣਗੀਆਂ, ਜਿੱਥੇ ਸਭ ਤੋਂ ਵੱਧ ਵਿਦੇਸ਼ੀ ਅਮਰੀਕੀ ਰਹਿੰਦੇ ਹਨ।

ਡੀ.ਐੱਨ.ਸੀ. ਅਧਿਕਾਰੀਆਂ ਨੇ ਕਿਹਾ ਕਿ ਐਰੀਜ਼ੋਨਾ, ਜਾਰਜੀਆ, ਮਿਸ਼ੀਗਨ, ਨੇਵਾਡਾ, ਉੱਤਰੀ ਕੈਰੋਲੀਨਾ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਦੇ ਜੰਗ ਦੇ ਮੈਦਾਨ ਵਾਲੇ ਰਾਜਾਂ ਤੋਂ 1.6 ਮਿਲੀਅਨ ਤੋਂ ਵੱਧ ਅਮਰੀਕੀ ਵਿਦੇਸ਼ ਵਿਚ ਰਹਿੰਦੇ ਹਨ। ਅਧਿਕਾਰੀਆਂ ਨੇ ਇਕ ਬਿਆਨ 'ਚ ਕਿਹਾ ਕਿ "ਡੀ.ਐੱਨ.ਸੀ. ਇਹ ਯਕੀਨੀ ਬਣਾਉਣ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ ਕਿ ਕਮਲਾ ਹੈਰਿਸ ਸੰਯੁਕਤ ਰਾਜ ਦੀ ਅਗਲੀ ਰਾਸ਼ਟਰਪਤੀ ਹੋਵੇਗੀ। ਜਦਕਿ ਦੇਸ਼ ਤੋਂ ਬਾਹਰ ਰਹਿਣ ਵਾਲੇ ਸਿਰਫ 8 ਫੀਸਦੀ ਅਮਰੀਕੀਆਂ ਨੇ 2020 ਦੀਆਂ ਚੋਣਾਂ ਵਿਚ ਵੋਟ ਪਾਉਣ ਲਈ ਰਜਿਸਟਰ ਕੀਤਾ ਸੀ।"

ਨਿਊਯਾਰਕ ਟਾਈਮਜ਼ ਅਤੇ ਸਿਏਨਾ ਕਾਲਜ ਦੁਆਰਾ ਕਰਵਾਏ ਗਏ ਵਿਸਕਾਨਸਿਨ, ਮਿਸ਼ੀਗਨ ਅਤੇ ਪੈਨਸਿਲਵੇਨੀਆ ਵਿਚ ਵੋਟਰਾਂ ਦੇ ਵੱਖ-ਵੱਖ ਪੋਲਾਂ ਵਿਚ ਕਮਲਾ ਹੈਰਿਸ, ਟਰੰਪ ਤੋਂ ਚਾਰ-ਚਾਰ ਪ੍ਰਤੀਸ਼ਤ ਅੰਕਾਂ ਨਾਲ ਅੱਗੇ ਹੈ।

ਸਫਾ 1 ਦਾ ਬਾਕੀ

## ਡੈਮੋਕਰੇਟਸ ਵੱਲੋਂ ਕਮਲਾ ਹੈਰਿਸ ਲਈ ਵਿਦੇਸ਼ੀ ਅਮਰੀਕੀ...

ਯੂ.ਐੱਸ. ਮੈਕਸੀਕੋ ਸਰਹੱਦ ਟੱਪ ਕੇ ਆਉਣ ਵਾਲਿਆਂ ਦੀ ਜਾਨਾਂ ਬਚਾ ਰਹੇ ਨੇ ਅਮਰੀਕੀ ਲੋਕ

ਕਰਨ ਵੇਲੇ ਬਹੁਤ ਸਾਰੇ ਲੋਕ ਮਾਰੇ ਜਾ ਚੁੱਕੇ ਹਨ। ਮੈਡੀਕਲ ਜਾਂਚ ਕਰਤਾ ਦੀਆਂ ਟੀਮਾਂ ਅਨੁਸਾਰ ਇਹ ਲੋਕ ਵੱਧ ਗਰਮੀ ਪੈਣ ਕਾਰਨ ਮਾਰੇ ਜਾਂਦੇ ਹਨ। ਇਸ ਨੂੰ ਦੇਖਦੇ ਹੋਏ ਬਹੁਤ ਸਾਰੀਆਂ ਗੈਰ ਮੁਨਾਫਾ ਟੀਮਾਂ ਸਰਹੱਦ ਪਾਰ ਤੋਂ ਆਉਣ ਵਾਲੇ ਲੋਕਾਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਨੂੰ ਪਾਣੀ ਤੋਂ ਇਲਾਵਾ ਰਿਹਾਇਸ਼ ਅਤੇ ਹੋਰ ਸਹੂਲਤਾਂ ਵਾਲੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ।

ਸਫਾ 1 ਦਾ ਬਾਕੀ

## ਇਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟਾਉਣ ਲਈ...

ਵਾਲੇ ਮਾਹਰਾਂ ਦਾ ਕਹਿਣਾ ਹੈ ਕਿ ਲੈਟਿਨ ਅਮੈਰਿਕਾ, ਏਸ਼ੀਅਨਜ਼ ਅਤੇ ਅਫਰੀਕੀ ਮੂਲ ਦੇ ਜ਼ਿਆਦਾਤਰ ਲੋਕਾਂ ਦਾ ਝੁਕਾਅ ਡੈਮੋਕ੍ਰੈਟਿਕ ਪਾਰਟੀ ਵੱਲ ਹੁੰਦਾ ਹੈ, ਜਿਸ ਦੇ ਮੱਦੇਨਜ਼ਰ ਆਉਂਦੀਆਂ ਚੋਣਾਂ ਵਿਚ ਕਮਲਾ ਹੈਰਿਸ ਨੂੰ ਵੱਡਾ ਫ਼ਾਇਦਾ ਹੋ ਸਕਦਾ ਹੈ।

9 ਲੱਖ ਗ੍ਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਨਾਗਰਿਕਤਾ ਮਿਲ ਸਕਦੀ ਹੈ। ਯੂ.ਐੱਸ. ਸਿਟੀਜ਼ਨਸ਼ਿਪ ਹਾਸਲ ਕਰਨ ਵਿਚ ਸਭ ਤੋਂ ਅੱਗੇ ਰਹੇ ਮੁਲਕਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮੈਕਸੀਕੋ, ਭਾਰਤ ਅਤੇ ਫਿਲੀਪੀਨਜ਼ ਦੇ ਨਾਗਰਿਕਾਂ ਦੀ ਸਭ ਤੋਂ ਵੱਧ ਗਿਣਤੀ ਦਰਜ ਕੀਤੀ ਗਈ। ਦੂਜੇ ਪਾਸੇ ਜਾਰਜੀਆ, ਐਰੀਜ਼ੋਨਾ, ਨੇਵਾਡਾ ਅਤੇ ਪੈਨਸਿਲਵੇਨੀਆ ਵਰਗੇ ਰਾਜਾਂ ਵਿਚ ਵਸਦੇ ਪ੍ਰਵਾਸੀਆਂ ਨੂੰ ਤਰਜੀਹੀ ਆਧਾਰ 'ਤੇ ਸਿਟੀਜ਼ਨਸ਼ਿਪ ਦਿੱਤੀ ਗਈ, ਜਿਥੇ ਅਕਸਰ ਹੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਹਾਵੀ ਰਹਿੰਦੇ ਹਨ। ਪਿਛਲੇ ਦਿਨੀਂ ਜਾਰਜੀਆ ਦੇ ਸਵਾਨਾਹ ਇਲਾਕੇ ਦੀ ਇਕ ਫੈਡਰਲ ਅਦਾਲਤ ਵਿਚ 19 ਵੱਖ-ਵੱਖ ਮੁਲਕਾਂ ਨਾਲ ਸਬੰਧਤ ਪ੍ਰਵਾਸੀਆਂ ਨੇ ਸਿਟੀਜ਼ਨਸ਼ਿਪ ਦੀ ਸਹੁੰ ਚੁੱਕੀ।

ਸਫਾ 1 ਦਾ ਬਾਕੀ

## ਜੇਕਰ ਮੈਂ ਰਾਸ਼ਟਰਪਤੀ ਬਣਿਆ, ਤਾਂ 6 ਕਰੋੜ ਗੈਰ-ਕਾਨੂੰਨੀ...

ਪਾਗਲ ਖੱਬੇ ਯਾਨਿ ਡੋਬੇਰੀ ਪ੍ਰਵਿਰਤੀ ਵਾਲਾ ਦੱਸਿਆ। ਜੇਕਰ ਉਹ ਚੁਣਿਆ ਜਾਂਦਾ ਹੈ, ਤਾਂ ਉਹ ਅਮਰੀਕੀ ਆਰਥਿਕਤਾ ਨੂੰ ਤਬਾਹ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਕਮਲਾ ਹੈਰਿਸ ਸਰਹੱਦੀ ਸੁਰੱਖਿਆ ਦੇ ਮੋਰਚੇ 'ਤੇ ਪੂਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਹਰ ਰੋਜ਼ ਹਜ਼ਾਰਾਂ ਲੋਕ ਸਰਹੱਦ ਪਾਰ ਕਰਕੇ ਅਮਰੀਕਾ ਆ ਰਹੇ ਹਨ। ਹੈਰਿਸ ਅਤੇ ਬਾਇਡਨ ਕੁਝ ਨਹੀਂ ਕਰ ਰਹੇ ਹਨ। ਮਹਿੰਗਾਈ ਦੇ ਮੋਰਚੇ 'ਤੇ ਅਮਰੀਕਾ 40 ਸਾਲਾਂ ਵਿਚ ਸਭ ਤੋਂ ਬੁਰੀ ਸਥਿਤੀ 'ਤੇ ਹੈ। ਲੋਕ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਜੇਕਰ ਮੈਂ ਰਾਸ਼ਟਰਪਤੀ ਦੇ ਅਹੁਦੇ 'ਚ ਆ ਗਿਆ, ਤਾਂ ਜੰਗ ਵੀ ਸ਼ਾਂਤ ਹੋ ਜਾਵੇਗੀ।

ਟਰੰਪ ਨੇ ਬਿਡੇਨ ਦੀਆਂ ਨੀਤੀਆਂ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਪੁਤਿਨ, ਜਿਨਪਿੰਗ ਅਤੇ ਕਿਮ ਜੋਂਗ ਉਨ ਦੀ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਬਿਡੇਨ ਨੇ ਰੂਸ ਨੂੰ ਜੰਗ ਲਈ ਉਕਸਾਇਆ ਹੈ। ਜੇਕਰ ਉਸਨੇ ਇਹ ਨਾ ਕਿਹਾ ਹੁੰਦਾ ਕਿ ਯੂਕਰੇਨ ਨਾਟੋ ਵਿੱਚ ਸ਼ਾਮਲ ਹੋ ਜਾਵੇਗਾ, ਤਾਂ ਇਹ ਜੰਗ ਨਹੀਂ ਹੋਣੀ ਸੀ। ਜੇਕਰ ਮੈਂ ਪ੍ਰਧਾਨਗੀ 'ਚ ਆ ਗਿਆ ਤਾਂ ਜੰਗ ਵੀ ਸ਼ਾਂਤ ਹੋ ਜਾਵੇਗੀ।




# ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ 'ਰੱਖੜੀ'

ਬਲਵਿੰਦਰ 'ਬਾਲਮ' ਗੁਰਦਾਸਪੁਰ
ਉਂਕਾਂਰ ਨਗਰ, ਗੁਰਦਾਸਪੁਰ (ਪੰਜਾਬ)
ਸੰਪਰਕ 98156-25409
ਪੰਜਾਬ ਮੇਲ USA





ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੈ ਜੀਵਨ। ਅਗਰ ਸਮਾਜ ਵਿਚ ਤਿਉਹਾਰ (ਉਤਸਵ) ਨਾ ਹੋਣ ਤਾਂ ਮਾਨਵ ਦਾ ਜੀਵਨ ਜੜ੍ਹ ਹੀਣ, ਉਦਾਸੀਨ, ਸਮਾਜਿਕ ਜੀਵਨ ਵਿਹਾਰ ਦੇ ਬੋਝ ਹੇਠਾਂ ਦੱਬਿਆ ਹੋਇਆ ਮਾਨਵ ਤਿਉਹਾਰ ਦੇ ਦਿਨ ਥੋੜੀ ਜਿਹੀ ਮੁਕਤ ਹਵਾ (ਸਾਹ) ਲੈ ਕੇ ਰਾਹਤ ਮਹਿਸੂਸ ਕਰਦਾ ਹੈ। ਜੀਵਨ ਦੇ ਅਰਥ ਨੂੰ ਖੁੱਲ੍ਹਾ, ਡੁੱਲਾ ਮਾਹੌਲ ਮਿਲਦਾ ਹੈ। ਦਿਲ-ਦਿਮਾਗ਼ ਪ੍ਰਸੰਨਤਾ, ਸੰਕਲਪ ਲੈ ਕੇ ਮਨ ਦੀ ਖੇਚਲ ਨੂੰ ਦੂਰ ਹਟਾ ਕੇ ਆਨੰਦ ਪ੍ਰਾਪਤ ਕਰਦਾ ਹੈ। ਤਿਉਹਾਰ ਯਾਨੀ ਮਾਨਵ ਨੂੰ ਉਨਤ ਬਣਾਉਣ ਵਾਲਾ, ਸ੍ਰੇਸ਼ਟ ਬਣਾਉਣ ਵਾਲਾ ਅਤੇ ਸੰਸਕਾਰੀ ਬਣਾਉਣ ਵਾਲਾ, ਤਿਉਹਾਰ ਮਿਲਣੀ ਦੀ ਮੰਜ਼ਿਲ, ਪ੍ਰੇਮ ਦੇ ਅਨੁਯਾਈ, ਪ੍ਰਸੰਨਤਾ ਦੇ ਪ੍ਰੇਰਕ, ਧਰਮ ਦੇ ਰੱਖਿਅਕ ਅਤੇ ਭਾਵਨਾਵਾਂ ਦੇ ਸਰੋਤ ਹੁੰਦੇ ਹਨ।

ਇਸੇ ਸੰਦਰਭ ਵਿਚ ਹਰ ਸਾਲ ਤਿਉਹਾਰ ਆਉਂਦਾ ਹੈ ਰੱਖੜੀ ਦਾ ਤਿਉਹਾਰ। ਰੱਖੜੀ ਭਾਵ ਪ੍ਰੇਮ ਬੰਧਨ। ਅੱਜ ਦੇ ਦਿਨ ਭੈਣ-ਭਰਾ ਦੀ ਕਲਾਈ ਉਪਰ ਰੱਖੜੀ ਬੰਨ੍ਹਦੀ ਹੈ ਅਤੇ ਖੁਸ਼ੀ-ਖੁਸ਼ੀ ਤਰ੍ਹਾਂ ਦੇ ਦਿਲ ਨੂੰ ਪ੍ਰੇਮ ਵਿਚ ਬੰਨਦੀ ਹੈ। ਭੈਣ-ਭਰਾ ਦਾ ਮਿਲਣ ਭਾਵ ਕਿ ਪ੍ਰੇਮ, ਸਾਹਸ ਅਤੇ ਸੰਜਮ ਦਾ ਸਹਿਯੋਗ।

ਭਾਰਤੀ ਸੰਸਕ੍ਰਿਤੀ ਵਿਚ ਇਸਤਰੀ ਨੂੰ ਭੋਗਦਾਸੀ ਨਾ ਸਮਝ ਕੇ ਉਸ ਦੀ ਪੂਜਾ ਕਰਨਾ ਪ੍ਰਥਮ ਕਰਤੱਵ ਸਮਝਿਆ ਜਾਂਦਾ ਹੈ। ਰੱਖੜੀ ਦਾ ਤਿਉਹਾਰ ਭਾਵ ਦ੍ਰਿਸ਼ਟੀ ਪਰਿਵਰਤਨ ਦਾ ਤਿਉਹਾਰ। ਰੱਖੜੀ ਬੰਨ੍ਹ ਕੇ ਭਰਾ ਰੱਖਿਆ ਦੀ ਜ਼ਿੰਮੇਵਾਰੀ ਉਠਾਉਂਦਾ ਹੈ, ਤਾਂ ਕਿ ਸਮਾਜ ਵਿਚ ਭੈਣ ਨਿਡਰ ਹੋ ਕੇ ਵਿਚਰ ਸਕੇ।

ਭਰਾ ਨੂੰ ਰੱਖੜੀ ਬੰਨਣ ਤੋਂ ਪਹਿਲਾਂ ਭੈਣ ਉਸ ਦੇ ਮਸਤਕ ਉਪਰ ਤਿਲਕ ਕਰਦੀ ਹੈ। ਇਹ ਤਿਲਕ ਭਰਾ ਦੇ ਲਈ ਸ਼ੁੱਭਕਾਮਨਾ, ਚੰਗੇ ਸਦਵਿਚਾਰ ਅਤੇ ਬਲ ਬੁੱਧੀ ਦਾ ਬਲ ਪ੍ਰਤੀਕ ਹੈ। ਭੈਣ ਭਰਾ ਦਾ ਤੀਜਾ ਨੇਤਰ ਬੁੱਧੀ ਹੈ, ਜਿਸ ਨੂੰ ਖੋਲ੍ਹ ਕੇ ਉਸ ਨੂੰ ਵਿਕਾਰ, ਵਾਸਨਾ ਆਦਿ ਨੂੰ ਭਸਮ ਕਰਨ ਦਾ ਸੂਚਨ ਕਰਦੀ ਹੈ।

ਭਰਾ ਦੇ ਗੁੱਟ ਉਪਰ ਰੱਖੜੀ ਬੰਨ੍ਹ ਕੇ ਭੈਣ ਉਸ ਕੋਲੋਂ ਆਪਣੀ ਰਕਸ਼ਨ (ਰੱਖਿਆ) ਨਹੀਂ ਚਾਹੁੰਦੀ, ਬਲਕਿ ਸਾਰੀ ਇਸਤਰੀ ਜਾਤੀ ਦੇ ਰਕਸ਼ਣ ਦੀ ਕਾਮਨਾ ਰੱਖਦੀ ਹੈ। ਭਰਾ ਦੇ ਹਰ ਖੇਤਰ ਵਿਚ ਜਿੱਤ ਪ੍ਰਾਪਤ ਹੋਵੇ। ਭੈਣ ਭਰਾ ਦੇ ਸੱਚੇ-ਨਿਸ-ਸਵਾਰਥ ਮਿਲਣ ਨੂੰ ਰੱਖੜੀ ਕਹਿੰਦੇ ਹਨ। ਸਿੱਖ ਇਤਿਹਾਸ ਵਿਚ ਵੀ ਭੈਣ-ਭਰਾ ਦੇ ਮਿਲਣ ਦੀ ਇਕ ਸਰਵਉੱਚ ਉਦਾਹਰਣ ਮਿਲਦੀ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਬੀਬੀ ਨਾਨਕੀ ਨੇ ਰੋਟੀ ਬਣਾਉਂਦੇ ਹੋਏ ਯਾਦ ਕੀਤਾ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕਾਰਜ ਛੱਡ ਕੇ ਬੀਬੀ ਨਾਨਕੀ ਕੋਲ ਪਹੁੰਚ ਗਏ। ਬੀਬੀ ਨਾਨਕੀ ਉਨ੍ਹਾਂ ਨੂੰ ਵੇਖ ਕੇ ਖੁਸ਼ ਹੋ ਗਈ। ਉਸ ਦੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਿਆਰ-ਸਤਿਕਾਰ ਨਾਲ ਭੋਜਨ ਛਕਿਆ ਅਤੇ ਬੀਬੀ ਨਾਨਕੀ ਨੂੰ ਸ਼ੁੱਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤੇ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਨਾਨਕੀ (ਭੈਣ-ਭਰਾ) ਦਾ ਪਵਿੱਤਰ ਮਿਲਣ ਹੀ ਰੱਖੜੀ ਕਹਿਲਾਉਂਦਾ ਹੈ। ਪਿਆਰ ਨਾਲ, ਹਿਰਦੇ ਤੋਂ ਭੈਣ ਯਾਦ ਕਰੇ ਅਤੇ ਖੁਸ਼ੀ-ਖੁਸ਼ੀ ਨਾਲ ਭਰਾ ਮਿਲਣ ਜਾਏ ਇਹੋ ਹੈ ਪ੍ਰੇਮ-ਬੰਧਨ, ਇਹੋ ਹੈ ਰੱਖੜੀ।

ਭਾਰਤੀ ਸੰਸਕ੍ਰਿਤੀ ਵਿਚ ਦੇਵਾਸਰ ਸੰਗ੍ਰਾਮ ਦੇਵਤਿਆਂ ਦੀ ਜਿੱਤ ਦੇ ਨਿਮਿੱਤ ਇੰਦਰਾਣੀਂ ਨੇ ਹਿੰਮਤ ਹਾਰੇ ਹੋਏ ਇੰਦਰ ਦੇ ਗੁੱਟ 'ਤੇ ਰੱਖੜੀ ਬੰਨ੍ਹੀ ਸੀ। ਅਭਿਮੰਨਿਊ ਦੀ ਰੱਖਿਆ ਨਿਮਿੱਤ ਕੁੰਤਾਮਾਤਾ ਨੇ ਉਸ ਨੂੰ ਰੱਖੜੀ ਬੰਨ੍ਹੀ ਸੀ ਅਤੇ ਆਪਣੀ ਰੱਖਿਆ ਦੇ ਲਈ ਰਾਣੀ ਕਰਮਵਤੀ ਨੇ ਹਮਾਯੂੰ ਨੂੰ ਰੱਖੜੀ ਭੇਜੀ ਸੀ। ਰੱਖੜੀ ਵਿਚ ਡਰ ਰਹਿਤ ਪੱਖ ਦੀ ਭਾਵਨਾ ਸਮਾਈ ਹੋਈ ਹੈ।

ਰੱਖੜੀ ਭਾਵ ਕਿ ਭੈਣ ਦੀ ਰੱਖਿਆ ਲਈ ਜ਼ਿੰਮੇਵਾਰੀ। ਰੱਖੜੀ ਭਾਵ ਭੈਣ-ਭਰਾ ਦੇ ਪ੍ਰੇਮ ਦਾ ਸੱਚਾ ਸੰਕਲਪ, ਪ੍ਰੇਮ ਦੀ ਸ਼ਕਤੀ, ਪ੍ਰੇਮ ਦਾ ਵਹਿੰਦਾ ਝਰਨਾ ਅਤੇ ਸਨੇਹ ਦਾ ਚਮਕਦਾ ਸੂਰਜ ਜੋ ਸਮਾਜ ਨੂੰ ਪ੍ਰੇਮ ਦੀ ਰੌਸ਼ਨੀ ਦੇਵੇ।

ਅੱਜਕੱਲ੍ਹ ਮਾਤਾ-ਪਿਤਾ ਦੇ ਇਕ ਜਾਂ ਦੋ ਹੀ ਬੱਚੇ ਹੋਣ ਕਰਕੇ ਇਹ ਤਿਉਹਾਰ ਕੁਝ ਆਧੁਨਿਕਤਾ ਵਿਚ ਅਤੇ ਵਿਗਿਆਨਕ ਸੋਚ ਵਿਚ ਬਦਲਦਾ ਜਾ ਰਿਹਾ ਹੈ। ਭੈਣ-ਭੈਣ ਦੀ ਕਲਾਈ 'ਤੇ ਵੀ ਰੱਖੜੀ ਬੰਨ੍ਹਦੀ ਹੈ ਅਤੇ ਸੁਰੱਖਿਆ-ਬੰਧਨ ਦਾ ਉੱਚ ਬੁੱਧੀ ਦਾ, ਉੱਚ ਵਿਵੇਕ ਦਾ, ਮਾਤਾ-ਪਿਤਾ ਦੀ ਸੇਵਾ ਦਾ, ਸਮਾਜ ਵਿਚ ਸੇਵਾ ਕਰਨ ਦਾ ਸੰਕਲਪ ਲੈਂਦੀ ਹੈ। ਅੱਜ ਦੀ ਨਾਰੀ ਦੇ ਹਰ ਇਕ ਖੇਤਰ ਵਿਚ ਤਰੱਕੀ ਪਾਈ ਹੈ, ਜਿਸ ਦੀ ਇਕ ਹੀ ਬੇਟੀ ਹੈ, ਉਹ ਆਪਣੇ ਪਿਤਾ ਦੇ ਜਾਂ ਰਿਸ਼ਤੇਦਾਰੀ 'ਚੋਂ ਲੱਗਦੇ ਭਰਾ ਨੂੰ ਵੀ ਰੱਖੜੀ ਬੰਨ੍ਹਦੀ ਹੈ।

ਰੱਖੜੀ ਦਾ ਇਹ ਤਿਉਹਾਰ ਦੇਸ਼-ਵਿਦੇਸ਼ ਵਿਚ ਮਿਹਨਤ ਕਰਦੇ ਭਾਰਤੀਆਂ ਲਈ ਸਰਵਉੱਤਮ ਤਿਉਹਾਰ ਹੈ। ਵਿਦੇਸ਼ਾਂ ਵਿਚ ਬੈਠੇ ਭਰਾਵਾਂ ਨੂੰ ਭੈਣਾਂ ਰੱਖੜੀ ਭੇਜਦੀਆਂ ਹਨ ਅਤੇ ਈ-ਮੇਲ ਉਪਰ ਜਾਂ ਮੋਬਾਇਲ ਫੋਨ ਉਪਰ ਇਕ ਦੂਸਰੇ ਨੂੰ ਵਧਾਈਆਂ ਸ਼ੁੱਭਕਾਮਨਾਵਾਂ ਅਤੇ ਆਸ਼ੀਰਵਾਦ ਦਿੰਦੇ ਹਨ।

ਅੱਜਕੱਲ੍ਹ ਰੱਖੜੀ ਕਈ ਮਹਿੰਗੇ ਰੂਪਾਂ ਵਿਚ ਮਿਲਦੀ ਹੈ। ਰੱਖੜੀ ਸੋਨੇ ਦੀ ਹੀਰੇ ਦੀ ਅਤੇ ਕਈ ਕੀਮਤੀ ਧਾਤੂਆਂ ਤੋਂ ਬਣਦੀ ਹੈ। ਆਪਣੀ-ਆਪਣੀ ਸਮਰੱਥਾ ਦੇ ਮੁਤਾਬਕ ਰੱਖੜੀ ਬੰਨ੍ਹੀ ਜਾਂਦੀ ਹੈ।

ਇਸ ਦਿਨ ਬਾਜ਼ਾਰਾਂ ਵਿਚ ਖੂਬ ਰੌਣਕਾਂ ਹੁੰਦੀਆਂ ਹਨ। ਤਰਾਂ-ਤਰ੍ਹਾਂ ਦੀਆਂ ਮਠਿਆਈਆਂ (ਮਿਸ਼ਠਾਣਾਂ) ਨਾਲ ਦੁਕਾਨਾਂ ਸਜੀਆਂ ਹੁੰਦੀਆਂ ਹਨ। ਕਈ ਪ੍ਰਕਾਰ ਦੀਆਂ ਰੱਖੜੀਆਂ ਦੁਕਾਨਾਂ ਦੀ ਸ਼ੋਭਾ ਵਧਦੀਆਂ ਹਨ ਵਿਕਰੀ ਲਈ। ਸੱਧਰਾਂ-ਚਾਵਾਂ, ਖੁਸ਼ੀਆਂ ਨਾਲ ਰੱਖੜੀ ਖ਼ਰੀਦੀ ਜਾਂਦੀ ਹੈ। ਇਸ ਦਿਨ ਰਿਸ਼ਤੇਦਾਰਾਂ ਦੀਆਂ, ਸਨੇਹੀਆਂ ਦੀਆਂ ਨੂੰਹਾਂ-ਬੇਟੀਆਂ ਨੂੰ ਵੀ ਮਿਠਾਈਆਂ ਆਦਿ ਭੇਜੀਆਂ ਜਾਂਦੀਆਂ ਹਨ।

ਰੱਖਿਆ ਬੰਧਨ (ਰੱਖੜੀ) ਦਾ ਤਿਉਹਾਰ, ਹਿਰਦੇ ਦਾ ਤਿਉਹਾਰ ਹੈ, ਤਰੱਕੀ ਪ੍ਰਤੀਕ, ਚੰਗੇ ਸ਼ੁੱਧ ਆਚਰਣ ਦਾ ਪ੍ਰਤੀਕ, ਦ੍ਰਿਸ਼ਟੀ ਪਰਿਵਰਤਨ ਦਾ ਪ੍ਰਤੀਕ ਹੈ। ਧਾਰਮਿਕ ਸ਼ਰਧਾਲੂ ਸਾਧਕ ਧਾਰਮਿਕ ਸਥਾਨਾਂ ਵਿਚ ਜਾ ਕੇ ਪੂਜਾ ਕਰਦੇ ਹਨ ਅਤੇ ਭਗਵਾਨ ਨੂੰ ਰੱਖੜੀ ਬੰਨ੍ਹਦੇ ਹਨ ਅਤੇ ਜੀਵਨ ਦੀ ਤਰੱਕੀ ਦੀ, ਖੁਸ਼ਹਾਲੀ ਦੀ, ਚੰਗੇ ਆਚਰਣ ਦੀ, ਸ਼ਾਂਤੀ ਅਤੇ ਖੁਸ਼ੀਆਂ ਦੀ ਕਾਮਨਾ ਕਰਦੇ ਹਨ।

# ਅੰਤਰਰਾਸ਼ਟਰੀ ਯੁਵਕ ਦਿਵਸ 2024: "ਕਲਿੱਕਸ ਤੋਂ ਤਰੱਕੀ ਤੱਕ - ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ"

**'ਅੰਤਰਰਾਸ਼ਟਰੀ ਯੁਵਕ ਦਿਵਸ 2024 ਦਾ ਥੀਮ ਹੈ– "ਕਲਿੱਕਸ ਤੋਂ ਤਰੱਕੀ ਤੱਕ: ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ" ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ– ਅਨਿਲ ਧੀਰ**



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਅੰਤਰਾਸ਼ਟਰੀ ਯੁਵਕ ਦਿਵਸ 2024 ਦੇ ਮੌਕੇ 'ਤੇ ਨੌਜਵਾਨਾਂ ਨੂੰ ਅੱਗੇ ਆਉਣ 'ਤੇ ਜ਼ੋਰ ਦੇਣ ਦੇ ਨਾਲ-ਨਾਲ ਡਿਜੀਟਲ ਵਿਸ਼ਵ ਪ੍ਰਤੀ ਹਰ ਪੱਧਰ 'ਤੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਨੌਜਵਾਨਾਂ ਦੇ ਡਿਜ਼ੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਲ ਨਹੀਂ ਕੀਤੀ ਜਾ ਸਕਦੀ।

ਡਿਜੀਟਲਾਈਜ਼ੇਸ਼ਨ ਸਾਡੀ ਦੁਨੀਆਂ ਨੂੰ ਬਦਲ ਰਿਹਾ ਹੈ, ਟਿਕਾਊ ਵਿਕਾਸ ਨੂੰ ਤੇਜ਼ ਕਰਨ ਲਈ ਬੇਮਿਸਾਲ ਮੌਕੇ ਦਿੰਦਾ ਹੈ। ਡਿਜੀਟਲ ਤਕਨਾਲੋਜੀ-ਮੋਬਾਈਲ ਉਪਕਰਨ, ਸੇਵਾਵਾਂ ਅਤੇ ਨਕਲੀ ਖੂਫੀਆ ਟਿਕਾਊ ਵਿਕਾਸ ਟੀਚਿਆਂ ਨੂੰ ਅੱਗੇ ਵਧਾਉਣ 'ਚ ਸਹਾਇਕ ਹਨ। ਡਿਜੀਟਲ ਆਪਸੀ ਕਿਰਿਆਵਾਂ ਤੋਂ ਤਿਆਰ ਡੇਟਾ ਸਬੂਤ-ਅਧਾਰਿਤ ਫੈਸਲੇ ਲੈਣ ਦਾ ਸਮਰਥਨ ਕਰਦਾ ਹੈ।

12 ਅਗਸਤ, 2010 ਨੂੰ ਪਹਿਲੀ ਬਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੂਕਤਾ ਪੈਦਾ ਕਰਨਾ ਹੈ। ਅੰਤਰਰਾਸ਼ਟਰੀ ਯੁਵਕ ਦਿਵਸ ਦੁਨੀਆਂ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੈਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ।

ਯੂ.ਐੱਨ. ਦੇ ਏਜੰਡੇ ਵਿਚ 2030 ਤੱਕ ਹੋਰ ਚੁਣੌਤੀਆਂ ਜਿਵੇਂ ਸਿਹਤ ਸੰਭਾਲ, ਗਰੀਬੀ ਘਟਾਉਣ ਲਈ ਸਮਾਜਿਕ ਹਿੱਸੇਦਾਰੀ, ਮੌਸਮ ਵਿਚ ਤਬਦੀਲੀ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵਗੈਰਾ ਦਾ ਵੀ ਖਿਆਲ ਰੱਖਣਾ ਹੈ। ਅੱਜ ਅਤੇ ਭਵਿੱਖ 'ਚ ਵਾਤਾਵਰਣ ਤਬਦੀਲੀ ਅਤੇ ਜਲਵਾਯੂ ਸੰਕਟ ਕਾਰਨ ਆਬਾਦੀ ਸਰੀਰਕ-ਮਾਨਸਿਕ ਸਮੱਸਿਆਵਾਂ ਦੇ ਘੇਰੇ 'ਚ ਆ ਰਹੀ ਹੈ। ਤਬਦੀਲੀ ਲਈ ਹੁਨਰ 'ਤੇ ਗ੍ਰੀਨ ਨੌਕਰੀਆਂ ਲਈ ਜਲਵਾਯੂ ਬਦਲਾਅ ਦੀ ਤਿਆਰੀ, ਹਰਿਆਲੀ ਉਸਾਰੀ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਆਦਿ ਵਰਗੇ ਖੇਤਰਾਂ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

**ਨੌਜਵਾਨਾਂ ਅੱਗੇ ਚੁਣੌਤੀਆਂ ਦਾ ਜਾਲ ਹੈ:**

- ਅੱਜ ਡਿਜੀਟਲ ਵਿਸ਼ਵ ਹੀ ਦੁਨੀਆਂ ਨੂੰ ਅੱਗੇ ਲੈ ਕੇ ਜਾ ਰਿਹਾ ਹੈ। ਵੱਧ ਰਿਹਾ ਸਕੈਮ, ਸਾਈਬਰ ਕ੍ਰਾਈਮ ਹਰ ਆਦਮੀ ਲਈ ਚੁਣੌਤੀ ਬਣ ਗਿਆ ਹੈ। ਹਰ ਉਮਰ ਦੇ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ।
- 24 ਘੰਟੇ ਸੋਸ਼ਲ ਮੀਡੀਆ ਵੱਟਸਅਪ, ਇੰਸਟਾਗ੍ਰਾਮ, ਫੇਸਬੁੱਕ, ਟਿੱਕਟਾਕ, ਟਵਿੱਟਰ 'ਤੇ ਰਹਿਣ ਦੀਆਂ ਮੁਸ਼ਕਲਾਂ, ਯਾਨਿ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੋਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰ ਲਈ ਬੇਨਕਾਬ ਕਰ ਦਿੱਤਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਤੇਜ਼ੀ ਨਾਲ ਬਿਮਾਰ ਕਰ ਰਹੀ ਹੈ।
- ਹਾਈ ਸਕੂਲ ਦੇ ਵਿਦਿਆਰਥੀ ਕਰੀਬਨ 30% ਵੱਖ-ਵੱਖ ਕਿਸਮ ਦੇ ਡਰੱਗਜ਼ ਅਤੇ 45% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ। ਕਰੀਅਰ ਤੋਂ ਫੋਕਸ ਹਟਦਾ ਜਾ ਰਿਹਾ ਹੈ। ਬੱਚੇ ਅਤੇ ਨੌਜਵਾਨ, ਲਗਾਤਾਰ ਸਟ੍ਰੈੱਸ ਦੇ ਘੇਰੇ ਵਿਚ ਰਹਿਣ ਕਰਕੇ, ਯਾਨਿ ਮਾੜਾ ਸਟ੍ਰੈੱਸ ਹਰ ਪਲਾਨਿੰਗ ਫੇਲ ਕਰ ਰਿਹਾ ਹੈ।
- ਬੇਰੁਜ਼ਗਾਰੀ ਅਤੇ ਭੰਬਲਭੂਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਸਹੀ ਰਸਤਾ ਲੱਭਣ ਲਈ ਭਟਕ ਰਿਹਾ ਹੈ। ਮਾਡਰਨ ਸਮਾਜ ਵਿਚ ਹਰ ਖੁਸ਼ੀ ਦੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਲਈ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੋੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।
- ਅੱਜ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੁੱਲ੍ਹੇ ਬਾਜ਼ਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੁਜ਼ਗਾਰੀ ਦੇ ਨਾਲ ਨੌਜਵਾਨਾਂ ਦੀ ਜ਼ਿੰਦਗੀ ਮੁਸ਼ਕਲਾਂ ਭਰੀ 'ਤੇ ਗੁੰਝਲਦਾਰ ਬਣ ਗਈ ਹੈ।

**ਨੋਟ:** ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਲ ਨਹੀਂ ਕੀਤੀ ਜਾ ਸਕਦੀ।

# ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੇਕਸੂਰੇ ਕਦੋਂ ਤੱਕ ?

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਪਿਛਲੇ ਕੁਝ ਵਰ੍ਹਿਆਂ ਤੋਂ ਆਮਦਨ ਕਰ ਵਿਭਾਗ, ਭਾਰਤ ਦੀ ਈ.ਡੀ. (ਇਨਫੋਰਸਮੈਂਟ ਡੀਪਾਰਟਮੈਂਟ), ਸੀ.ਬੀ.ਆਈ. (ਸੈਂਟਰਲ ਬੋਰਡ ਆਫ਼ ਇਨਵੈਸਟੀਗੇਸ਼ਨ) ਵਲੋਂ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਦੇ ਖਿਲਾਫ਼ ਸ਼ਿਕੰਜਾ ਕੱਸਣ ਦੇ ਨਾਂਅ 'ਤੇ ਜਿਸ ਤਰ੍ਹਾਂ ਅੰਧਾ-ਧੁੰਦ ਛਾਪੇ ਮਾਰੇ ਗਏ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਉਸ ਸਬੰਧੀ ਇਨ੍ਹਾਂ ਏਜੰਸੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਉਹ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਉਨ੍ਹਾਂ ਦੀਆਂ ਸਿਆਸੀ ਇਛਾਵਾਂ ਪੂਰੀਆਂ ਕਰਨ ਹਿੱਤ ਇਹ ਸਭ ਕੁਝ ਕਰ ਰਹੇ ਹਨ। ਇਹ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਜਾਂ ਕਥਿਤ ਦੋਸ਼ੀਆਂ ਨੂੰ ਜ਼ਮਾਨਤ ਨਾ ਮਿਲੇ, ਇਸ ਲਈ ਜਾਣਬੁੱਝ ਕੇ ਤਕਨੀਕੀ ਅੜਚਣਾਂ ਪੈਦਾ ਕਰਕੇ ਅਦਾਲਤ ਨੂੰ ਜ਼ਮਾਨਤ ਦੇਣ ਤੋਂ ਰੋਕਦੀਆਂ ਦੇਖੀਆਂ ਜਾਂਦੀਆਂ ਹਨ। ਸਿੱਟੇ ਵਜੋਂ ਵਿਅਕਤੀ ਲੰਮਾਂ ਸਮਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣ ਲਈ ਮਜਬੂਰ ਕਰ ਦਿੱਤੇ ਜਾਂਦੇ ਹਨ।

ਉਦਾਹਰਨ ਵਜੋਂ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦਾ ਕੇਸ ਲੈ ਲਵੋ। ਉਸਨੂੰ ਬਿਨ੍ਹਾਂ ਜ਼ਮਾਨਤ 17 ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਇਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੇ ਆਖ਼ਿਰ ਜ਼ਮਾਨਤ ਦਿੱਤੀ ਹੈ, ਹਾਲਾਂਕਿ ਇਹ ਸ਼ਰਤਾਂ ਤਹਿਤ ਹੈ। ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਨਸੀਹਤ ਕੀਤੀ ਹੈ ਕਿ ਜ਼ਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ (ਛੋਟ)। ਕਿਸੇ ਦੀ ਜ਼ਮਾਨਤ ਸਜ਼ਾ ਦੇ ਤੌਰ 'ਤੇ ਟਾਲੀ ਨਹੀਂ ਜਾਣੀ ਚਾਹੀਦੀ। ਪਰ ਹੇਠਲੀਆਂ ਅਦਾਲਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ।

ਸਿਸੋਦੀਆਂ ਹੇਠਲੀ ਅਦਾਲਤ ਤੋਂ ਜ਼ਿਲ੍ਹਾ ਅਦਾਲਤ, ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਪੁੱਜੇ। ਪਰ ਕੀ ਸਾਧਾਰਨ ਆਦਮੀ ਆਪਣੀ ਜ਼ਮਾਨਤ ਕਰਾਉਣ ਲਈ ਇੰਨੇ ਯਤਨ ਕਰ ਸਕਦਾ ਹੈ? ਕੀ ਉਹ ਇੰਨੀਆਂ ਅਦਾਲਤਾਂ 'ਚ ਜਾ ਸਕਦਾ ਹੈ? ਕੀ ਇੰਨੇ ਯਤਨ ਜੁਟਾ ਸਕਦਾ ਹੈ, ਜੋ ਸਿਸੋਦੀਆਂ ਜਾਂ ਉਸਦੀ ਪਾਰਟੀ ਨੇ ਜੁਟਾਏ? ਸਿਸੋਦੀਆਂ ਜਿਹੜਾ ਲੋਕਾਂ ਵਲੋਂ ਚੁਣਿਆ ਨੁਮਾਇੰਦਾ ਸੀ, ਵਰਗਾ ਜ਼ਿੰਮੇਵਾਰ ਵਿਅਕਤੀ ਜੇਲ੍ਹ ਵਿਚ ਰਹਿਣ ਲਈ ਮਜਬੂਰ ਹੋਇਆ। ਜੇਕਰ ਉਸਦਾ ਕੇਸ ਅਦਾਲਤ ਵਿਚ ਨਿਪਟਾਉਣ ਉਪਰੰਤ ਉਸਨੂੰ ਸਜ਼ਾ ਨਹੀਂ ਹੁੰਦੀ, ਤਾਂ ਇਹ 17 ਮਹੀਨੇ ਜੋ ਉਸਨੇ ਜੇਲ੍ਹ ਵਿਚ ਕੱਟੇ ਹਨ, ਉਸਦਾ ਹਿਸਾਬ ਕੌਣ ਦੇਵੇਗਾ? ਲੱਖਾਂ ਵਿਅਕਤੀ ਅੱਜ ਭਾਰਤੀ ਜੇਲ੍ਹਾਂ 'ਚ ਸੜ ਰਹੇ ਹਨ। ਬਿਨ੍ਹਾਂ ਸਜ਼ਾ ਤੋਂ ਸਜ਼ਾ ਭੁਗਤ ਰਹੇ ਹਨ।

ਦਿੱਲੀ ਆਬਕਾਰੀ ਮਾਮਲੇ ਵਿਚ ਸਤੇਂਦਰ ਜੈਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹਨ। ਜ਼ਮਾਨਤ ਦੀ ਉਡੀਕ ਕਰ ਰਹੇ ਹਨ। ਸੰਸਦ ਮੈਂਬਰ ਸੰਜੇ ਸਿੰਘ ਵੀ ਜ਼ੇਲ੍ਹ 'ਚ ਡੱਕੇ ਗਏ। ਭਾਰਤੀ ਸੈਨਾ ਦੀ ਜ਼ਮੀਨ ਘੁਟਾਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਵੀ ਪੰਜ ਮਹੀਨੇ ਜੇਲ੍ਹ 'ਚ ਧੱਕਿਆ, ਰੱਖਿਆ ਗਿਆ। ਹੁਣ ਉਹ ਜ਼ਮਾਨਤ 'ਤੇ ਹੈ।

ਬੇਸ਼ੱਕ ਜ਼ਮਾਨਤ ਦੇਣ ਦਾ ਭਾਵ ਇਹ ਨਹੀਂ ਕਿ ਵਿਅਕਤੀ ਦੋਸ਼ ਮੁਕਤ ਹੋ ਗਿਆ ਹੈ। ਪਰ ਬਿਨ੍ਹਾਂ ਕਾਰਨ ਜੇਲ੍ਹ 'ਚ ਕਿਸੇ ਨੂੰ ਵੀ ਬੰਦ ਰੱਖਣਾ ਕਤੱਈ ਵੀ ਜਾਇਜ਼ ਨਹੀਂ, ਸਿਰਫ਼ ਇਸ ਸ਼ੱਕ ਦੀ ਵਜ੍ਹਾ ਕਾਰਨ ਕਿ ਇਸ ਨੇ ਦੋਸ਼ ਕੀਤਾ ਹੈ। ਇਸ ਤਰ੍ਹਾਂ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਬੰਦ ਰੱਖਣਾ ਜੇਲ੍ਹ ਸਜ਼ਾ ਦੇਣ ਦੇ ਤੁਲ ਹੈ। ਕੀ ਇਸ ਨੂੰ ਜਾਇਜ਼ ਮੰਨਿਆ ਜਾਏਗਾ?

ਇਸ ਸਬੰਧ ਵਿਚ ਸੂਬਿਆਂ ਦੀ ਪੁਲਿਸ, ਵਿਜੀਲੈਂਸ, ਕੇਂਦਰ ਦੀਆਂ ਏਜੰਸੀਆਂ ਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਦਿ ਬਿਨ੍ਹਾਂ ਵਜ੍ਹਾ ਲੋਕਾਂ ਨੂੰ ਜੇਲ੍ਹੀਂ ਡੱਕਣ ਦੇ ਜ਼ਿੰਮੇਵਾਰ ਤਾਂ ਗਿਣੇ ਹੀ ਜਾਂਦੇ ਹਨ, ਪਰ ਅਦਾਲਤਾਂ ਵੀ ਜ਼ਿੰਮੇਵਾਰ ਹਨ, ਕਿਉਂਕਿ ਅਦਾਲਤਾਂ 'ਚ ਕੇਸ ਲੰਮੇ ਸਮੇਂ ਤੋਂ ਅਟਕੇ ਰਹਿੰਦੇ ਹਨ।

ਪੇਸ਼ੀ-ਦਰ-ਪੇਸ਼ੀ ਹੋਈ ਜਾਂਦੀ ਹੈ। ਕਦੇ ਕਾਗਜ਼ ਪੂਰੇ ਨਹੀਂ ਹੁੰਦੇ। ਦੋਸ਼ ਘੜੇ ਨਹੀਂ ਜਾਂਦੇ। ਗਵਾਹ ਪੂਰੇ ਨਹੀਂ ਹੁੰਦੇ। ਫਿਰ ਗਵਾਹ ਮੁੱਕਰ ਜਾਂਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਵਿਅਕਤੀ ਨੂੰ ਜੇਲ੍ਹਾਂ 'ਚ ਡੱਕੀ ਰੱਖਣ ਦਾ ਕਾਰਨ ਬਣਦਾ ਜਾਂਦਾ ਹੈ। ਜਿਥੇ ਇਹ ਹਾਕਮਾਂ ਲਈ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਹਥਿਆਰ ਹੈ, ਉਥੇ ਪਿੰਡਾਂ, ਸ਼ਹਿਰਾਂ 'ਚ ਆਪਣੇ ਵਿਰੋਧੀਆਂ ਨੂੰ ਪੈਸੇ ਦੇ ਜ਼ੋਰ 'ਤੇ ਪ੍ਰੇਸ਼ਾਨ ਕਰਨ ਦਾ ਹਥਿਆਰ ਵੀ ਬਣਿਆ ਹੋਇਆ ਹੈ।

2023 ਦੇ ਅੰਕੜਿਆਂ ਅਨੁਸਾਰ 5,73,000 ਲੋਕ, ਭਾਰਤੀ ਜੇਲ੍ਹਾਂ ਵਿਚ ਹਨ। 2022 ਦੇ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਵਿਚੋਂ 75 ਫ਼ੀਸਦੀ ਤੋਂ ਵੱਧ ਲੋਕ ਕੇਸ ਭੁਗਤ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਵੱਖ-ਵੱਖ ਜੇਲ੍ਹਾਂ ਵਿਚ ਵੱਖੋ-ਵੱਖਰੇ ਸੂਬਿਆਂ 'ਚ 5 ਸਾਲ ਤੋਂ ਵੱਧ ਸਮੇਂ ਤੋਂ 11,448 ਲੋਕ ਜੇਲ੍ਹਾਂ 'ਚ ਬੰਦ ਹਨ, ਜਿਨ੍ਹਾਂ ਦੇ ਕੇਸ ਲਟਕੇ ਹੋਏ ਹਨ ਜਾਂ ਜਿਨ੍ਹਾਂ 'ਤੇ ਦੋਸ਼ ਪੱਤਰ ਹੀ ਜਾਰੀ ਨਹੀਂ ਹੋਏ। 3 ਤੋਂ 5 ਸਾਲ ਤੋਂ ਜੇਲ੍ਹਾਂ 'ਚ ਬੰਦ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ 25,869 ਹੈ ਅਤੇ 2 ਤੋਂ 3 ਸਾਲ ਦੇ ਸਮੇਂ ਤੱਕ 33,980 ਅਤੇ 1 ਤੋਂ 2 ਸਾਲ ਦੇ ਸਮੇਂ ਤੱਕ 63502 ਵਿਅਕਤੀ ਜੇਲ੍ਹਾਂ 'ਚ ਬੰਦ ਹਨ। ਇਹ ਜੇਲ੍ਹਾਂ 'ਚ ਬੰਦ ਲੋਕ ਸਜ਼ਾ ਵਾਲੇ ਕੈਦੀ ਨਹੀਂ। ਸਿਰਫ਼ ਜੇਲ੍ਹਾਂ 'ਚ ਬੈਠਾਏ ਹੋਏ ਉਹ ਲੋਕ ਹਨ, ਜਿਨ੍ਹਾਂ ਦੇ ਕੇਸ ਅਦਾਲਤਾਂ 'ਚ ਲਟਕੇ ਹੋਏ ਹਨ।

ਜੂਨ 2024 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲਟਕੇ ਹੋਏ ਹਨ ਅਤੇ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਅਠਾਰਾਂ ਲੱਖ ਕੇਸ ਭਾਰਤੀ ਅਦਾਲਤਾਂ ਫੌਜਦਾਰੀ, ਜ਼ਮੀਨੀ ਆਦਿ ਕੇਸ ਪਿਛਲੇ 30 ਸਾਲਾਂ ਤੋਂ ਫ਼ੈਸਲਿਆਂ ਦੀ ਉਡੀਕ ਵਿਚ ਹਨ।

2018 ਦੇ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਡੀਆਂ ਅਦਾਲਤਾਂ 'ਚ ਜਿੰਨੇ ਕੇਸ ਲੰਬਿਤ ਪਏ ਹਨ, ਉਨ੍ਹਾਂ ਨੂੰ ਜੇਕਰ ਹੁਣ ਵੀ ਰਫ਼ਤਾਰ ਨਾਲ ਨਿਪਟਾਇਆ ਜਾਂਦਾ ਹੈ, ਤਾਂ ਇਸ ਤੇ 324 ਸਾਲ ਲੱਗਣਗੇ। ਅਦਾਲਤਾਂ 'ਚ ਦੇਰੀ ਹੋਣ ਨਾਲ ਪੀੜਤ ਅਤੇ ਦੋਸ਼ੀ ਦੋਨੋਂ ਨਿਆਂ ਤੋਂ ਵਿਰਵੇ ਰਹਿੰਦੇ ਹਨ। ਅਪ੍ਰੈਲ 2022 ਵਿਚ ਬਿਹਾਰ ਰਾਜ ਦੀ ਇੱਕ ਅਦਾਲਤ ਨੇ 28 ਸਾਲ ਜੇਲ੍ਹ ਵਿਚ ਕੱਟਣ ਤੋਂ ਬਾਅਦ, ਸਬੂਤਾਂ ਦੇ ਨਾ ਮਿਲਣ ਕਾਰਨ ਇੱਕ ਦੋਸ਼ੀ ਨੂੰ ਬਰੀ ਕਰ ਦਿੱਤਾ। ਉਹ 28 ਸਾਲ ਦੀ ਉਮਰ 'ਚ ਜੇਲ੍ਹ ਗਿਆ ਤੇ ਬਰੀ ਹੋਣ ਵੇਲੇ ਉਸਦੀ ਉਮਰ 56 ਸਾਲ ਹੋ ਗਈ। 28 ਸਾਲ ਦਾ ਹਿਸਾਬ ਕੌਣ ਦੇਵੇਗਾ?

ਇਨ੍ਹਾਂ ਅਦਾਲਤੀ ਕੇਸਾਂ ਵਿਚ ਉਹ ਫੌਜਦਾਰੀ ਕੇਸ ਵੀ ਸ਼ਾਮਲ ਹਨ, ਜਿਹੜੇ ਦੇਸ਼ ਦੇ ਕਾਨੂੰਨ ਘਾੜਿਆਂ ਭਾਵ ਮੈਂਬਰ ਪਾਰਲੀਮੈਂਟ, ਵਿਧਾਨ ਸਭਾਵਾਂ ਉਤੇ ਵੀ ਦਰਜ਼ ਹਨ, ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਇਨ੍ਹਾ ਕੇਸਾਂ ਦੇ ਨਿਪਟਾਰੇ ਲਈ ਕਈ ਵਾਰ ਹੇਠਲੀਆਂ ਅਦਾਲਤਾਂ ਨੂੰ ਆਦੇਸ਼ ਦੇ ਚੁੱਕੀ ਹੈ। ਉਨ੍ਹਾਂ ਵਿਚੋਂ ਬਹੁਤੇ ਜ਼ਮਾਨਤਾਂ 'ਤੇ ਹਨ।

ਜੇਲ੍ਹਾਂ ਵਿਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜ਼ਮਾਨਤਾਂ ਦਿੱਤੀਆਂ ਗਈਆਂ, ਕਈਆਂ 'ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਆਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਣਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਦਰਜ ਕੀਤੇ 2010 ਦੇ ਕੇਸ ਵਿਚ ਯੂ.ਏ.ਪੀ.ਏ. ਦੀਆਂ ਧਾਰਾਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁੰਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜ਼ਦਾਰੀ ਜ਼ੁਰਮ ਬਨਾਉਣ ਵੱਲ ਕਦਮ ਪੁੱਟ ਲਿਆ ਗਿਆ। ਇਸ ਕਿਸਮ ਦਾ ਵਰਤਾਰਾ ਸਿਆਸੀ ਵਿਰੋਧੀਆਂ, ਸਮਾਜਿਕ ਕਾਰਕੁੰਨਾਂ (ਜੋ ਹਾਕਮ ਧਿਰ ਦੀ ਭੈੜੀਆਂ ਨੀਤੀਆਂ ਦਾ ਪਾਜ ਉਭਾਰਦੇ ਹਨ), ਦੀ ਆਵਾਜ਼ ਬੰਦ ਕਰਨ ਲਈ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀਂ ਜੋ ਤਿੰਨ ਫੌਕਦਾਰੀ ਕਾਨੂੰਨ ਪਾਸ ਹੋਏ ਹਨ, ਉਹ ਦੇਸ਼ ਵਿਚ ਪਹਿਲੀ ਜੁਲਾਈ ਤੋਂ ਲਾਗੂ ਹੋਏ ਹਨ। ਇਹ ਨਵੇਂ ਫੌਜਦਾਰੀ ਕਾਨੂੰਨ ਇਨਸਾਫ ਦੇ ਪ੍ਰਬੰਧ ਵਿਚ ਪੁਲਿਸ ਦੇ ਅਧਿਕਾਰਾਂ ਵਿਚ ਅਥਾਹ ਵਾਧਾ ਕਰਦੇ ਹਨ। ਇਸ ਨਾਲ ਪੁਲਿਸ ਰਾਜ ਵਧੇਗਾ। ਪੁਲਿਸ ਰਾਹੀਂ ਹਾਕਮ 'ਦੇਸ਼ ਧ੍ਰੋਹ' ਦੇ ਮੁਕੱਦਮੇ ਦਰਜ਼ ਕਰਨਗੇ। ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਵਲੋਂ ਹੜਤਾਲਾਂ, ਸੜਕਾਂ ਤੇ ਰੇਲਾਂ ਰੋਕਣੀਆਂ ਆਦਿ ਦੀਆਂ ਕਾਰਵਾਈਆਂ ਨੂੰ ਸਖਤੀ ਨਾਲ ਦਬਾਉਣ ਦੀ ਤਾਕਤ ਪੁਲਿਸ ਕੋਲ ਵਧੇਰੇ ਹੋ ਜਾਏਗੀ। ਵਧੇਰੇ ਲੋਕ ਜੇਲ੍ਹੀਂ ਡੱਕੇ ਜਾਣਗੇ। ਪੁਲਿਸ ਹਿਰਾਸਤ ਜਿਹੜੀ ਪਹਿਲਾਂ ਸਿਰਫ਼ 15 ਦਿਨ ਹੁੰਦੀ ਸੀ ਤੇ ਬਾਅਦ 'ਚ ਉਸਨੂੰ ਅਦਾਲਤੀ ਹਿਰਾਸਤ ਭੇਜਣ ਜਾਂ ਜ਼ਮਾਨਤ ਮਿਲਣ ਦਾ ਪ੍ਰਾਵਧਾਨ ਹੁੰਦਾ ਸੀ, ਉਹ ਸੱਤ ਸਾਲਾਂ ਦੀ ਸਜ਼ਾ ਵਾਲੇ ਜ਼ੁਰਮਾਂ ਵਿਚ 60 ਦਿਨ ਅਤੇ ਇਸ ਤੋਂ ਵੱਧ ਵਾਲੇ ਜ਼ੁਰਮਾਂ ਵਿਚ 90 ਦਿਨ ਤੱਕ ਵਧਾ ਦਿੱਤੀ ਗਈ। ਪੁਲਿਸ ਹਿਰਾਸਤ ਮਿਲਣ 'ਤੇ ਜ਼ਮਾਨਤ ਰੱਦ ਹੋਣਾ ਵੀ ਇਕ ਆਮ ਜਿਹੀ ਗੱਲ ਬਣ ਜਾਵੇਗੀ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲੇਗਾ ਕਿ ਵਧੇਰੇ ਵਿਅਕਤੀ, ਬਿਨ੍ਹਾਂ ਸਜ਼ਾ ਤੋਂ ਜ਼ਮਾਨਤ ਦੇ ਸਮੇਂ 'ਚ ਬੇਲੋੜੀ ਸਜ਼ਾ ਭੁਗਤਣਗੇ ਅਤੇ ਸਿਆਸੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਰਹਿ ਜਾਣਗੇ। ਸਿੱਟੇ ਵਜੋਂ ਲੋਕਾਂ 'ਚ ਰੋਹ ਪੈਦਾ ਹੋਏਗਾ। ਸਿਆਸੀ ਸ਼ਰੀਕੇਬਾਜ਼ੀ ਵਧੇਗੀ।

ਭਾਰਤੀ ਇਨਸਾਫ਼ ਦਾ ਸਿਸਟਮ ਸਿਆਸੀ ਲੋਕਾਂ ਦੀ ਖੁਦਗਰਜ਼ੀ ਨਾਲ ਚਰਮਰਾ ਗਿਆ ਹੈ। ਇਹ ਕੁਦਰਤੀ ਇਨਸਾਫ ਦੇ ਮਾਪਦੰਡਾਂ ਤੋਂ ਦੂਰ ਚਲੇ ਗਿਆ ਹੈ। ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਕੇ ਹਕੂਮਤ ਕਰਨ ਦੀ ਪ੍ਰਵਿਰਤੀ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਕਦਮ ਵਧਾਏ ਹਨ। ਲੋਕਾਂ ਦੀਆਂ ਆਸਥਾਵਾਂ ਜਾਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਦੋਂ ਹਾਕਮ ਪ੍ਰਗਟਾਵੇ ਦੀ ਆਜ਼ਾਦੀ ਉਤੇ ਸੱਟ ਮਾਰਦਾ ਹੈ, ਤਾਂ ਉਹ ਪਹਿਲਾਂ ਲੇਖਕਾਂ, ਬੁੱਧੀਜੀਵੀਆਂ ਅਤੇ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਥਾਪਤੀ ਦੇ ਹਰ ਤਰ੍ਹਾਂ ਦੇ ਵਿਰੋਧ ਦੀ ਨੀਤੀ, ਹਾਕਮ ਧਿਰ ਦੀਆਂ ਡਿਕਟੇਟਰਾਨਾ ਰੁਚੀਆਂ ਦੀ ਪ੍ਰਤੀਕ ਬਣਦੀ ਹੈ। ਤਦੇ ਲੋਕ ਉਸਦੇ ਤਸ਼ੱਦਦ, ਜ਼ੁਲਮ ਦਾ ਸ਼ਿਕਾਰ ਬਣਦੇ ਹਨ, ਜੇਲ੍ਹੀਂ ਡੱਕੇ ਜਾਂਦੇ ਹਨ। ਪੁਲਿਸ ਪ੍ਰਸ਼ਾਸਨ ਦੇ ਧੱਕੇ ਦਾ ਸ਼ਿਕਾਰ ਹੁੰਦੇ ਹਨ।

ਇਨਸਾਫ ਦਾ ਤਕਾਜ਼ਾ ਹੈ ਕਿ ਹਰ ਸ਼ਹਿਰੀ ਨੂੰ ਇਨਸਾਫ਼ ਮਿਲੇ। ਦੋਸ਼ੀ ਨੂੰ ਸਜ਼ਾ ਮਿਲੇ। ਬੇਦੋਸ਼ੇ ਬਿਨ੍ਹਾਂ ਵਜ੍ਹਾ ਜੇਲ੍ਹੀਂ ਨਾ ਡੱਕੇ ਜਾਣ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh




Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਆਜ਼ਾਦੀ ਦੇ ਛੁਲੇ

# 'ਮੈਂ ਤੇ ਰਹਿਗੀ ਮਕਾਣੇ ਜਾਣੋਂ'

ਪੰਡਤ ਜਵਾਹਰ ਲਾਲ ਨਹਿਰੂ, ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ, ਮਲਿਕ ਖ਼ਿਜ਼ਰ ਹਯਾਤ ਟਿਵਾਣਾ


ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ

92569-73526

(Punjab Mail USA)




***ਹਕੂਮਤ ਦੇ ਹੱਥੋਂ ਤਿਲਕ ਜਾਣ 'ਤੇ ਲੀਗੀਆਂ ਨੇ ਫ਼ਸਾਦਾਂ ਦੀ ਸ਼ੁਰੂਆਤ ਕੀਤੀ***

ਭਾਰਤ ਦੀ ਵੰਡ ਸਮੇਂ ਮਜ਼੍ਹਬੀ ਤੁਅੱਸਬ 'ਚ ਲਬਰੇਜ਼ ਹੈਵਾਨੀਅਤ ਦੇ ਫ਼ਿਰਕੂ ਨਾਚ ਨੇ ਆਪਣੀ ਕਰੂਰਤਾਂ ਦੀਆਂ ਸਭ ਹੱਦਾਂ ਪਾਰ ਕਰਤੀਆਂ। ਸੱਤ੍ਹਾ ਦੇ ਲਾਲਸੀ ਨੇਤਾ ਹੀ ਇਸ ਪੁਆੜੇ ਦੀ ਜੜ੍ਹ ਬਣੇ। ਫਿਰਕੂ ਫ਼ਸਾਦ ਕਿਉਂ ਹੋਏ?, ਖੁਰਾ ਖ਼ੋਜ ਲੱਭਣ ਲਈ ਕੁੱਝ ਪਿੱਛੇ ਜਾਣਾ ਪਵੇਗਾ।

ਜੂਨ 1946 'ਚ ਫ਼ਿਰੰਗੀ ਨੇ ਕੈਬਨਿਟ ਮਿਸ਼ਨ ਸਕੀਮ ਪੇਸ਼ ਕੀਤੀ। ਇਸ ਵਿਚ ਤਿੰਨ ਫ਼ਿਰਕਿਆਂ ਸਿੱਖ, ਮੁਸਲਿਮ ਅਤੇ ਹਿੰਦੂਆਂ ਦੀ ਹੋਂਦ ਨੂੰ ਮੰਨਦੇ ਹੋਏ ਉਨ੍ਹਾਂ ਲਈ ਵੱਖ-ਵੱਖ ਚੋਣਾਂ ਅਤੇ ਪ੍ਰਤੀ ਦਸ ਲੱਖ ਆਬਾਦੀ ਪਿੱਛੇ ਇੱਕ ਮੈਂਬਰ ਚੁਣਨ ਦਾ ਐਲਾਨ ਕੀਤਾ। ਫ਼ੌਜ, ਡਾਕ/ਸੰਚਾਰ ਅਤੇ ਰੇਲ ਆਵਾਜਾਈ ਨੂੰ ਛੱਡ ਕੇ ਬਾਕੀ ਸੂਬਾਈ ਸਰਕਾਰਾਂ ਨੂੰ ਅਖ਼ਤਿਆਰ ਦੇਣ ਦੀ ਗੱਲ ਕਹੀ। ਮੁਸਲਿਮਾਂ ਨੂੰ ਇਹ ਵੀਟੋ ਪਾਵਰ ਦਿੱਤੀ ਗਈ ਕਿ ਕੇਂਦਰੀ ਕੌਂਸਲ ਵਿਚ ਉਹ ਕਾਨੂੰਨ ਪਾਸ ਨਹੀਂ ਹੋ ਸਕਦਾ, ਜਿਥੇ ਅੱਧ ਤੋਂ ਵੱਧ ਇੱਕ ਮੁਸਲਿਮ ਮੈਂਬਰ ਉਸ ਦੇ ਵਿਰੋਧ 'ਚ ਹੋਵੇ। ਸਿੱਖਾਂ ਨੂੰ, ਸਿੱਖ ਇੱਕ ਬਹਾਦਰ ਕੌਮ ਹੈ। "ਪੰਜਾਬ ਉਨ੍ਹਾਂ ਦਾ ਜੱਦੀ ਘਰ ਹੈ" ਵਡਿਆ ਕੇ ਲਾਲੀ ਪੋਪ ਦੇ ਦਿੱਤਾ। ਇਸ ਕੌਂਸਲ ਦੀ ਤਿਆਰੀ ਨੂੰ ਸਮਾਂ ਲੱਗਣਾ ਸੀ, ਸੋ ਇਕ ਆਰਜ਼ੀ ਹਕੂਮਤ ਵਜੋਂ ਹਿੰਦੂ-ਮੁਸਲਮਾਨਾਂ ਨੂੰ 5-5 ਅਤੇ ਸਿੱਖਾਂ-ਐੱਸ.ਸੀ. ਵਰਗ ਲਈ 1-1 ਮੈਂਬਰੀ ਵਾਲੀ ਕੌਂਸਲ ਮਨਜ਼ੂਰ ਹੋਈ। ਕਾਂਗਰਸ ਨੇ ਰਾਜ ਬਣਤਰ ਸਕੀਮ ਨੂੰ ਤਾਂ ਪ੍ਰਵਾਨ ਕਰ ਲਿਆ ਪਰ ਆਰਜ਼ੀ ਹਕੂਮਤ ਵਿਚ ਭਾਈਵਾਲ ਬਣਨ ਤੋਂ ਇਨਕਾਰ ਕਰਤਾ। ਫ਼ਿਰੰਗੀ ਸਰਕਾਰ ਨੇ 29 ਜੂਨ 1946 ਨੂੰ ਇਸ ਆਰਜ਼ੀ ਹਕੂਮਤ ਵਾਲੀ ਸਕੀਮ ਨੂੰ ਵਾਪਸ ਲੈ ਲਿਆ।- "ਮੈਂ ਤਾਂ ਰਹਿ ਗਈ ਮਕਾਣੇ ਜਾਣੋਂ" ਮੁਸਲਿਮ ਲੀਗ ਨੇ ਕਾਂਗਰਸ ਤੋਂ ਚਿੜ ਕੇ, 29 ਜੁਲਾਈ 1946 ਨੂੰ ਫ਼ਿਰੰਗੀ ਹਕੂਮਤ ਦੀ ਕੌਂਸਲ ਸਕੀਮ ਰੱਦ ਕਰਕੇ ਕਾਂਗਰਸ/ਹਿੰਦੂਆਂ ਵਿਰੁੱਧ ਆਪਣੀ ਭੜਾਸ ਕੱਢਦਿਆਂ, 'ਡਾਇਰੈਕਟ ਐਕਸ਼ਨ' ਦਾ ਐਲਾਨ ਕਰਤਾ। ਇਸ ਦੀ ਤਾਰੀਖ 16 ਅਗਸਤ ਨੀਅਤ ਕੀਤੀ। 10 ਅਗਸਤ ਨੂੰ ਗਵਰਨਰ ਜਨਰਲ ਹਿੰਦ ਨੇ ਲੀਗ ਤੋਂ ਖ਼ਫ਼ਾ ਹੁੰਦਿਆਂ ਕਾਂਗਰਸ ਨੂੰ ਆਰਜ਼ੀ ਹਕੂਮਤ ਬਣਾਉਣ ਦਾ ਸੱਦਾ ਦਿੱਤਾ। ਪ੍ਰਕਿਰਿਆ ਹਾਲੇ ਵਿਚ ਵਿਚਾਲੇ ਹੀ ਸੀ ਕਿ 16 ਅਗਸਤ ਤੋਂ ਸਿੱਧੀ ਕਾਰਵਾਈ ਕਰਦਿਆਂ ਮੁਸਲਿਮ ਲੀਗ ਦੇ ਭੜਕੇ ਕਾਰਕੁਨਾਂ ਕਲਕੱਤੇ ਦੇ ਹਿੰਦੂਆਂ ਨੂੰ ਕੋਹ-ਕੋਹ ਕੇ ਮਾਰਿਆ। ਮੁਟਿਆਰਾਂ ਦੀ ਸ਼ਰੇ-ਬਾਜ਼ਾਰ ਬੇਪਤੀ ਕੀਤੀ। ਕਈਆਂ ਤਾਈਂ ਨੰਗਿਆਂ ਕਰਕੇ ਬਾਜ਼ਾਰਾਂ ਵਿਚ ਘੁਮਾਇਆ, ਛਾਤੀਆਂ ਕੱਟ ਦਿੱਤੀਆਂ ਗਈਆਂ। ਕਈ ਬੱਚਿਆਂ ਤਾਈਂ ਟੁਕੜੇ ਕੀਤੇ ਜਾਂ ਲੱਤਾਂ ਤੋਂ ਫੜ ਕੇ ਪਾੜ ਦਿੱਤਾ। ਲੁੱਟ-ਮਾਰ ਕਰਕੇ ਹਿੰਦੂ ਬਸਤੀਆਂ ਸਪੁਰਦੇ ਆਤਿਸ਼ ਕੀਤੀਆਂ ਗਈਆਂ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ। 14 ਅਕਤੂਬਰ ਨੂੰ ਪੂਰਬੀ ਬੰਗਾਲ ਦੇ ਨਵਾਖਲੀ ਇਲਾਕੇ ਵਿਚ ਲੀਗੀਆਂ ਕਲਕੱਤੇ ਨੂੰ ਦੁਹਰਾਇਆ। ਵਿਰੋਧ ਵਜੋਂ ਹਿੰਦੂਆਂ ਵੀ ਜਥੇਬੰਦ ਹੋ ਕੇ ਕਲਕੱਤੇ ਸਮੇਤ ਉਪਰੰਤ ਬਿਹਾਰ ਵਿਚ ਮੁਸਲਮਾਨਾਂ ਵਿਰੁੱਧ ਉਹੀ ਕੁੱਝ ਕਰਕੇ ਆਪਣੇ ਧਰਮ ਦਾ ਸੀਨਾ ਠੰਢਾ ਕੀਤਾ। ਸਿੱਖਾਂ ਨੇ ਉਥੇ ਮੁਸਲਿਮ ਹਮਲੇ ਸਮੇਂ ਹਿੰਦੂਆਂ ਦੀ ਅਤੇ ਹਿੰਦੂਆਂ ਦੇ ਹਮਲੇ ਸਮੇਂ ਮੁਸਲਮਾਨਾਂ ਦੀ ਰੱਖਿਆ ਕੀਤੀ। ਪਰ ਪੰਜਾਬ ਵਿਚ ਸਿੱਖਾਂ ਨੂੰ ਹਿੰਦੂਆਂ ਦੇ ਬਰਾਬਰ ਹੀ ਤੋਲਿਆ, ਉਨ੍ਹਾਂ।

ਪੰਜਾਬ ਵਿਚ 47 ਦੇ ਕਤਲੇਆਮ ਦਾ ਮੁੱਢ ਇਥੋਂ ਹੀ ਬੱਝਾ। ਪੂਰਬੀ ਬੰਗਾਲ ਤੋਂ ਕੁੱਝ ਲੀਗੀ ਮੌਲਵੀਆਂ ਸੂਬਾ ਸਰਹੱਦ ਦੇ ਹਜ਼ਾਰਾ ਇਲਾਕੇ ਵਿਚ ਪਹੁੰਚ ਕੇ ਕਲਕੱਤੇ ਅਤੇ ਬਿਹਾਰ ਵਿਚ ਮੁਸਲਮਾਨਾਂ ਉਪਰ ਹਿੰਦੂਆਂ ਵਲੋਂ ਕੀਤੇ ਜ਼ਬਰੋ-ਜ਼ੁਲਮ ਦੀ ਕਹਾਣੀ ਸੁਣਾ ਕੇ ਬਾਰੂਦ ਭਰਤਾ। ਉਨ੍ਹਾਂ ਉਕਸਾ ਕੇ ਹਜ਼ਾਰਾਂ ਧਾੜਵੀਆਂ ਦਾ ਹਜੂਮ 'ਕੱਠਾ ਕਰਕੇ, ਹਜ਼ਾਰੇ ਦੇ ਹਿੰਦੂਆਂ ਦੇ ਨਾਲ ਸਿੱਖਾਂ ਉਪਰ ਵੀ ਹੱਲਾ ਬੋਲ ਕੇ ਕਤਲੇਆਮ ਸ਼ੁਰੂ ਕੀਤਾ। ਬਹੂ ਬੇਟੀਆਂ ਦੀ ਸ਼ਰੇ-ਬਾਜ਼ਾਰ ਇੱਜ਼ਤ ਰੋਲੀ। ਮਤਲਬ ਕਲਕੱਤਾ ਕਾਂਢ ਮੁੜ ਪੰਜਾਬ ਵਿਚ ਦੁਹਰਾਇਆ ਗਿਆ। ਇਹੋ ਇਕ ਤਰ੍ਹਾਂ ਡਾਇਰੈਕਟ ਐਕਸ਼ਨ ਲੀਗੀਆਂ ਵਲੋਂ ਪੰਜਾਬ ਵਿਚ ਸ਼ੁਰੂ ਕਰਨ ਦਾ ਕਾਰਨ ਵੀ ਉਹੀ ਸੋਮ ਸੀ। ਪੰਜਾਬ ਵਿਚ ਮੁਸਲਿਮ ਬਹੁ ਵਸੋਂ ਸੀ। ਪੰਜਾਬ ਵਿਧਾਨ ਸਭਾ ਵਿਚ ਵੀ ਸਭ ਤੋਂ ਵੱਡੀ ਪਾਰਟੀ ਲੀਗ ਹੀ ਸੀ।

**MLA status in Punjab, in1946-47**

| | |
|---|---|
| Muslim League | 73 |
| Congress | 51 |
| Akali Dal | 20 |
| Unionist Party | 21 |
| Independent | 10 |
| Total = | 175 |

ਇਸ ਦੇ ਬਾਵਜੂਦ ਵੀ ਉਹ ਪੰਜਾਬ ਵਿਚ ਆਪਣੀ ਹਕੂਮਤ ਬਣਾਉਣ ਵਿਚ ਕਾਮਯਾਬ ਨਾ ਹੋਈ। ਕਿਉਂ ਜੋ ਪੰਜਾਬ ਵਿਚ ਯੂਨੀਨਿਸਟ ਪਾਰਟੀ ਨੇ ਕਾਂਗਰਸ, 'ਕਾਲੀਆਂ ਨਾਲ ਮਿਲ ਕੇ ਸਰ ਮਲਿਕ ਖ਼ਿਜ਼ਰ ਹਯਾਤ ਟਿਵਾਣਾ ਦੀ ਅਗਵਾਈ ਵਿਚ (21 ਮਾਰਚ 1946-02 ਮਾਰਚ 1947) ਸਰਕਾਰ ਬਣਾ ਲਈ। ਲੀਗੀਆਂ ਨੂੰ ਇਹ ਗੱਲ ਵਧੇਰੇ ਚੁੱਭਦੀ ਸੀ ਕਿ ਆਪਣੇ ਪਿਤਾ ਸਰ ਸਿਕੰਦਰ ਹਯਾਤ ਖਾਂ ਮੁੱਖ ਮੰਤਰੀ ਪੰਜਾਬ (1937-42) ਵਾਂਗ ਖ਼ਿਜ਼ਰ ਵੀ ਪਾਕਿਸਤਾਨ ਦਾ ਵਿਰੋਧੀ ਅਤੇ ਅਖੰਡ ਭਾਰਤ ਦਾ ਹਾਮੀ ਹੈ। ਉਨ੍ਹਾਂ ਨੂੰ ਇੱਕ ਵੱਡਾ ਝਟਕਾ ਇਹ ਵੀ ਲੱਗਾ ਕਿ ਲੀਗੀਏ ਸੂਬਾ ਸਰਹੱਦ ਵਿਚ ਵੀ ਆਪਣੀ ਸਰਕਾਰ ਬਣਾ ਨਾ ਸਕੇ। ਇਸ ਲਈ ਉਹ ਕਾਫੀ ਚਿੜੇ ਹੋਏ ਸਨ। ਉਨ੍ਹਾਂ ਪਾਕਿਸਤਾਨ ਮੰਗ ਦੀ ਹਿਮਾਇਤ 'ਚ ਭੜਕਾਊ ਨਾਅਰੇਬਾਜ਼ੀ ਕਰਦਿਆਂ ਖ਼ਿਜ਼ਰ ਦੀ ਸਰਕਾਰ ਵਿਰੁੱਧ ਇਕ ਤਰ੍ਹਾਂ ਹੁੜਦੰਗ ਮਚਾ ਰੱਖਿਆ ਸੀ। ਲੀਗੀਆਂ ਦੀ ਹਿਤੈਸ਼ੀ, ਮੁਸਲਿਮ ਪੁਲਿਸ ਦੀ ਵੀ ਉਨ੍ਹਾਂ ਨੂੰ ਪੂਰੀ ਸ਼ਹਿ ਸੀ। ਖ਼ਿਜ਼ਰ ਨੇ ਮੁਸਲਿਮ ਨੈਸ਼ਨਲ ਗਾਰਡ ਤੇ ਪਾਬੰਦੀ ਲਾਈ। ਪਾਕਿਸਤਾਨ ਦੀ ਜ਼ੋਰ-ਸ਼ੋਰ ਨਾਲ ਵਕਾਲਤ ਕਰਨ ਵਾਲੇ ਨਵਾਬ ਇਫ਼ਤਿਖ਼ਾਰ ਹੁਸੈਨ ਮਮਦੋਟ ਜੋ ਨਵਾਬ ਮਮਦੋਟ ਨਾਲ ਜਾਣੇ ਜਾਂਦੇ ਸਨ (ਇਹ ਆਜ਼ਾਦੀ ਉਪਰੰਤ, ਪੱਛਮੀ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਅਤੇ ਪਿੱਛੋਂ ਸਿੰਧ ਦੇ ਰਾਜਪਾਲ ਰਹੇ) ਸਮੇਤ ਪ੍ਰਮੁੱਖ ਲੀਗੀ ਨੇਤਾਵਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ। ਪਰ ਫਿਰ ਵੀ ਕੰਮ ਰਾਸ ਨਾ ਆਇਆ। ਅਖ਼ੀਰ ਉਸ ਦੀ ਸਰਕਾਰ ਨੇ 2 ਮਾਰਚ ਨੂੰ ਅਸਤੀਫ਼ਾ ਦੇ ਦਿੱਤਾ। 6 ਮਾਰਚ ਨੂੰ ਪੰਜਾਬ ਵਿਚ ਅੰਗਰੇਜ਼ ਗਵਰਨਰ ਸਰ ਜੈਨਕਿਨ ਜੋ ਅੰਦਰੋਂ ਲੀਗੀਆਂ ਦਾ ਸਮਰਥਕ ਸੀ, ਨੇ ਗਵਰਨਰੀ ਰਾਜ ਘੋਸ਼ਿਤ ਕਰ ਦਿੱਤਾ। ਹਜ਼ਾਰਿਉਂ ਅੱਗ ਦੀ ਚਿੰਗਾਰੀ ਚਾਰ ਮਾਰਚ 1947 ਨੂੰ ਲਾਹੌਰ-ਅੰਬਰਸਰ ਹੁੰਦੀ ਹੋਈ, ਪੰਜ ਮਾਰਚ ਨੂੰ ਰਾਵਲਪਿੰਡੀ-ਪੋਠੋਹਾਰ ਤੋਂ ਹੌਲੀ-ਹੌਲੀ ਸਾਰੇ ਪੰਜਾਬ ਵਿਚ ਫੈਲ ਗਈ। 5 ਮਾਰਚ ਨੂੰ, ਪੰਜਾਬ ਵਿਚ ਰੇਲ ਗੱਡੀ ਕਤਲੇਆਮ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਬਟਾਲੇ ਤੋਂ ਅੰਬਰਸਰ ਆ ਰਹੀ ਯਾਤਰੂ ਰੇਲ ਗੱਡੀ ਨੂੰ ਰੋਕ ਕੇ ਸ਼ਰੀਫ਼ ਪੁਰੇ ਦੇ ਫ਼ਿਰਕੂ ਪਸੰਦਾਂ ਨੇ ਗੱਡੀ ਵਿਚ ਸਵਾਰ ਹਿੰਦੂ-ਸਿੱਖਾਂ, ਸਮੇਤ ਮੈਡੀਕਲ ਕਾਲਜ ਅੰਬਰਸਰ ਦੀਆਂ ਵਿਦਿਆਰਥਣਾਂ ਦਾ ਕਤਲ ਕਰਕੇ ਕੀਤੀ।

ਭਾਰਤ ਵੰਡ ਵੇਲੇ ਵਾਪਰੇ ਫ਼ਿਰਕੂ ਦੰਗਿਆਂ ਦੀਆਂ ਵਿਰੋਧ ਭਾਸ ਘਟਨਾਵਾਂ ਸਬੰਧੀ ਕਿਧਰੇ ਦੂਸਰੇ ਮੱਜ਼੍ਹਬ ਦੇ ਬੰਦਿਆਂ ਨੇ ਆਪਣੀ ਕਰੂਰਤਾਂ ਦੀ ਸਿਖ਼ਰ ਨੂੰ ਛੋਹਦਿੰਆਂ ਵਿਰੋਧੀ ਧਰਮ ਵਾਲਿਆਂ ਦੀ ਖ਼ੁਦ ਕਤਲੋਗ਼ਾਰਤ ਕੀਤੀ ਜਾਂ ਦੰਗਾਈਆਂ ਨੂੰ ਉਕਸਾਇਆ। ਕਿਧਰੇ ਦੂਜੇ ਧਰਮ ਵਾਲਿਆਂ ਆਪਣੀ ਜਾਨ ਤੇ ਖੇਡ ਕੇ ਦੂਜੇ ਧਰਮ ਵਾਲਿਆਂ ਦੀ ਹਿਫ਼ਾਜ਼ਤ ਕਰਨ ਦੇ ਨਾਲ-ਨਾਲ ਆਸਰਾ ਵੀ ਦਿੱਤਾ। ਇਹ ਖ਼ੂਨ ਦੀ ਹੋਲੀ ਕਿਸੇ ਇਕ ਵਿਸ਼ੇਸ਼ ਧਰਮ ਦੇ ਲੋਕਾਂ ਵਲੋਂ ਨਹੀਂ, ਸਗੋਂ-

'ਤੰਦ ਨੂੰ ਕੀ ਰੋਨੀਂ ਏਂ-ਉਲਝ ਗਈ ਊ ਤਾਣੀ'

ਹਿੰਦੂ-ਸਿੱਖ ਬਨਾਮ ਮੁਸਲਮਾਨਾਂ ਵਿਚਕਾਰ ਖੇਡੀ ਗਈ। ਨਹਿਰੂ ਸਾਬ ਜੇ ਆਰਜ਼ੀ ਕੇਂਦਰੀ ਹਕੂਮਤ ਵਿਚ ਭਾਈਵਾਲ ਬਣਨਾ ਮੰਨ ਜਾਂਦੇ ਤਾਂ ਸ਼ੈਦ ਬੰਗਾਲ, ਪੰਜਾਬ ਵਿਚ ਕਤਲੋਗਾਰਤ ਦੀ ਹਨੇਰੀ ਨਾ ਝੁੱਲਦੀ। ਦੂਜੀ ਗ਼ਲਤੀ ਉਨ੍ਹਾਂ ਅਕਤੂਬਰ 1947 ਵਿਚ ਪਾਕਿਸਤਾਨ ਦੇ ਕਬਾਇਲੀ ਧਾੜਵੀਆਂ (ਫ਼ੌਜ) ਵਲੋਂ ਕਸ਼ਮੀਰ ਹਮਲੇ ਦੇ ਵਿਰੁੱਧ ਲੜਾਈ ਬੰਦ ਕਰਨ ਦਾ ਹੁਕਮ ਦੇ ਕੇ ਕੀਤੀ। ਕਿਸੇ ਸੱਚ ਹੀ ਤਾਂ ਕਿਹੈ-

**'Elders committed mistakes and youngsters faced the consequences.'**

ਭਾਰਤ-ਪਾਕਿ ਦੇ ਪਿੰਡੇ ਦਾ ਨਾਸੂਰ ਬਣੀ ਕਸ਼ਮੀਰ ਸਮੱਸਿਆ, ਜਿਸ ਦੀ ਸਜ਼ਾ ਦੋਹੇਂ ਮੁਲਖ਼ ਅੱਜ ਤੱਕ ਬਰਾਬਰ ਭੁਗਤ ਰਹੇ ਨੇ। ਅਖੇ-


'ਐ ਮੇਰੇ ਹਮਸਫ਼ਰ ਚਲੋ ਬਰਗਾਰ ਮੇਂ ਜਾ ਬੈਠੇਂ,
ਦੀਵਾਰ ਸੇ ਆਂਗਨ ਮੇਂ ਅਬ ਧੂਪ ਉਤਰ ਆਈ।
ਯਹ ਜ਼ਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ,
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।'

# ਡਾ. ਗੁਰਪ੍ਰੀਤ ਇੰਦਰ ਸਿੰਘ ਦੀ ਕਿਤਾਬ ਰੂਹਾਂ ਦੇ ਗੀਤ ਦਾ ਬਿਰਤਾਂਤ


-ਦਿਲਜੀਤ ਸਿੰਘ ਬੇਦੀ

ਪੰਜਾਬ ਮੇਲ USA




ਪੰਜਾਬੀ ਭਾਸ਼ਾ ਵਿਚ ਕਈ ਨਵੀਆਂ ਪ੍ਰਵਿਤੀਆਂ ਨੇ ਜਨਮ ਲਿਆ ਹੈ। ਭਾਸ਼ਾ ਇਕ ਨਿੱਤ ਵਗਦਾ ਦਰਿਆ ਹੈ, ਜੋ ਸਦਾ ਨਵੀਆਂ ਤੋਂ ਨਵੀਆਂ ਭਾਸ਼ਾਵਾਂ ਨੂੰ ਜਨਮ ਦਿੰਦਾ ਹੈ, ਸਮੇਂ ਦੀ ਲੋੜ ਹੀ ਨਵੀਆਂ ਭਾਸ਼ਾਵਾਂ ਦੇ ਪੈਦਾ ਹੋਣ ਦਾ ਮੂਲ ਕਾਰਣ ਹੁੰਦੀ ਹੈ। ਡਾ. ਗੁਰਪ੍ਰੀਤ ਇੰਦਰ ਸਿੰਘ ਮਨੋਰੋਗਾਂ ਦੇ ਮਾਹਰ ਹਨ, ਉਨ੍ਹਾਂ ਦੀ ਪਲੇਠੀ ਪੁਸਤਕ ਰੂਹਾਂ ਦੇ ਗੀਤ ਛੱਪ ਕੇ ਪਾਠਕਾਂ ਤੱਕ ਪੁੱਜੀ ਹੈ। ਇਸ ਕਿਤਾਬ ਵਿਚ 92 ਕਵਿਤਾਵਾਂ ਹਨ, ਜੋ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਵੱਲ ਯਾਤਰਾ ਕਰਦੀਆਂ ਹਨ। ਸੌਖੇ, ਸਰਲ ਸ਼ਬਦਾਂ 'ਚ ਰੰਗੀਆਂ ਇਹ ਕਵਿਤਾਵਾਂ ਹਨ। ਰੱਬ ਨਾਲ ਗੱਲਾਂ ਕਰਨ ਵਾਲੇ ਸ਼ਬਦਾਂ ਨਾਲ ਜੋੜ ਦੀਆਂ ਇਹ ਕਵਿਤਾਵਾਂ ਕਿਸੇ ਸਥਾਪਤ ਲੇਖਕ ਦਾ ਭੁਲੇਖਾ ਪਾਉਂਦੀਆਂ ਹਨ ਅਤੇ ਮਾਨਵੀ ਸੰਵੇਦਨਾ ਨਾਲ ਓਤਪੋਤ ਹਨ। ਕਵੀ ਮੂਲ ਰੂਪ ਵਿਚ ਸੰਵੇਦਨਸ਼ੀਲ ਪ੍ਰਾਣੀ ਹੁੰਦਾ ਹੈ, ਇਸ ਲਈ ਉਸ ਦੀ ਕਾਵਿਕ ਬਿਰਤੀ ਵਿਚੋਂ ਸੰਵਦੇਨਾ ਦੇ ਕਈ ਰੂਪ ਪ੍ਰਗਟ ਹੁੰਦੇ ਹਨ। ਰੂਹ ਦੇ ਵਿਭਿੰਨ ਦ੍ਰਿਸ਼ਾਂ ਵਿਚੋਂ ਸੰਵੇਦਨਾ ਦੀ ਝਲਕ ਦੇਖੀ ਜਾ ਸਕਦੀ ਹੈ।

ਇਸ਼ਕ ਮਜ਼ਾਜੀ ਤਾਂ ਸੀ, ਇਸ਼ਕ ਹਕੀਕੀ ਤੇ ਜਾਣ ਵਾਲਾ ਰਾਹ
ਅਸੀਂ ਇਸ਼ਕ ਮਜ਼ਾਜੀ ਦੀ ਖ਼ੁਸ਼ਬੂ ਵਿਚ, ਜਿੰਦ ਗਵਾ ਬੈਠੇ।
ਕਾਮਲ ਮੁਰਸ਼ਿਦ ਨੇ ਜਦੋਂ, ਕੀਤੀ ਨਦਰ ਦੀ ਨਿਗਾਹ
ਇਸ਼ਕ ਮਜ਼ਾਜੀ ਨੂੰ ਛੱਡ, ਹਕੀਕੀ ਨਾਲ ਦਿਲ ਲਾ ਬੈਠੇ।

ਅਸਲ ਕਾਵਿਕ ਰੂਹ ਵਿਚ ਇਕ ਪੂਰਾ ਮਨੁੱਖੀ ਸੰਸਾਰ, ਕਾਇਨਾਤ, ਬਨਸਪਤੀ ਆਦਿ ਦਾ ਬੋਲਬਾਲਾ ਹੈ। ਜੋ ਕਾਵਿਤਾ ਦੇ ਵਿਧਾਨ ਵਿਚ ਕਾਰਜਸ਼ੀਲ ਹੈ। ਰੂਹ ਦੇ ਗੀਤਾਂ ਦੇ ਬਹਾਨੇ ਇਹ ਚਸ਼ਮੇ ਵਾਂਗ ਫੁੱਟ ਰਹੇ ਖਿਆਲ ਹਨ, ਜੋ ਵੱਖ-ਵੱਖ ਬਿੰਬਾਂ ਰਾਹੀਂ ਆਪਣਾ ਰੂਪ ਧਾਰਦੇ ਹਨ। ਕਵੀ ਕੋਲ ਕਾਵਿਕ ਰੂਹ ਨੂੰ ਫੈਲਾਉਣ ਦੀ ਸਮਰੱਥਾ ਹੈ। ਇਹ ਕਾਵਿ ਖਿਆਲ ਕਾਵਿਤਾਵਾਂ ਦਾ ਅਭਾਸ ਕਰਾਉਂਦੇ ਹਨ, ਕਵਿਤਾਵਾਂ ਬਿਰਤਾਂਤਕ ਨਹੀਂ ਪਰ ਇਨ੍ਹਾਂ ਵਿਚ ਬਿਰਤਾਂਤ ਦੇ ਬੀਜ਼ ਪਏ ਨਜ਼ਰ ਆਉਂਦੇ ਹਨ। ਪਰਾਗਾ ਵੀ ਹੋਵੇ, ਮਿੱਠੀਆਂ ਮੁਹੱਬਤਾਂ ਦੀ ਚੰਗੇਰ ਵੀ ਹੋਵੇ, ਪਰ ਫਿਰ ਵੀ ਖਿਲਾਰਾ ਸਾਂਭਣਾ ਬੜਾ ਔਖਾ ਹੋ ਜਾਂਦਾ ਹੈ। ਹਰ ਰਚਨਾ ਦੇ ਸਿਰਜਣ ਪਲ ਵਿਚ ਭਾਸ਼ਾਈ ਮੁਹਾਂਦਰਾ ਪਿਆ ਹੁੰਦਾ ਹੈ, ਜੋ ਕਈ ਖਿਆਲਾਂ, ਵਿਚਾਰਾਂ ਦੇ ਦਵੰਦ ਨੂੰ ਪੇਸ਼ ਕਰਨ ਦੇ ਸਮੱਰਥ ਹੁੰਦਾ ਹੈ। ਕਵੀ ਰੂਹ ਦੇ ਗੀਤ ਗਾਉਂਦਾ ਆਪਣੇ ਕਾਵਿ ਸੰਸਾਰ ਦੀ ਸਿਰਜਣਾ ਕਰਕੇ ਆਪਣੀ ਕਾਵਿਕ ਸਮੱਰਥਾ ਦਾ ਬਖ਼ੂਬੀ ਇਜ਼ਹਾਰ ਹੱਥਲੀ ਪੁਸਤਕ ਵਿਚ ਕਰਦਾ ਹੈ।

ਲੇਖਕ ਨੇ ਕਾਵਿਤਾਵਾਂ ਦੇ ਸਿਰਲੇਖ ਇਸ ਤਰ੍ਹਾਂ ਦਿੱਤੇ ਹਨ, ਫਲ ਦੀ ਆਸ, ਮੀਂਹ ਦੇ ਰੰਗ, ਫੁੱਲ ਦਾ ਸੁਨੇਹਾ, ਕੁਦਰਤ ਦੇ ਰੰਗ, ਲਿਖਣ ਦੇ ਗੁਣ, ਰੁੱਖ ਤੇ ਮਿੱਟੀ ਦੀ ਵਾਰਤਾ, ਚੁੱਪ ਦੇ ਗੁਣ, ਡੁੱਲ੍ਹੇ ਬੇਰਾਂ ਦਾ ਖ਼ਿਆਲ ਨਹੀਂ ਕਰੀਦਾ, ਉੱਡ ਗਏ ਪੰਛੀ, ਸੂਰਜ ਦਾ ਨੂਰ, ਚਿੜੀਆਂ ਦੀ ਲੜਾਈ, ਸੋਹਣੇ ਬੋਲ, ਕਿੱਕਰ ਦਾ ਰੁੱਖ, ਚੰਨ ਦਾ ਸੁਨੇਹਾ, ਆਮਦ ਦੀ ਨਿਸ਼ਾਨੀ, ਚਾਬੀ ਦਾ ਮੇਲ, ਕਾਗਜ਼, ਚਿੱਟੇ ਤੇ ਕਾਲੇ ਬੱਦਲ ਦੀ ਵਾਰਤਾ, ਵਿਦੇਸ਼ ਦੇ ਰੰਗ, ਮੈਂ ਤੇ ਤੂੰ, ਮਨੁੱਖਾ ਦੇਹੀ ਦਾ ਉਦੇਸ਼, ਉਦਾਸੀ, ਪੱਖਾ, ਬਦਲਦੇ ਰਿਸ਼ਤੇ, ਹਲਕੇ ਹੀ ਸਹੁੰਆਂ ਖਾਂਦੇ, ਸਮਝਣ ਦੀ ਖੇਡ, ਇਹ ਹਮਾਰਾ ਜੀਵਣਾ, ਬਦਲਦੇ ਯੁੱਗ, ਨਸ਼ਿਆਂ ਦੇ ਪੁੱਟੇ, ਮੈਂ ਮੇਰੀ ਖੋ ਗਈ, ਦੁੱਖ, ਆਪਣਾ ਆਪ, ਤੇਰੀ ਯਾਦ, ਕੋਇਲ ਦਾ ਕੂਕਣਾ, ਜ਼ਿੰਦਗੀ ਦਾ ਨਾਟਕ, ਰੱਬ ਨੂੰ ਮੈਂ ਕਿਥੇ ਲੱਭਾਂ, ਸਮਾਂ ਆਉਣ 'ਤੇ, ਚੌਂਕੀਦਾਰ ਤੇ ਚੋਰ, ਮੈਂ ਤੇ ਮੇਰਾ ਹੰਕਾਰ, ਹਮ ਨਹੀ ਚੰਗੇ ਬੁਰਾ ਨਹੀ ਕੋਇ, ਬੋਲਾਂ ਦੀ ਤਪਸ਼, ਸਮੇਂ ਦੇ ਦੁਖ ਸੁਖ, ਬਾਲੜੀ ਸੋਚ, ਰਿਸ਼ਤੇ ਦਾ ਰੁੱਸਣਾ ਤੇ ਮੰਨਣਾ, ਨਾ ਝੋਰਾ ਲਾ ਵੇ ਬੱਲਿਆ, ਦਰਦ ਦੀ ਪਛਾਣ, ਰਿਸ਼ਤੇ ਦੇ ਰੰਗ, ਰੱਬ ਦਾ ਦੀਦਾਰ, ਅੱਥਰੂਆਂ ਦਾ ਮੁੱਲ, ਯਾਦ ਦਾ ਰਸ, ਹਰ ਵਿਚ ਤੂੰ ਵੱਸਦਾ, ਜ਼ਖ਼ਮ ਹੀ ਦਾਰੂ, ਆਰਤੀ ਤੋਂ ਵਾਂਝਾ ਮਨੁੱਖ, ਗੁਰੂ ਦੀ ਫੁਲਵਾੜੀ, ਮਨਮੁਖ ਤੇ ਗੁਰਮੁਖ, ਕ੍ਰਿਪਾ ਦੀ ਖੇਡ, ਰੱਬ ਦੀ ਐਨਕ, ਜੇ ਤੂੰ ਚਾਹੇਂ ਸੋ ਭਾਵੈ, ਗੁਰੂ ਕ੍ਰਿਪਾ, ਗੀਤ ਗੋਵਿੰਦ, ਮੈਂ ਤੇ ਤੂੰ, ਮਨ, ਤੇਰੀ ਚੌਪੜ ਨਿਆਰੀ, ਮਤਲਬ ਦੀ ਦੁਨੀਆਂ, ਜ਼ਿੰਦਗੀ, ਕਰਜ਼ ਤੇ ਫ਼ਰਜ਼, ਚਿਰ ਨਹੀਂ ਲੱਗਦਾ, ਏਹ ਹਮਾਰਾ ਜੀਵਣਾ, ਕਿਵ ਜਾਵਾਂ ਪਾਰ?, ਸਜਣ ਸੇ ਜਿ ਨਾਲ ਚਲਣ, ਸੂਰਜ ਦੀਆਂ ਕਿਰਨਾਂ ਦੀ ਛੋਹ, ਬਚਾ ਰੱਖੀਂ, ਸ਼ੁੱਕਰ ਹੈ ਰੱਬ ਤੇਰੇ ਵਰਗਾ ਨਹੀਂ, ਸੋਚ ਦਾ ਹਰ ਕੋਈ ਮੁਰੀਦ, ਹਮ ਤੇ ਕੂਕਰ ਭਲਾ, ਸਭ ਤੂੰ ਹੈਂ ਕਰਤਾ ਸਭ ਤੇਰੀ ਵਡਿਆਈ, ਇਸ਼ਕ ਦਾ ਬੇੜਾ ਪਾਰ ਵੇ ਬੱਲਿਆ, ਪਰਚਾ ਔਖਾ ਪਾਈਂ ਨਾ ਮਿੱਤਰਾ ਸ਼ਾਮਲ ਹਨ। ਲੇਖਕ ਨੇ ਆਪਣੀਆਂ ਕਾਵਿਤਾਵਾਂ ਵਿਚ ਸੂਰਜ, ਬੱਦਲ, ਚੰਨ, ਪੰਛੀ, ਚਿੱੜੀਆਂ, ਕੋਇਲ, ਕਿੱਕਰ, ਚਾਬੀ, ਕਾਗਜ਼, ਫੱਲ, ਫੁੱਲ, ਬੇਰ, ਰੁੱਖ, ਮਿੱਟੀ, ਪੱਖਾ, ਚੌਂਕੀਦਾਰ, ਚੋਰ, ਹੰਕਾਰ, ਨਿਮਰਤਾ, ਪਿਆਰ, ਝੋਰਾ, ਉਦਾਸੀ, ਰਿਸ਼ਤੇ, ਦੁੱਖ, ਸੁੱਖ, ਦਰਦ, ਅੱਥਰੂ, ਜ਼ਖ਼ਮ, ਆਰਤੀ, ਮਨਮੁੱਖ, ਗੁਰਮੁੱਖ, ਐਨਕ, ਕਰਜ਼, ਕਿਰਨਾਂ, ਕੂਕਰ, ਬੇੜਾ, ਪਰਚਾ ਆਦਿ ਸ਼ਬਦ ਬਿੰਬਾਤਮਿਕ ਤੌਰ 'ਤੇ ਵਰਤੇ ਹਨ ਤੇ ਇਨ੍ਹਾਂ ਬਿੰਬਾਂ ਨੂੰ ਆਧਾਰ ਬਣਾ ਕੇ ਸੰਬੋਲਿਕ ਸ਼ਬਦਾਂ ਦੀ ਕਹਾਣੀ ਬੁਨ ਕੇ ਬਹੁਤ ਸੁੰਦਰ ਕਾਵਿਤਾ ਦਾ ਕੋਲਾਜ ਸਿਰਜਦਾ ਹੈ।

ਆਪਣੀ ਪ੍ਰੌੜ ਸੋਚ ਦੇ ਮੋਤੀ ਉਹ ਧਾਰਮਿਕ ਸ਼ਬਦਾਂ ਦੀ ਬੁੱਕਲ ਮਾਰ ਕੇ ਇਸ ਕਿਨਾਰੇ ਦੀ ਗੱਲ ਪਾਰ ਤੀਕ ਬੜੀ ਸਹਿਜਤਾ ਨਾਲ ਕਰ ਜਾਂਦਾ ਹੈ। ਡਾ. ਗੁਰਪ੍ਰੀਤ ਇੰਦਰ ਸਿੰਘ ਨੇ ਜਿਥੇ ਮਾਨਸਿਕ ਰੋਗੀ ਤੇ ਨਸ਼ਿਆਂ 'ਚ ਗਰਕ ਹੋ ਚੁਕੇ ਲੋਕਾਂ ਨੂੰ ਰੀਝ ਨਾਲ ਪੜ੍ਹਿਆ, ਵਾਚਿਆ ਤੇ ਇਲਾਜ ਕੀਤਾ ਹੈ, ਏਵੇਂ ਹੀ ਉਹ ਆਪਣੀ ਕਾਵਿਤਾ ਨਾਲ ਵਿਵਹਾਰਕ ਸੰਵਾਦ ਰਚਾਉਂਦਾ ਹੈ।

ਮੇਰੀ ਚੁੱਪ ਨੂੰ ਤੂੰ,
ਨਾ ਸਮਝੀ ਸਮਝ ਬੈਠੀ
ਇਹ ਤਾਂ ਤੇਰੇ ਮੂਰਖਪੁਣੇ 'ਤੇ
ਨਾ ਬੋਲਣ ਦੀ ਤਾਕੀਦ ਸੀ।

ਕਿਤਾਬ ਦੀ ਅੰਤਲੀ ਕਾਵਿਤਾ,

ਪਰਚਾ ਔਖਾ ਪਾਈ ਨਾ ਮਿੱਤਰਾ
ਆਪੇ ਹੀ ਪਾਰ ਲੰਘਾਈ ਵੇ ਮਿੱਤਰਾ,
ਹਰ ਪਲ ਅਸੀ ਡੋਲਣ ਵਾਲੇ
ਇਸ ਵਾਰ ਹੋਈ ਸਹਾਈ ਵੇ ਮਿੱਤਰਾ।

ਇਸ ਅਖੀਰਲੀ ਕਵਿਤਾ ਨਾਲ ਹੀ ਉਸ ਦੀ ਕਿਤਾਬ ਮੁਕੰਮਲ ਹੋ ਜਾਂਦੀ ਹੈ। ਮੈਂ ਇਸ ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ।

# ਕੀ ਵ੍ਹਾਈਟ ਹਾਊਸ ਦੀ ਦੌੜ 'ਚ ਪਹਿਲੀ ਔਰਤ ਮੈਡਮ ਹੈਰਿਸ ਕਾਮਯਾਬ ਹੋਵੇਗੀ?

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397



ਪੰਜਾਬ ਮੇਲ USA

ਅੱਜ ਦੁਨੀਆਂ ਵਿਚ ਦੋ ਸਰਗਰਮ ਵੱਡੀਆਂ ਸੰਘਰਸ਼ ਪ੍ਰਣਾਲੀਆਂ ਹਨ ਅਤੇ ਤੀਜਾ ਹੌਲੀ-ਹੌਲੀ ਉਬਾਲੇ ਖਾ ਰਿਹਾ ਹੈ।

ਮੱਧ ਪੂਰਬ ਵਿਚ ਪਿਛਲੇ ਸਾਲ 7 ਅਕਤੂਬਰ ਨੂੰ ਹਮਾਸ ਦੇ ਲੜਾਕਿਆਂ ਵੱਲੋਂ ਇਜ਼ਰਾਈਲ ਦੀ ਧਰਤੀ 'ਤੇ ਕੀਤੇ ਗਏ ਅਚਨਚੇਤ ਹਮਲੇ ਤੋਂ ਬਾਅਦ ਇਜ਼ਰਾਈਲ ਫਿਲਸਤੀਨੀਆਂ 'ਤੇ ਜ਼ੁਲਮ ਢਾਹ ਰਿਹਾ ਹੈ। ਈਰਾਨ ਪ੍ਰੌਕਸੀਜ਼, ਲੇਬਨਾਨ ਵਿਚ ਹਿਜ਼ਬੁੱਲਾ, ਯਮਨ ਵਿਚ ਹੂਤੀ ਅਤੇ ਇਰਾਕ ਅਤੇ ਸੀਰੀਆ ਦੇ ਮਿਲੀਸ਼ੀਆ ਸਮੂਹਾਂ ਦੁਆਰਾ ਇਸ ਲੜਾਈ ਵਿਚ ਸ਼ਾਮਲ ਹੋਇਆ ਹੈ। ਪੂਰੇ ਮੱਧ ਪੂਰਬ ਨੂੰ ਯੁੱਧ ਵਿਚ ਵਧਾਉਣ ਅਤੇ ਡੁੱਬਣ ਦੀ ਸੰਭਾਵਨਾ ਅਤੇ ਸੰਭਾਵਤ ਤੌਰ 'ਤੇ ਦੂਜੇ ਦੇਸ਼ਾਂ ਵਿਚ ਹੋਰ ਅੱਗੇ ਖਿੱਚੋਤਾਣੀ ਬਣਨ ਦੀ ਸੰਭਾਵਨਾ ਹੈ।

ਪੂਰਬੀ ਯੂਰਪ ਵਿਚ, ਯੂਕਰੇਨ ਪ੍ਰਮਾਣੂ ਹਥਿਆਰਾਂ ਨਾਲ ਲੈਸ ਰੂਸ ਦੇ ਵਿਰੁੱਧ ਬਚਾਅ ਲਈ ਲੜ ਰਿਹਾ ਹੈ, ਜਿਸ ਨੇ 24 ਫਰਵਰੀ, 2022 ਨੂੰ ਇਸ 'ਤੇ ਹਮਲਾ ਕੀਤਾ ਸੀ, ਇਸ ਲੜਾਈ ਦੇ ਕੁਝ ਦਿਨ ਹੀ ਚੱਲਣ ਦੀ ਉਮੀਦ ਸੀ। ਨਾਟੋ ਦੇਸ਼ਾਂ ਅਤੇ ਅਮਰੀਕਾ ਦੁਆਰਾ ਭਾਰੀ ਸਮਰਥਨ ਪ੍ਰਾਪਤ ਯੂਕਰੇਨ ਨੇ ਹੈਰਾਨੀਜਨਕ ਤੌਰ 'ਤੇ ਹੁਣ ਤੱਕ ਆਪਣਾ ਬਚਾਅ ਕਰਦਾ ਆ ਰਿਹਾ ਹੈ ਅਤੇ ਡੱਟ ਕੇ ਪੁਤਿਨ ਦਾ ਮੁਕਾਬਲਾ ਕਰ ਰਿਹਾ ਹੈ। ਪਰ ਹਮੇਸ਼ਾ ਇਹ ਡਰ ਰਹਿੰਦਾ ਹੈ ਕਿ ਚੀਨ, ਉੱਤਰੀ ਕੋਰੀਆ ਅਤੇ ਈਰਾਨ ਦੁਆਰਾ ਸਮਰਥਨ ਪ੍ਰਾਪਤ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਯੂਕਰੇਨ ਨੂੰ ਮੁੜ ਸਪਲਾਈ ਕਰਨ ਲਈ ਵਰਤੇ ਜਾ ਰਹੇ ਨਾਟੋ ਦੇਸ਼ਾਂ ਵਿਚੋਂ ਇੱਕ 'ਤੇ ਹਮਲਾ ਨਾ ਕਰ ਦੇਵੇ, ਜਿਸ ਨਾਲ ਤੀਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਦਾ ਅਗਾਜ਼ ਹੋ ਜਾਵੇ।

ਜਿਵੇਂ ਕਿ ਦੇਸ਼ ਪਹਿਲਾਂ ਹੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਵਿਚ ਸਭ ਤੋਂ ਵੱਡੇ ਸੰਘਰਸ਼ ਵਿਚ ਪ੍ਰੌਕਸੀ ਦੁਆਰਾ ਸਾਹਮਣਾ ਕਰ ਰਹੇ ਹਨ। ਏਸ਼ੀਆ ਵਿਚ, ਵਿਸ਼ਵ ਦੀ ਆਰਥਿਕ ਅਤੇ ਫੌਜੀ ਸ਼ਕਤੀ ਵਜੋਂ ਅਮਰੀਕਾ ਨੂੰ ਚੁਣੌਤੀ ਦੇਣ ਲਈ ਚੀਨ ਦਾ ਉਭਾਰ ਅਤੇ ਜਾਪਾਨ ਤੋਂ ਲੈ ਕੇ ਫਿਲੀਪੀਨਜ਼ ਤੱਕ ਚੀਨ ਦੇ ਖੇਤਰੀ ਹਮਲੇ ਅਤੇ ਪ੍ਰਸ਼ਾਂਤ ਦੇਸ਼ਾਂ ਦੀ ਧੱਕੇਸ਼ਾਹੀ ਤਣਾਅ ਪੈਦਾ ਕਰ ਰਹੀ ਹੈ। ਜਿਸ ਤਹਿਤ ਇਸ ਦੇ ਘੇਰੇ ਵਿਚ ਬਹੁਤ ਬੁਰੀ ਤਰ੍ਹਾਂ ਆ ਸਕਦਾ ਹੈ। ਜੋ 1949 ਵਿਚ ਮੁੱਖ ਭੂਮੀ ਚੀਨ ਤੋਂ ਵੱਖ ਹੋ ਗਿਆ ਸੀ ਅਤੇ ਇੱਕ ਵੱਖਰੇ ਰਾਸ਼ਟਰ ਵਜੋਂ ਸਾਹਮਣੇ ਆਇਆ ਸੀ। ਜਿਸਨੂੰ ਚੀਨ ਆਪਣੇ ਖੇਤਰ ਵਜੋਂ ਦਾਅਵਾ ਕਰਦਾ ਹੈ ਅਤੇ ਮਾਨਤਾ ਨਹੀਂ ਦਿੰਦਾ ਹੈ। ਤਾਈਵਾਨ ਅਮਰੀਕਾ ਦੁਆਰਾ ਸੁਰੱਖਿਅਤ ਹੈ ਅਤੇ ਰਾਸ਼ਟਰਪਤੀ ਬਾਇਡਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਮਰੀਕਾ ਤਾਈਵਾਨ ਨੂੰ ਚੀਨੀ ਹਮਲੇ ਅਤੇ ਜ਼ਬਰਦਸਤੀ ਮੁੜ-ਯੂਨੀਅਨ ਤੋਂ ਬਚਾਉਣ ਲਈ ਲੜੇਗਾ।

ਜੰਗ ਦੀ ਸੰਭਾਵਨਾ ਦੇ ਸਿਖਰ 'ਤੇ, ਸੰਸਾਰ ਹੋਰ ਸਮਾਜਿਕ ਅਤੇ ਆਰਥਿਕ ਧਾਰਾਵਾਂ ਦੁਆਰਾ ਅਸਥਿਰ ਹੈ। ਯੂਰਪ ਵਿਚ ਸੱਜੇ-ਪੱਖੀ ਸਮੂਹਾਂ ਦਾ ਉਭਾਰ, ਪਰਵਾਸ ਵਿਚ ਵਾਧਾ ਅਤੇ ਨਤੀਜੇ ਵਜੋਂ ਜ਼ਿਆਦਾਤਰ ਯੂਰਪ ਅਤੇ ਕੁਝ ਹੱਦ ਤੱਕ ਅਮਰੀਕਾ ਵਿਚ ਪ੍ਰਵਾਸੀ ਵਿਰੋਧੀ ਭਾਵਨਾ, ਹੁਣ ਤੱਕ ਦੇ ਮੱਧਮ ਸਮਾਜਾਂ ਨੂੰ ਅੱਗੇ ਵਧਾਉਣ ਦਾ ਖ਼ਤਰਾ ਹੈ। ਬ੍ਰਿਕਸ ਦੁਆਰਾ ਮੌਜੂਦਾ ਵਿਸ਼ਵ ਵਿਵਸਥਾ 'ਤੇ ਵਧਦਾ ਦਬਾਅ ਅਤੇ ਚੀਨ ਅਤੇ ਪੱਛਮ ਵਿਚਕਾਰ ਮੁਕਾਬਲਾ, ਜਿਸ ਨੇ ਅਫ਼ਰੀਕਾ ਨੂੰ ਅਸ਼ਾਂਤ ਮਹਾਂਸ਼ਕਤੀ ਦੀ ਰਾਜਨੀਤੀ ਵਿਚ ਘੇਰ ਲਿਆ ਹੈ, ਵਿਸ਼ਵ ਬਾਜ਼ਾਰਾਂ ਅਤੇ ਅਰਥਵਿਵਸਥਾਵਾਂ ਵਿਚ ਅਸਥਿਰਤਾ ਦੇ ਨਾਲ ਇੱਕ ਹੋਰ ਗਤੀਸ਼ੀਲ ਬਣਦਾ ਜਾ ਰਿਹਾ ਹੈ। ਵਿਸ਼ਵ ਮਾਮਲਿਆਂ ਵਿਚ ਅਮਰੀਕਾ ਦੀ ਕੇਂਦਰਿਤਾ ਦੇ ਕਾਰਨ, ਰਾਸ਼ਟਰਪਤੀ ਬਣਨ ਵਾਲਾ ਵਿਅਕਤੀ ਇਸ ਗੱਲ ਵਿਚ ਬਹੁਤ ਮਾਇਨੇ ਰੱਖਦਾ ਹੈ ਕਿ ਸੰਸਾਰ ਅਤੇ ਇਸਦਾ ਭਵਿੱਖ ਕਿਵੇਂ ਬਣਦਾ ਹੈ। ਇੱਕ ਪ੍ਰਾਪਰਟੀ ਟਾਈਕੂਨ ਦੇ ਰੂਪ ਵਿਚ ਉਸਦੇ ਤਜ਼ਰਬੇ, ਕੱਦ ਅਤੇ ਨੈੱਟਵਰਕ ਦੇ ਨਾਲ, ਉਸਦੀ ਦ੍ਰਿੜ ਸ਼ਖਸੀਅਤ ਅਤੇ ਸੈਲੀਬ੍ਰਿਟੀ ਅਪੀਲ ਦਾ ਜ਼ਿਕਰ ਨਾ ਕਰਨ ਲਈ, ਰਿਪਬਲਿਕਨ ਉਮੀਦਵਾਰ, ਡੋਨਾਲਡ ਟਰੰਪ, ਇੱਕ ਅਜਿਹਾ ਵਿਅਕਤੀ ਹੋਣਾ ਸੀ, ਜੋ ਯੂ.ਐੱਸ. ਦੀ ਸ਼ਕਤੀ ਨੂੰ ਮਜ਼ਬੂਤ ਕਰੇਗਾ ਅਤੇ ਵਿਸ਼ਵ ਨੂੰ ਸਥਿਰ ਕਰੇਗਾ। ਪਰ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ, ਟਰੰਪ ਨੂੰ ਅਮਰੀਕੀ ਸ਼ਕਤੀ ਦੇ ਰਵਾਇਤੀ ਪਹੁੰਚ - ਅਖੌਤੀ ਧੌਂਸ ਸਿਰਫ਼ ਅਮਰੀਕਾ ਨੂੰ ਅਮਰੀਕਾ ਗਰੇਟ ਬਣਾਉਣ ਤੱਕ ਸੀਮਤ ਹੋ ਕੇ ਰਹਿ ਗਿਆ ਤੇ ਦੂਸਰੇ ਦੇਸ਼ਾਂ ਅਤੇ ਧਰਮਾਂ ਦੇ ਲੋਕਾਂ 'ਤੇ ਆਪਣਿਆਂ ਸ਼ਕਤੀਆਂ ਦਾ ਪ੍ਰਦਸ਼ਨ ਕਰਦਾ ਰਿਹਾ ਅਤੇ ਉਹ ਕਈ ਵਾਰ ਰਵਾਇਤੀ ਅਮਰੀਕੀ ਵਿਰੋਧੀਆਂ ਦਾ ਸਾਥ ਦਿੰਦਾ ਦਿਖਾਈ ਦਿੱਤਾ। ਅਮਰੀਕਾ ਦੇ ਸਹਿਯੋਗੀਆਂ, ਖਾਸ ਤੌਰ 'ਤੇ ਨਾਟੋ ਪ੍ਰਤੀ ਆਪਣੀ ਦੁਸ਼ਮਣੀ ਨੂੰ ਦੇਖਦੇ ਹੋਏ, ਜਿਸ ਨੂੰ ਉਸਨੇ ਵੱਧ ਤੋਂ ਵੱਧ ਵਿੱਤੀ ਸਹਾਇਤਾ ਦਿੱਤੀ ਹੈ ਅਤੇ ਇਸ ਤੋਂ ਬਾਹਰ ਨਿਕਲਣ ਦੀ ਧਮਕੀ ਦਿੱਤੀ ਹੈ, ਜੇਕਰ ਉਹ ਫਿਰ ਇਕ ਵਾਰ ਰਾਸ਼ਟਰਪਤੀ ਬਣ ਜਾਂਦਾ ਹੈ, ਤਾਂ ਉਹ ਰੂਸ, ਚੀਨ ਅਤੇ ਉੱਤਰੀ ਕੋਰੀਆ ਵੱਲ ਗੰਭੀਰਤਾ, ਟਰੰਪ ਪੂਰੀ ਸੰਭਾਵਨਾ ਵਿਚ ਅਮਰੀਕਾ ਦੀ ਭੂ-ਰਾਜਨੀਤਿਕ ਗਤੀਸ਼ੀਲਤਾ ਵਿਚ ਉਲਝਣ ਵਧਾ ਸਕਦਾ ਹੈ। ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਨੇ ਛੇ ਸਾਲਾਂ ਲਈ ਆਪਣੇ ਰਾਜ ਦੇ ਅਟਾਰਨੀ ਜਨਰਲ ਚੁਣੇ ਜਾਣ ਤੋਂ ਪਹਿਲਾਂ ਅਤੇ ਯੂ.ਐੱਸ. ਸੈਨੇਟ ਵਿਚ ਚਾਰ ਸਾਲ ਦੀ ਸੇਵਾ ਕਰਨ ਤੋਂ ਪਹਿਲਾਂ ਆਪਣੇ ਜੱਦੀ ਸਾਨ ਫਰਾਂਸਿਸਕੋ, ਕੈਲੀਫੋਰਨੀਆ ਵਿਚ ਜ਼ਿਲ੍ਹਾ ਅਟਾਰਨੀ ਵਜੋਂ ਜਨਤਕ ਸੇਵਾ ਕੀਤੀ ਹੈ।



ਉਹ 2021 ਵਿਚ ਬਾਇਡਨ ਦੇ ਵਿਰੁੱਧ ਰਾਸ਼ਟਰਪਤੀ ਲਈ ਦੌੜੀ ਅਤੇ ਆਖਰਕਾਰ ਉਸਦੀ ਚੱਲ ਰਹੀ ਸਾਥੀ ਅਤੇ ਅੰਤਿਮ ਉਪ ਰਾਸ਼ਟਰਪਤੀ ਵਜੋਂ ਸਮਾਪਤ ਹੋਈ। 60 ਸਾਲ ਦੀ ਉਮਰ ਵਿਚ, ਉਹ ਟਰੰਪ (78) ਤੋਂ ਬਹੁਤ ਛੋਟੀ ਹੈ, ਇੱਕ ਅਜਿਹੇ ਸਮੇਂ ਵਿਚ ਜਦੋਂ ਵੋਟਰ ਬਜ਼ੁਰਗ ਨੇਤਾਵਾਂ ਦੀ ਕਮਜ਼ੋਰੀ ਬਾਰੇ ਬਹੁਤ ਪਰੇਸ਼ਾਨ ਹਨ, ਜਿਸ ਨੇ ਰਾਸ਼ਟਰਪਤੀ ਬਾਇਡਨ ਨੂੰ ਉਸਦੇ ਲਈ ਅਹੁਦਾ ਛੱਡਣ ਲਈ ਪ੍ਰਬਲ ਕੀਤਾ ਸੀ। ਕੀ ਉਹ ਟਰੰਪ ਨੂੰ ਹਰਾ ਸਕਦੀ ਹੈ, ਜੋ ਰਿਪਬਲਿਕਨ ਆਧਾਰ ਦੇ ਵਧੇਰੇ ਸੱਜੇ-ਪੱਖੀ ਵਰਗਾਂ ਤੋਂ ਨਜ਼ਦੀਕੀ ਕੱਟੜਪੰਥੀ ਸਮਰਥਨ ਪ੍ਰਾਪਤ ਕਰਦਾ ਹੈ?

ਅਮਰੀਕੀ ਰਾਸ਼ਟਰਪਤੀ ਚੋਣਾਂ ਲੋਕਪ੍ਰਿਯ ਵੋਟ ਦੁਆਰਾ ਨਹੀਂ, ਬਲਕਿ ਇੱਕ ਇਲੈਕਟੋਰਲ ਕਾਲਜ ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ। 50 ਰਾਜਾਂ ਵਿਚੋਂ ਹਰੇਕ ਨੂੰ ਜਨਸੰਖਿਆ ਦੇ ਆਧਾਰ 'ਤੇ, ਸਭ ਤੋਂ ਵੱਡੇ, 54 ਦੇ ਨਾਲ ਕੈਲੀਫੋਰਨੀਆ ਅਤੇ 28 ਨਿਊਯਾਰਕ, ਸਭ ਤੋਂ ਛੋਟੇ, ਵਾਇਮਿੰਗ, ਸਾਊਥ ਡਕੋਟਾ, ਉੱਤਰੀ ਡਕੋਟਾ ਅਤੇ ਵਰਮੋਂਟ ਨੂੰ 3-3 ਨਾਲ, ਇੱਕ ਨਿਸ਼ਚਿਤ ਗਿਣਤੀ ਵਿਚ ਇਲੈਕਟੋਰਲ ਕਾਲਜ ਵੋਟਾਂ ਦਿੱਤੀਆਂ ਜਾਂਦੀਆਂ ਹਨ।

ਇੱਕ ਉਮੀਦਵਾਰ ਜੋ ਕਿਸੇ ਰਾਜ ਵਿਚ ਪ੍ਰਸਿੱਧ ਵੋਟ ਜਿੱਤਦਾ ਹੈ, ਉਸ ਨੂੰ ਇਲੈਕਟੋਰਲ ਕਾਲਜ ਦੀਆਂ ਵੋਟਾਂ ਮਿਲਦੀਆਂ ਹਨ ਅਤੇ ਜੋ ਇਲੈਕਟੋਰਲ ਕਾਲਜ ਵਿਚ ਬਹੁਗਿਣਤੀ ਵੋਟਾਂ ਜਿੱਤਦਾ ਹੈ, ਉਹ ਰਾਸ਼ਟਰਪਤੀ ਬਣ ਜਾਂਦਾ ਹੈ। ਮੁਕਾਬਲਾ ਰਾਜਾਂ ਦੇ ਇੱਕ ਛੋਟੇ ਸਮੂਹ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ, ਜੋ ਕਿਸੇ ਵੀ ਕਾਰਕਾਂ ਦੀ ਗਿਣਤੀ ਦੇ ਆਧਾਰ 'ਤੇ ਕਿਸੇ ਵੀ ਤਰੀਕੇ ਨਾਲ ਬਦਲ ਸਕਦਾ ਹੈ। 2024 ਦੀਆਂ ਚੋਣਾਂ ਵਿਚ, ਇਹ ਸੱਤ ਅਖੌਤੀ ਸਵਿੰਗ ਰਾਜਾਂ ਤੱਕ ਹੇਠਾਂ ਹੈ: ਨੇਵਾਡਾ, ਵਿਸਕਾਨਸਿਨ, ਜਾਰਜੀਆ, ਪੈਨਸਿਲਵੇਨੀਆ, ਐਰੀਜ਼ੋਨਾ, ਮਿਸ਼ੀਗਨ ਅਤੇ ਉੱਤਰੀ ਕੈਰੋਲੀਨਾ, ਇਨ੍ਹਾਂ ਸੂਬਿਆ ਵਿਚ ਸੰਯੁਕਤ 90 ਇਲੈਕਟੋਰਲ ਕਾਲਜ ਸੀਟਾਂ ਹਨ।

ਕਿਉਂਕਿ ਇਨ੍ਹਾਂ ਰਾਜਾਂ ਵਿਚ ਵੋਟਰ ਦੋ ਪਾਰਟੀਆਂ ਵਿਚ ਲਗਭਗ ਬਰਾਬਰ ਵੰਡੇ ਹੋਏ ਹਨ, ਚੋਣਾਂ ਪਰਿਭਾਸ਼ਿਤ ਹਿੱਤਾਂ ਜਾਂ ਰਵੱਈਏ ਵਾਲੇ ਵੋਟਰਾਂ ਦੇ ਸਮੂਹਾਂ ਵਿਚ ਆਉਂਦੀਆਂ ਹਨ, ਜਿਵੇਂ ਕਿ ਆਜ਼ਾਦ, ਔਰਤਾਂ ਅਤੇ ਹੋਰ ਘੱਟ ਗਿਣਤੀਆਂ। 2022 ਵਿਚ, 43 ਪ੍ਰਤੀਸ਼ਤ ਅਮਰੀਕੀਆਂ ਨੇ ਸੁਤੰਤਰ, 27 ਪ੍ਰਤੀਸ਼ਤ ਰਿਪਬਲਿਕਨ ਅਤੇ 27 ਪ੍ਰਤੀਸ਼ਤ ਡੈਮੋਕਰੇਟ ਰਜਿਸਟਰਡ ਕੀਤੇ। ਸ਼ਾਇਦ ਹੈਰਾਨੀ ਦੀ ਗੱਲ ਨਹੀਂ ਕਿ ਪਿਛਲੇ 40 ਸਾਲਾਂ ਤੋਂ ਆਮ ਚੋਣਾਂ ਦੇ ਨਤੀਜੇ ਆਜ਼ਾਦ ਉਮੀਦਵਾਰਾਂ ਨੇ ਤੈਅ ਕੀਤੇ ਹਨ।

ਤਾਜ਼ਾ ਪੋਲਾਂ ਵਿਚ ਹੈਰਿਸ ਟਰੰਪ ਨੂੰ ਤਿੰਨ ਫੀਸਦੀ ਨਾਲ ਅੱਗੇ ਦਿਖਾਉਂਦੇ ਹਨ ਅਤੇ ਆਜ਼ਾਦ ਉਮੀਦਵਾਰਾਂ ਵਿਚ ਵੱਡਾ ਬਦਲਾਅ ਦਿਖਾਉਂਦੇ ਹਨ। ਨਵੀਨਤਮ ਐੱਨ.ਪੀ.ਆਰ./ ਪੀ.ਬੀ.ਐੱਸ. ਨਿਊਜ਼/ ਮੈਰਿਸਟ ਪੋਲ ਦਿਖਾਉਂਦਾ ਹੈ ਕਿ 53 ਪ੍ਰਤੀਸ਼ਤ ਸੁਤੰਤਰ ਲੋਕ ਹੈਰਿਸ ਦਾ ਸਮਰਥਨ ਕਰਦੇ ਹਨ, ਜਦੋਂਕਿ 44 ਪ੍ਰਤੀਸ਼ਤ ਟਰੰਪ ਦਾ ਸਮਰਥਨ ਕਰਦੇ ਹਨ। ਨੌਂ-ਪੁਆਇੰਟਾਂ ਦੀ ਬੜ੍ਹਤ ਪਿਛਲੇ ਮਹੀਨੇ ਨਾਲੋਂ ਇੱਕ ਵੱਡੇ ਸਵਿੰਗ ਨੂੰ ਦਰਸਾਉਂਦੀ ਹੈ।

ਟਰੰਪ ਦੀ ਸਭ ਤੋਂ ਵੱਡੀ ਤਾਕਤ ਮੁੱਖ ਸਵਿੰਗ ਰਾਜਾਂ ਤੋਂ ਕਾਲਜ ਦੀ ਡਿਗਰੀ ਤੋਂ ਬਿਨਾਂ ਗੋਰੇ ਪੁਰਸ਼ ਵੋਟਰ ਬਣੇ ਹੋਏ ਹਨ। ਪਰ ਉਸ ਨੂੰ ਘੱਟ ਗਿਣਤੀਆਂ ਅਤੇ ਔਰਤਾਂ ਨਾਲ ਸਮੱਸਿਆਵਾਂ ਹਨ। ਉਹ ਬਲਾਤਕਾਰ ਦਾ ਕੇਸ ਹਾਰ ਗਿਆ ਅਤੇ ਪੀੜਤ ਪੱਤਰਕਾਰ ਈ. ਜੀਨ ਕੈਰੋਲ ਨੂੰ ਬਦਨਾਮ ਕਰਨ ਲਈ 5 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਗਿਆ। ਉਸੇ ਅਦਾਲਤ ਵਿਚ 83.3 ਮਿਲੀਅਨ ਡਾਲਰ ਦਾ ਵਾਧੂ ਹਰਜਾਨਾ ਜੋੜਿਆ ਗਿਆ ਸੀ। ਟਰੰਪ ਨੇ ਔਰਤਾਂ ਦੇ ਗਰਭਪਾਤ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਾਲੇ ਕਾਨੂੰਨ ਨੂੰ ਉਲਟਾਉਣ ਦਾ ਵਾਅਦਾ ਕੀਤਾ, ਜਿਸ ਨੂੰ 2022 ਵਿਚ ਸੁਪਰੀਮ ਕੋਰਟ ਦੁਆਰਾ ਉਲਟਾ ਦਿੱਤਾ ਗਿਆ ਸੀ, ਮੁੱਖ ਤੌਰ 'ਤੇ ਟਰੰਪ ਦੁਆਰਾ ਨਿਯੁਕਤ ਰੂੜੀਵਾਦੀ ਜੱਜਾਂ ਦੁਆਰਾ ਚਲਾਇਆ ਗਿਆ ਸੀ, ਜਿਨ੍ਹਾਂ ਨੇ ਫੈਸਲੇ ਲਈ ਕ੍ਰੈਡਿਟ ਦਾ ਦਾਅਵਾ ਕੀਤਾ ਹੈ। ਤਾਜ਼ਾ ਚੋਣਾਂ ਵਿਚ ਹੈਰਿਸ ਔਰਤਾਂ ਵਿਚ ਟਰੰਪ ਤੋਂ 13 ਫੀਸਦੀ ਅੰਕਾਂ ਨਾਲ ਅੱਗੇ ਹੈ।

ਹੈਰਿਸ ਘੱਟ-ਗਿਣਤੀਆਂ ਵਿਚ ਚੰਗਾ ਪ੍ਰਦਰਸ਼ਨ ਕਰ ਸਕਦੀ ਹੈ, ਜਿਸ ਨੇ 2008 ਵਿਚ ਬਰਾਕ ਉਬਾਮਾ ਅਤੇ 2020 ਵਿਚ ਰਾਸ਼ਟਰਪਤੀ ਬਾਇਡਨ ਨੂੰ ਚੁਣੇ ਗਏ ਗੱਠਜੋੜ ਦਾ ਇੱਕ ਚੰਗਾ ਹਿੱਸਾ ਬਣਾਇਆ ਸੀ। ਉਬਾਮਾ ਨੇ ਸਾਰੀਆਂ ਕਾਲਿਆਂ ਦੀਆਂ ਵੋਟਾਂ ਵਿਚੋਂ 95 ਪ੍ਰਤੀਸ਼ਤ ਜਿੱਤੇ, ਇੱਕ ਅਜਿਹਾ ਸਮੂਹ ਜੋ ਭਰੋਸੇਯੋਗ ਤੌਰ 'ਤੇ ਡੈਮੋਕ੍ਰੇਟਿਕ ਵੋਟ ਕਰਦਾ ਹੈ। ਪੋਲ ਦਿਖਾਉਂਦੇ ਹਨ ਕਿ ਹੈਰਿਸ ਕਾਲੇ ਵੋਟਰਾਂ ਵਿਚ ਟਰੰਪ ਨੂੰ 54 ਪ੍ਰਤੀਸ਼ਤ ਨਾਲ ਅੱਗੇ ਹੈ।

ਏਸ਼ੀਅਨ ਅਮਰੀਕਨ, ਜਿਨ੍ਹਾਂ ਵਿਚੋਂ 62 ਪ੍ਰਤੀਸ਼ਤ ਨੇ ਉਬਾਮਾ ਨੂੰ ਵੋਟ ਦਿੱਤੀ, ਇੱਕ ਹੋਰ ਬਲਾਕ ਹੈ, ਜੋ ਉਸ ਦੇ ਰਾਹ ਪੈ ਸਕਦਾ ਹੈ। ਭਾਰਤੀ ਵਿਰਾਸਤ ਦੀ ਹੋਣ ਕਰਕੇ ਉਹ ਉਬਾਮਾ ਨਾਲੋਂ ਵੀ ਬਿਹਤਰ ਚੋਣ ਕਰ ਸਕਦੀ ਹੈ। ਕਿਉਂਕਿ ਟਰੰਪ ਦੇ ਮੁਕਾਬਲੇ ਉਸ ਨੂੰ ਪੱਖਪਾਤੀ ਤੌਰ 'ਤੇ ਵੇਖਣ ਦੀ ਜ਼ਿਆਦਾ ਸੰਭਾਵਨਾ ਹੈ, ਕਿਉਂਕਿ ਟਰੰਪ ਨੇ ਆਪਣੇ ਇਕ ਭਾਸ਼ਨ ਵਿਚ ਪ੍ਰਵਾਸੀਆਂ ਨੂੰ "ਜਾਨਵਰ" ਹੋਣ ਦਾ ਫਤਪਾ ਲਾਇਆ ਹੈ।

ਹੋਰ ਸੰਕੇਤ ਹਨ ਕਿ ਹੈਰਿਸ ਦੀ ਹਮਾਇਤ ਵਿਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਦੌੜ ਵਿਚ ਆਪਣੀ ਐਂਟਰੀ ਤੋਂ ਬਾਅਦ ਉਹ ਫੰਡ ਇਕੱਠਾ ਕਰਨ ਵਿਚ ਰਿਕਾਰਡ ਤੋੜ ਰਹੀ ਹੈ। ਜਦੋਂਕਿ ਪੰਡਿਤਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਦਾਨ 'ਯੂਫੋਰੀਆ' ਦੂਰ ਹੋ ਜਾਵੇਗਾ, ਇਹ ਤੇਜ਼ ਹੁੰਦਾ ਜਾਪਦਾ ਹੈ। ਉਦਾਹਰਨ ਲਈ, ਹੈਰਿਸ ਦੁਆਰਾ ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੂੰ ਉਸਦੇ ਚੱਲ ਰਹੇ ਸਾਥੀ ਵਜੋਂ ਚੁਣਨ ਦੇ ਛੇ ਘੰਟਿਆਂ ਵਿਚ, ਮੁਹਿੰਮ ਨੂੰ ਦਾਨ ਵਿਚ 20 ਮਿਲੀਅਨ ਡਾਲਰ ਤੋਂ ਵੱਧ ਪ੍ਰਾਪਤ ਹੋਏ। ਅਤੇ ਉਸਦੇ ਦਾਖਲੇ ਦੇ ਪਹਿਲੇ 10 ਦਿਨਾਂ ਵਿਚ, ਹੈਰਿਸ ਨੇ ਆਪਣੀ ਮੁਹਿੰਮ ਲਈ 170,000 ਤੋਂ ਵੱਧ ਵਾਲੰਟੀਅਰਾਂ ਨੂੰ ਆਕਰਸ਼ਿਤ ਕੀਤਾ। ਆਪਣੀ ਮੁਹਿੰਮ ਦੇ ਉਤਸ਼ਾਹ ਅਤੇ ਗਤੀ ਨੂੰ ਦੇਖਦੇ ਹੋਏ, ਹੈਰਿਸ ਉਬਾਮਾ ਦੇ ਮਾਰਗ ਦੀ ਪਾਲਣਾ ਕਰ ਸਕਦੀ ਹੈ, ਜਿਸ ਨੇ ਇੰਡੀਆਨਾ ਅਤੇ ਉੱਤਰੀ ਕੈਰੋਲੀਨਾ ਵਰਗੇ ਨਵੇਂ ਯੁੱਧ ਦੇ ਮੈਦਾਨ ਵਾਲੇ ਰਾਜਾਂ ਨੂੰ ਖੋਲ੍ਹਿਆ ਹੈ। ਹਾਲਾਂਕਿ ਫਲੋਰਿਡਾ ਉਸਦੀ ਪਹੁੰਚ ਤੋਂ ਬਾਹਰ ਹੋ ਸਕਦਾ ਹੈ, ਡੈਲੀਗੇਟ-ਅਮੀਰ ਟੈਕਸਾਸ ਇੱਕ ਚੋਣ ਮੈਦਾਨ ਰਾਜ ਬਣਨ ਲਈ ਕਾਫ਼ੀ ਨੇੜੇ ਅਤੇ ਸਹੀ ਜਨਸੰਖਿਆ ਦੇ ਨਾਲ ਜਾਪਦਾ ਹੈ। ਜੋ ਅਸੰਭਵ ਜਾਪਦਾ ਸੀ, ਉਹ ਅਜੇ ਵੀ ਸੰਭਵ ਹੋ ਸਕਦਾ ਹੈ, ਜੋ ਵ੍ਹਾਈਟ ਹਾਊਸ ਵਿਚ ਇੱਕ ਔਰਤ ਪਹੁੰਚ ਨੂੰ ਸਾਰਥਿਕ ਬਣਾ ਸਕਦਾ ਹੈ।

# ਵਿਨੇਸ਼ ਫੋਗਟ ਦਾ ਹਰ ਹਾਲਤ 'ਚ ਹੋਵੇਗਾ ਲੋਕ ਸਨਮਾਨ

-ਪ੍ਰਿੰ. ਸਰਵਣ ਸਿੰਘ



ਪੰਜਾਬ ਮੇਲ USA

ਭਾਰਤੀ ਕੁਸ਼ਤੀ ਦਾ ਮਾਣ, ਖ਼ਾਸ ਕਰਕੇ ਔਰਤਾਂ ਦੀ ਆਣ, ਅਣਖ ਦੀ ਸ਼ਾਨ, ਬੀਬੀ ਵਿਨੇਸ਼ ਫੋਗਟ ਦਾ ਸਨਮਾਨ ਭਾਰਤ ਦੇ ਕਰੋੜਾਂ ਲੋਕਾਂ ਵੱਲੋਂ ਹਰ ਹਾਲਤ ਵਿਚ ਕੀਤਾ ਜਾਵੇਗਾ। ਸਾਧਾਰਨ ਘਰ ਦੀ ਜਾਈ ਸਾਡੀ ਧੀ ਨੇ ਕੁਸ਼ਤੀਆਂ ਤੇ ਔਰਤਾਂ ਦੀ ਪੱਤ ਦੀ ਰਾਖੀ ਲਈ ਜੋ ਸੰਘਰਸ਼ ਲੜਿਆ ਹੈ, ਉਹ ਕਰੋੜਾਂ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੈ। ਅਸੀਂ ਲੇਖਕ ਲੋਕ ਕਲਮਾਂ ਨਾਲ ਉਸ ਸੰਘਰਸ਼ ਦਾ ਭਾਗ ਬਣ ਰਹੇ ਹਾਂ, ਜਿਸ ਦਾ ਰੋਹ ਭਰਿਆ ਪਹਿਲਾ ਹੋਕਰਾ ਪੰਜਾਬੀ ਦੇ 'ਵਰਿਆਮ' ਲੇਖਕ ਵਰਿਆਮ ਸਿੰਘ ਸੰਧੂ ਨੇ ਮਾਰਿਆ ਸੀ।

ਸਾਡੇ ਦੇਸ਼ ਦੀ ਇਸ ਧੀ ਨੇ ਬੜਾ ਜਫ਼ਰ ਜਾਲ ਕੇ ਰਾਸ਼ਟਰੀ, ਅੰਤਰਰਾਸ਼ਟਰੀ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿਚੋਂ ਤਾਂ ਬੜੇ ਮੈਡਲ ਜਿੱਤੇ ਸਨ। ਅੰਤਾਂ ਦੀ ਮਿਹਨਤ ਕਰਕੇ, ਸਿਦਕ ਪਾਲ ਕੇ, ਜਰਵਾਣੇ ਖੇਡ ਸਿਆਸਤਦਾਨਾਂ ਵਿਰੁੱਧ ਲੜ ਕੇ, ਦੁੱਖੜੇ ਝੱਲ ਕੇ, ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ ਪਹੁੰਚ ਗਈ ਸੀ। ਪ੍ਰੀ ਕੁਆਟਰ, ਕੁਆਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲੇ ਜਿੱਤ ਕੇ ਸੋਨੇ/ਚਾਂਦੀ ਦਾ ਮੈਡਲ ਗਲ ਪੁਆਉਣ ਲਈ ਵੀ ਕੁਆਲੀਫਾਈ ਕਰ ਗਈ ਸੀ ਪਰ ਅਜੇ ਤੱਕ ਉਸ ਨੂੰ ਕੋਈ ਓਲੰਪਿਕ ਮੈਡਲ ਨਹੀਂ ਮਿਲਿਆ। 50 ਕਿਲੋ ਤੋਂ ਘੱਟ ਸਰੀਰਕ ਵਜ਼ਨ ਨਾਲ ਸੈਮੀ ਫਾਈਨਲ ਕੁਸ਼ਤੀ ਜਿੱਤ ਕੇ ਉਹ ਘੱਟੋ-ਘੱਟ ਚਾਂਦੀ ਦਾ ਓਲੰਪਿਕ ਮੈਡਲ ਤਾਂ ਜਿੱਤ ਹੀ ਗਈ ਸੀ। ਪਰ ਕੇਸ ਅਜੇ ਕੋਰਟ ਵਿਚ ਹੈ, ਜਿਸ ਦਾ ਫੈਸਲਾ 13 ਅਗਸਤ ਨੂੰ ਸੁਣਾਇਆ ਜਾਣਾ ਹੈ।








ਓਲੰਪਿਕ ਖੇਡਾਂ ਦਾ ਮੇਲਾ ਮੁੱਕ ਚੁੱਕੈ। ਮੈਡਲ ਵੰਡੇ ਜਾ ਚੁੱਕੇ ਨੇ। ਹੁਣ 'ਮਹਾਨ' ਦੇਸ਼ ਦੀ ਮਹਾਨ ਧੀ ਵਿਨੇਸ਼ ਫੋਗਟ ਨੂੰ, ਜੋ ਦੇਸ਼ ਦੀ ਇੱਜ਼ਤ, ਅਣਖ ਅਤੇ ਔਰਤਾਂ ਦੀ ਪੱਤ ਲਈ ਜੂਝੀ ਹੈ, ਉਸ ਨੂੰ ਦੇਸ਼ ਦੇ ਕਰੋੜਾਂ ਲੋਕ 'ਮਹਾਨ ਲੋਕ ਸਨਮਾਨ' ਨਾਲ ਸਨਮਾਨਿਤ ਕਰਨਗੇ।

ਖੇਡ ਲੇਖਣ ਤੇ ਖੇਡ ਪ੍ਰਮੋਸ਼ਨ ਨਮਿੱਤ ਮੇਰੀਆਂ ਉਮਰ ਭਰ ਦੀਆਂ ਤੁੱਛ ਸੇਵਾਵਾਂ ਲਈ ਖੇਡ ਪ੍ਰੇਮੀਆਂ ਨੇ ਮੈਨੂੰ 2023 ਦੇ 'ਪੁਰੇਵਾਲ ਖੇਡ ਮੇਲੇ' ਵਿਚ 'ਖੇਡ ਰਤਨ' ਪੁਰਸਕਾਰ ਨਾਲ ਸਨਮਾਨਿਆ ਸੀ। ਉਸ ਪੁਰਸਕਾਰ ਵਿਚ ਸ਼ੁਧ ਸੋਨੇ ਦਾ ਇੱਕ ਮੈਡਲ ਵੀ ਸੀ। ਦੇਸ਼ ਦੀ ਜੁਝਾਰੂ ਧੀ ਵਿਨੇਸ਼ ਦੇ ਸਿਰ 'ਤੇ ਹੱਥ ਰੱਖਦਾ, ਉਸ ਨੂੰ ਧਰਵਾਸ ਦਿੰਦਾ ਮੈਂ ਆਪਣਾ 'ਖੇਡ ਰਤਨ' ਦਾ ਮੈਡਲ ਉਸ ਦੀ ਝੋਲੀ ਪਾ ਰਿਹਾਂ। ਮੈਨੂੰ ਆਸ ਹੈ 'ਲੋਕ ਸਨਮਾਨ' ਦੇਣ ਵਾਲੇ ਸੱਜਣ ਅਤੇ ਸਾਡੀ ਬਹਾਦਰ ਬੀਬੀ ਵਿਨੇਸ਼ ਮੇਰੀ ਤਿੱਲ-ਫੁੱਲ ਜਹੀ ਭੇਟਾ ਪਰਵਾਨ ਕਰ ਲੈਣਗੇ।

ਕਰੋੜਾਂ ਲੋਕਾਂ ਦੀ ਮਨੋਕਾਮਨਾ ਹੈ ਕਿ 'ਚੈਂਪੀਅਨਾਂ ਦੀ ਚੈਂਪੀਅਨ' ਵਿਨੇਸ਼ ਹਾਲੇ ਕੁਸ਼ਤੀਆਂ ਲੜਨੀਆਂ ਨਾ ਛੱਡੇ ਅਤੇ ਅਗਲੀਆਂ ਓਲੰਪਿਕ ਖੇਡਾਂ ਤੱਕ ਮੈਡਲ ਜਿੱਤਣ ਲਈ ਜੂਝਦੀ ਰਹੇ। ਹੋਣਹਾਰ ਧੀਏ! ਅਸੀਂ ਤੈਨੂੰ ਹਾਰੀ ਨਹੀਂ, ਜਿੱਤੀ ਹੀ ਮੰਨਦੇ ਹਾਂ। ਡਿਸਕੁਆਲੀਫਾਈਡ ਨਹੀਂ, ਕੁਆਲੀਫਾਈਡ ਮੰਨਦੇ ਹਾਂ।


# ਡਾ. ਭਗਵੰਤ ਸਿੰਘ ਤੇ ਡਾ. ਰਮਿੰਦਰ ਕੌਰ ਦੀ ਮਹਾਰਾਜਾ ਰਣਜੀਤ ਸਿੰਘ ਖੋਜੀ ਪੁਸਤਕ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਡਾ. ਭਗਵੰਤ ਸਿੰਘ ਅਤੇ ਡਾ. ਰਮਿੰਦਰ ਕੌਰ ਦੀ ਸੰਪਾਦਿਤ ਪੁਸਤਕ ਮਹਾਰਾਜਾ ਰਣਜੀਤ ਸਿੰਘ ਖਾਲਸਾ ਰਾਜ ਦੇ ਸੰਕਲਪ ਦੀ ਵਿਆਖਿਆ ਕਰਨ ਅਤੇ ਸੰਗਠਤ ਜਾਣਕਾਰੀ ਦੇਣ ਵਾਲੀ ਪੁਸਤਕ ਹੈ। ਇਸ ਪੁਸਤਕ ਦੀ ਖ਼ੂਬੀ ਹੈ ਕਿ ਇਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਾਰੇ ਪੱਖਾਂ ਦੀ ਉੱਚ ਕੋਟੀ ਦੇ 14 ਵਿਦਵਾਨ ਇਤਿਹਾਸਕਾਰਾਂ ਵੱਲੋਂ ਆਪਣੇ ਲੇਖਾਂ ਵਿਚ ਦਿੱਤੀ ਗਈ ਸਾਰਥਿਕ ਤੱਥਾਂ 'ਤੇ ਆਧਾਰਿਤ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਖੋਜੀ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗੀ ਕਿਉਂਕਿ ਇੱਕ ਪੁਸਤਕ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੇ ਸਾਰੇ ਪੱਖਾਂ ਦੀ ਜਾਣਕਾਰੀ ਉਪਲਬਧ ਹੈ। ਪ੍ਰੋ. ਤੇਜਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਇਤਿਹਾਸਕ ਪਿਛੋਕੜ ਬਾਰੇ ਲਿਖਦਿਆਂ ਰਾਜ ਦਾ ਆਧਾਰ ਸਿੱਖ ਧਰਮ ਦੀ ਧਰਮ ਨਿਰਪੱਖ ਵਿਚਾਰਧਾਰਾ ਦੱਸਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵਰੋਸਾਏ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਵਿਚਾਰਧਾਰਾ 'ਤੇ ਸਿੱਖ ਰਾਜ ਸਥਾਪਤ ਕੀਤਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸੰਕਲਪ ਨੂੰ ਅੱਗੇ ਵਧਾਇਆ ਹੈ। 1809 ਤੱਕ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਨੇ ਰਾਜਨੀਤਿਕ ਸ਼ਕਤੀ ਨੂੰ ਧਾਰਮਿਕ ਸਰਦਾਰੀ ਨਾਲ ਸੰਮਿਲਤ ਕੀਤਾ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਮਤੇ ਨੂੰ ਰਾਜਨੀਤਿਕ ਮਾਮਲਿਆਂ ਦੇ ਸੰਬੰਧ ਵਿਚ ਸਮਾਪਤ ਕਰ ਦਿੱਤਾ, ਜਿਸ ਅਨੁਸਾਰ ਸਿੱਖਾਂ ਅਤੇ ਗ਼ੈਰ ਸਿੱਖ ਸਲਾਹਕਾਰਾਂ ਦੀ ਸਲਾਹ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜ਼ਾਤ ਬਰਾਦਰੀ ਨੂੰ ਤਿਲਾਂਜਲੀ ਦੇ ਕੇ ਰਾਜ ਪ੍ਰਬੰਧ ਚਲਾਇਆ। ਡਾ. ਗੰਡਾ ਸਿੰਘ ਦੇ ਪੁਸਤਕ ਵਿਚ ਤਿੰਨ ਲੇਖ ਹਨ। ਉਨ੍ਹਾਂ ਨੇ ਆਪਣੇ ਖੋਜੀ ਲੇਖਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪੁਰਖਿਆਂ ਤੋਂ ਸ਼ੁਰੂ ਕਰਕੇ ਅਖ਼ੀਰ ਤੱਕ ਹੋਈਆਂ ਘਟਨਾਵਾਂ ਦਾ ਵਿਸਥਾਰਪੂਰਬਕ ਤੱਥਾਂ 'ਤੇ ਆਧਾਰਿਤ ਜਾਣਕਾਰੀ ਦਿੱਤੀ ਹੈ। ਕਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਆਪਣੇ ਰਾਜ ਵਿਚ ਸ਼ਾਮਲ ਕੀਤਾ ਤੇ ਤਲਵਾਰ ਲੈ ਕੇ ਹਰ ਮੁਹਿੰਮ ਦੀ ਬਹਾਦਰੀ ਨਾਲ ਅਗਵਾਈ ਕਰਦੇ ਰਹੇ। ਰਣਜੀਤ ਸਿੰਘ ਦੀ ਪ੍ਰਸ਼ਾਸਨਿਕ ਅਤੇ ਯੁੱਧ ਨੀਤੀ ਬਾਰੇ ਜਾਣਕਾਰੀ ਦਿੱਤੀ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿੱਧੀ ਕਰਕੇ 1822 ਵਿਚ ਇਟਲੀ ਦੇ ਵੈਨਤੂਰਾ ਅਤੇ ਫਰਾਂਸ ਦੇ ਐਲਾਰਡ ਲਾਹੌਰ ਵੱਲ ਆਕਰਸ਼ਿਤ ਹੋਏ, ਉਨ੍ਹਾਂ ਨੂੰ ਕ੍ਰਮ ਅਨੁਸਾਰ ਪੈਦਲ ਸੈਨਾ ਅਤੇ ਘੋੜ ਸਵਾਰ ਫ਼ੌਜ ਵਿਚ 2500 ਰੁਪਏ ਪ੍ਰਤੀ ਮਹੀਨਾ ਭਰਤੀ ਕਰ ਲਿਆ। ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਪਤਨ ਬਾਰੇ ਵੀ ਤੱਥਾਂ ਨਾਲ ਸਬੂਤ ਦਿੰਦਿਆਂ ਲਿਖਿਆ ਹੈ। ਗੰਡਾ ਸਿੰਘ ਨੇ ਮਹਾਰਾਜਾ ਦੇ ਪਰਿਵਾਰ ਦੇ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਬਿਨਾ ਲਿਹਾਜ਼ ਕੀਤਿਆਂ ਚਿੱਠਾ ਖੋਲ੍ਹ ਕੇ ਰੱਖ ਦਿੱਤਾ। ਸੀਤਾ ਰਾਮ ਕੋਹਲੀ ਨੇ ਆਪਣੇ ਲੇਖ ਵਿਚ ਸਿੱਖ ਮਿਸਲਾਂ ਦਾ ਸੰਗਠਨ ਅਤੇ ਖ਼ਾਲਸਾ ਫ਼ੌਜ ਬਾਰੇ ਦੱਸਿਆ ਕਿ ਉਨ੍ਹਾਂ ਦੇ ਰਾਜ ਦੇ ਆਲੇ-ਦੁਆਲੇ ਛੋਟੀਆਂ-ਛੋਟੀਆਂ ਰਿਆਸਤਾਂ ਅਤੇ 12 ਸਿੱਖ ਮਿਸਲਾਂ ਆਜ਼ਾਦ ਰਾਜ ਕਰਦੀਆਂ ਸਨ ਪ੍ਰੰਤੂ ਇਹ ਅੰਦਰੂਨੀ ਲੜਾਈ ਝਗੜਿਆਂ ਵਿਚ ਮਸਤ ਸਨ। ਰਾਜਸੀ ਸੂਝ-ਬੂਝ ਨਾਲ ਉਨ੍ਹਾਂ ਨੂੰ ਇੱਕ ਝੰਡੇ ਹੇਠ ਇਕੱਠਾ ਕਰਕੇ ਆਪਣੇ ਅਧੀਨ ਲਿਆਂਦਾ। ਇੱਕ ਠੋਸ ਰਾਜ ਦੀ ਸਥਾਪਨਾ ਮਹਾਰਾਜੇ ਦੀ ਕਾਬਲੀਅਤ ਦਾ ਸਬੂਤ ਸੀ। ਫ਼ੌਜ ਦੇ ਸਾਰੇ ਅੰਗਾਂ ਵਿਚ ਇੱਕ ਲੱਖ ਵਿਅਕਤੀਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲੇ ਉਦਯੋਗਾਂ ਦਾ ਰਾਜ ਦੁਆਰਾ ਲਗਾਏ ਗਏ ਕਾਰਖਾਨਿਆਂ ਵਿਚ ਲੜਾਈ ਦਾ ਸਾਮਾਨ ਬਣਨ ਲੱਗ ਪਿਆ। ਫ਼ੌਜੀ ਅਧਿਕਾਰੀਆਂ ਦੀਆਂ ਨਿਯੁਕਤੀਆਂ ਜ਼ਾਤਾਂ 'ਤੇ ਆਧਾਰਿਤ ਨਹੀਂ, ਸਗੋਂ ਕਾਬਲੀਅਤ 'ਤੇ ਕੀਤੀਆਂ। ਇਹ ਸੋਚ ਕਾਬਲੇ-ਤਾਰੀਫ਼ ਸੀ। ਆਪਣੀ ਹਿਫ਼ਾਜ਼ਤ ਲਈ ਗਰੁੱਪ ਬਣੇ ਤੇ ਗਰੁੱਪ ਲੀਡਰਾਂ ਨੂੰ ਨਵਾਬ ਕਪੂਰ ਸਿੰਘ ਨੇ ਇਕੱਠਿਆਂ ਕੀਤਾ ਤੇ ਦਲ ਖ਼ਾਲਸਾ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਪੈਦਲ ਫ਼ੌਜ ਦੇ ਨਾਲ ਆਧੁਨਿਕ ਤਕਨੀਕਾਂ ਵਰਤਣ ਦੀ ਸਕੀਮ ਬਣਾਈ। ਪੈਦਲ ਤੇ ਤੋਪਖਾਨਾ ਫ਼ੌਜ ਨੂੰ ਸਿਖਲਾਈ ਦਵਾਈ। ਹਰੀ ਰਾਮ ਗੁਪਤਾ ਨੇ ਵਿਸਤਾਰ ਨਾਲ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਦੂਰਅੰਦੇਸ਼ੀ ਨੇ ਪੈਦਲ ਤੇ ਤੋਪਖਾਨਾ ਫ਼ੌਜੀਆਂ ਦੀਆਂ ਤਨਖਾਹਾਂ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ। ਯੂਰਪੀਅਨ ਅਧਿਕਾਰੀ ਅਤੇ ਤੋਪਚੀ ਫ਼ੌਜੀਆਂ ਨੂੰ ਸਿੱਖਿਅਤ ਕਰਨ ਲਈ ਬੁਲਾਏ ਗਏ। ਤੋਪਖਾਨੇ ਨੂੰ ਵੱਖ-ਵੱਖ ਵਿਭਾਗਾਂ ਵਿਚ ਵੰਡ ਕੇ ਵਰਗੀਕਰਣ ਕੀਤਾ ਗਿਆ। ਤੋਪਾਂ ਦੀ ਢਲਾਈ ਲਈ ਲਾਹੌਰ ਵਿਚ ਫ਼ਾਊਂਡਰੀ ਬਣਾਈ ਹੋਈ ਸੀ। ਘੋੜ ਸਵਾਰ ਫ਼ੌਜ ਨੂੰ ਪੱਛਵੀਂ ਲੀਹਾਂ 'ਤੇ ਸਿਖਲਾਈ ਕੋਰਸ ਕਰਵਾਏ ਜਾਂਦੇ ਸਨ। ਅਨੁਸ਼ਾਸਨ ਦੇ ਕਠੋਰ ਨਿਯਮ ਸਨ। ਇਨ੍ਹਾਂ ਦੇ ਵਰਗੀਕਰਣ ਵਿਚ ਨਿਯਮਤ ਘੋੜ ਸਵਾਰ, ਘੋੜਚੜ੍ਹਾ ਫ਼ੌਜ ਅਤੇ ਜਾਗੀਰਦਾਰੀ ਫ਼ੌਜ। ਜਿਨ੍ਹਾਂ ਸ਼ਾਸਕਾਂ ਨੂੰ ਹਰਾਇਆ ਤੇ ਆਪਣੇ ਨਾਲ ਜੋੜਿਆ, ਉਨ੍ਹਾਂ ਦੀ ਵਫ਼ਦਾਰੀ ਜਿੱਤਣ ਲਈ ਬਖ਼ਸ਼ਿਸ਼ਾਂ ਦਿੱਤੀਆਂ ਜਾਂਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕੁਝ ਭੱਤੇ ਦਿੱਤੇ ਜਾਂਦੇ ਸਨ। ਇਸ ਤੋਂ ਇਲਾਵਾ ਪੁਰਸਕਾਰ ਵਿਚ ਖਿਲਅਤ ਦਿੱਤੀ ਜਾਂਦੀ ਸੀ, ਉਸ ਵਿਚ ਬਸਤਰ, ਗਹਿਣੇ ਆਦਿ ਅਤੇ ਖਿਤਾਬ ਵੀ ਦਿੱਤੇ ਜਾਂਦੇ ਸਨ। ਪੱਛਮੀਂ ਤਰਜ਼ 'ਤੇ 'ਆਰਡਰ ਆਫ ਮੈਰਿਟ ਜਾਂ ਸਟਾਰ ਆਫ ਦਾ ਪੰਜਾਬ' ਜਿਸ ਵਿਚ ਬਹੁਤ ਮਹਿੰਗੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਸਨ। ਡਾ. ਜੀ.ਐੱਲ. ਚੋਪੜਾ ਨੇ ਆਪਣੇ ਲੇਖ ਵਿਚ ਦੱਸਿਆ, ਸਿਵਲ ਪ੍ਰਸ਼ਾਸਨ ਚਲਾਉਣ ਲਈ 15 ਵਿਭਾਗ ਸਥਾਪਤ ਕੀਤੇ ਸਨ। ਇਸ ਤੋਂ ਬਾਅਦ 'ਟਾਲ ਮਟੋਲ ਵਾਲੇ ਮਹਿਕਮੇ' ਸਨ, ਜਿਸ ਤੋਂ ਭਾਵ ਹੈ ਕਿ ਸਾਰਾ ਕੰਮ ਇੱਕ ਨਿਯਮਤ ਢੰਗ ਨਾਲ ਕੀਤਾ ਜਾਂਦਾ ਸੀ। ਮਹਾਰਾਜੇ ਦਾ ਹੁਕਮ ਇੱਕ ਤੋਂ ਬਾਅਦ ਅੱਗੇ ਤੋਂ ਅੱਗੇ ਸਾਰੇ ਮਹਿਕਮਿਆਂ ਨੂੰ ਭੇਜਿਆ ਜਾਂਦਾ ਸੀ। ਕੋਈ ਹੇਰਾਫੇਰੀ ਨਹੀਂ ਹੋ ਸਕਦੀ ਸੀ। 'ਵਿੱਤੀ ਪ੍ਰਸ਼ਾਸਨ' ਵਿਚ ਦੱਸਿਆ ਗਿਆ ਕਿ ਖ਼ਰਚੇ ਦਾ ਸਹੀ ਢੰਗ ਨਾਲ ਹਿਸਾਬ-ਕਿਤਾਬ ਰੱਖਿਆ ਜਾਂਦਾ ਸੀ। ਬਾਕਾਇਦਾ ਨਿਯੁਕਤ ਕੀਤੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਰਾਹੀਂ ਮਹਾਰਾਜੇ ਦੇ ਹੁਕਮ ਲਾਗੂ ਹੁੰਦੇ ਸੀ। ਇਲਾਕਾਈ ਵੰਡ ਵਿਚ ਚਾਰ ਸੂਬੇ ਲਾਹੌਰ, ਮੁਲਤਾਨ, ਕਸ਼ਮੀਰ ਅਤੇ ਪੇਸ਼ਾਵਰ ਸਨ। ਲਾਹੌਰ ਵਿਚ ਇੱਕ ਵਿਸ਼ੇਸ਼ ਅਦਾਲਤ ਸੀ। ਗ਼ਲਤ ਫ਼ੈਸਲੇ ਨਹੀਂ ਹੁੰਦੇ ਸਨ ਕਿਉਂਕਿ ਮਹਾਰਾਜੇ ਦਾ ਡਰ ਬਰਕਰਾਰ ਰਹਿੰਦਾ ਸੀ। ਅਦਾਲਤੀ ਪ੍ਰਬੰਧ ਵਿਚ ਲਿਖਤੀ ਕੋਈ ਪ੍ਰਣਾਲੀ ਨਹੀਂ ਸੀ। ਪਿੰਡ ਪੱਧਰ 'ਤੇ ਪੰਚਾਇਤ, ਸਾਲਸੀ, ਕਾਰਦਾਰਾਂ ਅਤੇ ਮਹੱਤਵਪੂਰਨ ਮਸਲਿਆਂ ਲਈ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਸਨ। ਕਤਲ ਦੇ ਕੇਸਾਂ ਵਿਚ ਜੁਰਮਾਨੇ ਹੁੰਦੇ ਸਨ। ਜ਼ਮੀਨਾਂ ਦੇ ਫ਼ੈਸਲੇ ਰਿਕਾਰਡ ਅਨੁਸਾਰ ਹੁੰਦੇ ਸਨ। ਹਰਦਿੱਤ ਸਿੰਘ ਢਿੱਲੋਂ ਨੇ ਕਰ ਪ੍ਰਣਾਲੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪ੍ਰਣਾਲੀ ਬਹੁਤ ਸਰਲ ਸੀ। ਜ਼ਮੀਨ ਤੋਂ ਕਰ ਇਕੱਤਰ ਕਰਨ ਦੀ ਪ੍ਰਣਾਲੀ ਬਿਲਕੁਲ ਵਰਤਮਾਨ ਪੰਜਾਬ ਵਰਗੀ 7 ਪ੍ਰਕਾਰ ਦੀ ਸੀ। ਬਟਾਈ, ਕਨਕੂਤ, ਨਕਦ ਭੁਗਤਾਨ, ਮਿਸ਼੍ਰਿਤ ਪ੍ਰਣਾਲੀ, ਬਿੱਘਾ-ਆਧਾਰ ਪ੍ਰਣਾਲੀ, ਹਲ-ਆਧਾਰ ਪ੍ਰਣਾਲੀ ਅਤੇ ਖੂਹ-ਆਧਾਰ ਪ੍ਰਣਾਲੀ ਸੀ। ਇਹ ਕਰ ਭੂਮੀ ਦੀ ਉਪਜਾਊ ਸ਼ਕਤੀ ਅਨੁਸਾਰ ਨਿਸ਼ਚਿਤ ਕੀਤੇ ਜਾਂਦੇ ਸਨ। ਸਾਲ ਵਿਚ ਦੋ ਵਾਰ ਕਰ ਲਿਆ ਜਾਂਦਾ ਸੀ। ਸੀਮਾ ਕਰ ਤੇ ਆਬਕਾਰੀ ਕਰ ਵੀ ਲਾਗੂ ਸੀ। ਜਾਗੀਰਾਂ, ਇਜਾਰੇਦਾਰੀਆਂ ਨਿਆਇਕ ਸੰਸਥਾਵਾਂ ਦਾ ਕਰ ਅਤੇ ਕਿੱਤਾ ਕਰ ਵੀ ਲਗਾਏ ਹੋਏ ਸਨ। ਹਰਬੰਸ ਸਿੰਘ ਨੇ ਖੇਤੀਬਾੜੀ ਪ੍ਰਬੰਧ ਦੀ ਜਾਣਕਾਰੀ ਦਿੱਤੀ, ਜਿਸ ਅਨੁਸਾਰ ਕਿਸਾਨਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਜਿਥੇ ਸਿੰਜਾਈ ਦਾ ਪ੍ਰਬੰਧ ਨਹੀਂ ਸੀ, ਉਥੇ ਨਹਿਰ ਪੁੱਟ ਕੇ ਸਿੰਜਾਈ ਦਾ ਪ੍ਰਬੰਧ ਕੀਤਾ ਜਾਂਦਾ ਸੀ। ਬੈਰਾਨੀ ਇਲਾਕਿਆਂ ਵਿਚ ਪਸ਼ੂ ਪਾਲਣ 'ਤੇ ਜ਼ੋਰ ਦਿੱਤਾ ਜਾਂਦਾ ਸੀ। ਕਣਕ ਮੁੱਖ ਫਸਲ ਸੀ। ਸਿੰਜਾਈ ਵਿਵਸਥਾ ਬਾਰੇ ਗੁਰਦਿੱਤ ਸਿੰਘ ਨੇ ਲਿਖਿਆ ਕਿ ਮਹਾਰਾਜਾ ਨੇ ਬੰਜਰ ਇਲਾਕੇ ਤੇ ਖਾਸ ਤੌਰ 'ਤੇ ਮੁਲਤਾਨ ਦੇ ਇਲਾਕੇ ਲਈ ਨਹਿਰਾਂ ਖੁਦਵਾ ਕੇ ਨਹਿਰੀ ਸਿੰਜਾਈ ਦਾ ਪ੍ਰਬੰਧ ਕੀਤਾ। 16 ਨਹਿਰਾਂ ਵਿਚੋਂ 9 ਸਤਲੁਜ, 7 ਝਨਾਅ ਦਰਿਆ 'ਚੋਂ ਕੱਢੀਆਂ ਗਈਆਂ ਸਨ। ਲਗਪਗ 10 ਲੱਖ ਏਕੜ ਨਹਿਰੀ ਸਿੰਜਾਈ ਅਧੀਨ ਲਿਆਂਦਾ। ਆਬਿਆਨਾ 12 ਰੁਪਏ ਪ੍ਰਤੀ ਝਲਾਰ ਲਿਆ ਜਾਂਦਾ ਸੀ। ਖੂਹ ਟੈਕਸ ਰੱਬੀ ਫ਼ਸਲ ਲਈ 1 ਰੁਪਿਆ ਤੇ ਖ਼ਰੀਫ਼ ਲਈ 2 ਰੁਪਏ ਸੀ। ਪ੍ਰੋ. ਸੱਯਦ ਅਬਦੁਲ ਕਾਦਿਰ ਅੰਗਰੇਜ਼ਾਂ ਨਾਲ ਸੰਬੰਧਾਂ ਬਾਰੇ ਲਿਖਦਾ ਹੈ ਕਿ ਮਹਾਰਾਜਾ ਨੇ ਬਹੁਤ ਹੀ ਸਿਆਣਪ ਨਾਲ ਅੰਗਰੇਜ਼ਾਂ ਨਾਲ ਕੋਈ ਪੰਗਾ ਨਹੀਂ ਲਿਆ, ਸਗੋਂ ਸਦਭਾਵਨਾ ਦਾ ਮਾਹੌਲ ਬਣਾਈ ਰੱਖਿਆ, ਜਿਸ ਦੇ ਸਿੱਟੇ ਵਜੋਂ ਸਤਲੁਜ ਦੇ ਉਰਾਰ ਦੀਆਂ ਰਿਆਸਤਾਂ ਨੂੰ ਆਪਣੀ ਸਿੱਖਾਂ ਦਾ ਰਾਜਾ ਬਣਨ ਦੀ ਇੱਛਾ ਪੂਰੀ ਨਾ ਕਰ ਸਕਿਆ ਪ੍ਰੰਤੂ ਇਸ ਪਾਸਿਉਂ ਉਸ ਨੂੰ ਅੰਗਰੇਜ਼ਾਂ ਤੋਂ ਕੋਈ ਡਰ ਨਾ ਰਿਹਾ। ਜਿਸ ਕਰਕੇ ਮੁਲਤਾਨ, ਝੰਗ, ਕਸ਼ਮੀਰ, ਡੇਰਾ ਇਸਮਾਈਲ ਖ਼ਾਨ, ਡੇਰਾ ਗਾਜ਼ੀ ਖ਼ਾਨ, ਪੇਸ਼ਾਵਰ ਅਤੇ ਪੰਜਾਬ ਦੇ ਮੈਦਾਨੀ ਇਲਾਕੇ, ਲਾਹੌਰ ਤੋਂ ਖ਼ੈਬਰ ਦੱਰੇ ਤੱਕ ਤੇ ਦੂਜੇ ਪਾਸੇ ਲਾਹੌਰ ਤੋਂ ਸਿੰਧ ਦਰਿਆ ਤੱਕ ਸਾਰਾ ਇਲਾਕਾ ਜਿੱਤ ਲਿਆ। ਇੱਕ ਕਿਸਮ ਨਾਲ ਸਿੱਖਾਂ ਦਾ ਰੱਖਿਅਕ ਵੀ ਅਖਵਾਇਆ। ਸਿੰਧ, ਸ਼ਿਕਾਰਪੁਰ ਤੇ ਫ਼ਿਰੋਜ਼ਪੁਰ ਵੀ ਅੰਗਰੇਜ਼ਾਂ ਨੇ ਮਹਾਰਾਜਾ ਨੂੰ ਨਾ ਦਿੱਤੇ। ਤਿਪੱਖੀ ਸੰਧੀ ਵੀ ਮਜਬੂਰਨ ਕਰਨੀ ਪਈ। ਇਹ ਕਿਹਾ ਜਾ ਸਕਦਾ ਹੈ ਕਿ ਅੰਗਰੇਜ਼ਾਂ ਦੇ ਵਾਅਦਿਆਂ ਤੋਂ ਮੁਕਰਨ ਦੇ ਬਾਵਜੂਦ ਮਹਾਰਾਜਾ ਦੀ ਸਮਝੌਤਾ ਰੁਚੀ ਹੀ ਕੂਟਨੀਤੀ ਦੀ ਆਤਮਾ ਹੈ। ਉਹ ਅੰਗਰੇਜ਼ਾਂ ਨਾਲ ਟਕਰਾਓ ਤੋਂ ਬਚਦਾ ਰਿਹਾ। ਪ੍ਰੋ. ਗੁਲਸ਼ਨ ਰਾਏ ਨੇ ਰਣਜੀਤ ਸਿੰਘ ਅਤੇ ਭਾਰਤ ਦੀ ਉੱਤਰ ਪੱਛਮੀ ਸੀਮਾ ਬਾਰੇ ਲੇਖ ਵਿਚ ਲਿਖਿਆ ਕਿ ਅੰਗਰੇਜ਼ਾਂ ਨਾਲ ਸਮਝੌਤੇ, ਉਨ੍ਹਾਂ ਦੀਆਂ ਕੂਟਨੀਤਿਕ ਚਾਲਾਂ ਕਰਕੇ ਰਣਜੀਤ ਸਿੰਘ ਸਿਰਫ ਪੱਛਮ ਵੱਲ ਹੀ ਆਪਣਾ ਰਾਜ ਸਥਾਪਤ ਕਰ ਸਕਿਆ। ਪ੍ਰੋ. ਗੁਰਮੁਖ ਨਿਹਾਲ ਸਿੰਘ ਨੇ ਰਣਜੀਤ ਸਿੰਘ ਦੀਆਂ ਮਜਬੂਰੀਆਂ ਅਤੇ ਚਾਰ ਮੁੱਖ ਸਫਲਤਾਵਾਂ ਅਸਫਲਤਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਸਦੇ ਸ਼ਾਸਨ ਦਾ ਰਾਸ਼ਟਰੀ ਸਰੂਪ ਸੀ, ਅਧਿਕਾਰ ਭਾਵੇਂ ਵੰਡੇ ਹੋਏ ਸਨ ਪ੍ਰੰਤੂ ਆਖ਼ਰੀ ਹੁਕਮ ਉਸਦਾ ਹੁੰਦਾ ਸੀ, ਕੁਝ ਬੰਦਿਆਂ ਨੂੰ ਜ਼ਿਆਦਾ ਅਧਿਕਾਰ ਦਿੱਤੇ ਹੋਏ ਸਨ, ਜਿਹੜੇ ਸਿੱਖ ਰਾਜ ਦੇ ਖ਼ਾਤਮੇ ਦਾ ਕਾਰਨ ਬਣੇ ਅਤੇ ਚੌਥਾ ਨਿਆਂ ਅਧਿਕਾਰੀਆਂ ਤੇ ਸਰਦਾਰਾਂ ਕੋਲ ਸੀ ਪ੍ਰੰਤੂ ਉਸਦਾ ਫ਼ੈਸਲਾ ਆਖ਼ਰੀ ਹੁੰਦਾ ਸੀ ਕਿਉਂਕਿ ਉਹ ਆਪ ਦੌਰੇ ਬਹੁਤ ਕਰਦਾ ਸੀ। ਬਾਵਾ ਪ੍ਰੇਮ ਸਿੰਘ ਹੋਤੀ ਲਿਖਦੇ ਹਨ ਕਿ ਮਹਾਰਾਜਾ ਨੇ 40 ਸਾਲ ਰਾਜ ਕੀਤਾ, ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ। ਬਚਨ ਦਾ ਪੱਕਾ ਸੀ। ਨਿਆਂਇਕ ਪ੍ਰਣਾਲੀ ਭਾਵ ਪੂਰਤ ਸੀ। ਸ਼ਾਸਨ ਧਾਰਮਿਕ ਭੇਦਭਾਵ ਤੋਂ ਰਹਿਤ ਲੋਕ ਸ਼ਾਸਨ ਸੀ। ਗ਼ਲਤੀ ਸੁਧਾਰਨ ਦੇ ਹੱਕ ਵਿਚ ਸੀ। ਸਿੱਖੀ ਦਾ ਪੱਕਾ ਪ੍ਰੰਤੂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ। ਕੇ.ਸੀ. ਖੰਨਾ ਮਹਾਰਾਜਾ ਦੇ ਰਾਸ਼ਟਰ ਨਿਰਮਾਤਾ ਦੇ ਰੂਪ ਵਿਚ ਕੀਤੇ ਕੰਮਾਂ ਬਾਰੇ ਲਿਖਦਾ ਹੈ ਕਿ ਉਸ ਨੇ ਧਰਮ ਦੀ ਥਾਂ ਧਰਮ ਨਿਰਪੱਖਤਾ ਨੂੰ ਆਪਣੀ ਸੱਤਾ ਦਾ ਆਧਾਰ ਬਣਾਇਆ ਸੀ। ਰਣਜੀਤ ਸਿੰਘ ਨੇ ਉਚਿਤ ਕੰਮ ਲਈ ਉਚਿਤ ਬੰਦੇ ਚੁਣੇ, ਜ਼ਾਤ ਤੇ ਧਰਮ ਦੀ ਥਾਂ ਕੁਸ਼ਲਤਾ ਨੂੰ ਤਰਜੀਹ ਦਿੱਤੀ। ਮਹਾਰਾਜਾ ਨੇ ਸਰਕਾਰ ਚਲਾਉਣ ਲਈ ਸਾਰੀਆਂ ਸੰਪਰਦਾਵਾਂ ਦੀ ਇਕਸਾਰਤਾ ਰੱਖੀ, ਜਿਸ ਕਰਕੇ ਉਸ ਦਾ ਸ਼ਾਸਨ ਰਾਸ਼ਟਰੀ ਪ੍ਰਤੀਤ ਹੁੰਦਾ ਹੈ। ਸਰ ਜੋਗਿੰਦਰਾ ਸਿੰਘ ਨੇ ਆਪਣੇ ਲੇਖ ਵਿਚ ਮਹਾਰਾਜਾ ਦੀ ਕੁਸ਼ਲ ਪ੍ਰਬੰਧਕੀ ਕਾਬਲੀਅਤ ਨੂੰ ਸਲਾਮ ਅਤੇ ਹਰਬੰਸ ਸਿੰਘ ਨੇ ਘੋੜਿਆਂ ਦੇ ਪ੍ਰੇਮ ਬਾਰੇ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਪੁਸਤਕ ਦੇ ਪਹਿਲੇ ਐਡੀਸ਼ਨ ਬਾਰੇ ਪ੍ਰਤੀਕਰਮ ਦਿੱਤੇ ਗਏ ਹਨ।

304 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਲੋਕਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਤ ਕੀਤੀ ਹੈ।




**ਸੀਤਾ ਰਾਮ ਕੋਹਲੀ ਨੇ ਆਪਣੇ ਲੇਖ ਵਿਚ ਸਿੱਖ ਮਿਸਲਾਂ ਦਾ ਸੰਗਠਨ ਅਤੇ ਖ਼ਾਲਸਾ ਫ਼ੌਜ ਬਾਰੇ ਦੱਸਿਆ ਕਿ ਉਨ੍ਹਾਂ ਦੇ ਰਾਜ ਦੇ ਆਲੇ-ਦੁਆਲੇ ਛੋਟੀਆਂ-ਛੋਟੀਆਂ ਰਿਆਸਤਾਂ ਅਤੇ 12 ਸਿੱਖ ਮਿਸਲਾਂ ਆਜ਼ਾਦ ਰਾਜ ਕਰਦੀਆਂ ਸਨ ਪ੍ਰੰਤੂ ਇਹ ਅੰਦਰੂਨੀ ਲੜਾਈ ਝਗੜਿਆਂ ਵਿਚ ਮਸਤ ਸਨ। ਰਾਜਸੀ ਸੂਝ-ਬੂਝ ਨਾਲ ਉਨ੍ਹਾਂ ਨੂੰ ਇੱਕ ਝੰਡੇ ਹੇਠ ਇਕੱਠਾ ਕਰਕੇ ਆਪਣੇ ਅਧੀਨ ਲਿਆਂਦਾ। ਇੱਕ ਠੋਸ ਰਾਜ ਦੀ ਸਥਾਪਨਾ ਮਹਾਰਾਜੇ ਦੀ ਕਾਬਲੀਅਤ ਦਾ ਸਬੂਤ ਸੀ। ਫ਼ੌਜ ਦੇ ਸਾਰੇ ਅੰਗਾਂ ਵਿਚ ਇੱਕ ਲੱਖ ਵਿਅਕਤੀਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲੇ ਉਦਯੋਗਾਂ ਦਾ ਰਾਜ ਦੁਆਰਾ ਲਗਾਏ ਗਏ ਕਾਰਖਾਨਿਆਂ ਵਿਚ ਲੜਾਈ ਦਾ ਸਾਮਾਨ ਬਣਨ ਲੱਗ ਪਿਆ। ਫ਼ੌਜੀ ਅਧਿਕਾਰੀਆਂ ਦੀਆਂ ਨਿਯੁਕਤੀਆਂ ਜ਼ਾਤਾਂ 'ਤੇ ਆਧਾਰਿਤ ਨਹੀਂ, ਸਗੋਂ ਕਾਬਲੀਅਤ 'ਤੇ ਕੀਤੀਆਂ। ਇਹ ਸੋਚ ਕਾਬਲੇ-ਤਾਰੀਫ਼ ਸੀ।**

# ਨਿਰਬਾਣ ਕੀਰਤਨ

ਰਾਗੀ ਸੁਖਵਿੰਦਰ ਸਿੰਘ ਨਾਗੋਕੇ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ।
ਫ਼ੋਨ :-+1-510-905-9662
ਪੰਜਾਬ ਮੇਲ USA





ਇਹ ਸੰਗੀਤਮਈ ਕੀਰਤਨ ਤਾਂ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ। ਸਾਡਾ ਆਵਾਗਵਣਾਂ ਦਾ ਚੱਕਰ ਮੁੱਕਾ ਕੇ ਜੂਨਾਂ ਤੋਂ ਬਚਾ ਲੈਂਦਾ ਹੈ।

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥

ਕੀਰਤਨ 'ਚ ਮਨ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਦਾ ਸਭ ਤੋਂ ਸੁਖਾਲਾ ਸਾਧਨ ਹੈ। ਮਨ ਚੰਚਲ ਉਡਾਰੂ ਭਰਮਦਾ ਫਿਰਦਾ, ਲੱਗਦਾ ਹੀ ਕੀਰਤਨ ਵਿਚ ਹੈ। ਕਾਬੂ ਹੀ ਸੌਖਾ ਕੀਰਤਨ ਵਿਚ ਆਉਂਦਾ ਹੈ।

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨ ਲਾਗੈ॥

ਗੁਰਬਾਣੀ ਵਿਚ ਕੀਰਤਨ ਨੂੰ ਨਿਰਮੋਲਕ ਹੀਰਾ ਤੇ ਆਨੰਦ ਗੁਣੀ ਗਹੀਰਾ ਆਖਿਆ ਗਿਆ ਹੈ। ਇਸ ਦਾ ਰਸ ਰਾਗ ਦੇ ਰਸ ਨਾਲੋਂ ਵੱਖਰਾ ਹੈ। ਦੁਨੀਆਂ ਦੇ ਸਾਰੇ ਪਦਾਰਥਾਂ ਦੇ ਰਸ ਕੀਰਤਨ ਦੇ ਰਸ ਦੇ ਮੁਕਾਬਲੇ ਕੁਛ ਵੀ ਨਹੀਂ ਹਨ। ਇਸ ਲਈ ਅੰਮ੍ਰਿਤ ਰਸ ਪੀਣ ਵਾਲਿਆਂ ਦੀ ਵਡਿਆਈ ਕਰਦੇ ਹੋਏ ਪੰਜਵੇਂ ਪਾਤਸ਼ਾਹ (ਗੁਰੂ) ਜੀ ਫਰਮਾਉਂਦੇ ਹਨ।

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ॥

ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ॥

ਰਾਗ ਨਾਲ ਭਾਵੇਂ ਮਨੁੱਖੀ ਮਨ ਪੱਘਰਦਾ ਹੈ ਪਰ ਇਹ ਪ੍ਰਮਾਤਮਾ ਨਾਲ ਮੇਲ-ਮਿਲਾਪ ਕਰਾਉਣ 'ਚ ਅਸਮਰਥ ਹੈ। ਰਾਗ ਜਦੋਂ ਗੁਰਬਾਣੀ ਦੀ ਓਟ ਲੈਂਦਾ ਹੈ, ਇਸ ਵਿਚ ਇਕ ਅਦੁੱਤੀ ਰਸ ਭਰਿਆ ਜਾਂਦਾ ਹੈ, ਰਾਗ ਇਕ ਘੋੜਾ ਹੈ ਗੁਰਬਾਣੀ ਜਦੋਂ ਰਾਗ 'ਤੇ ਸਵਾਰ ਹੁੰਦੀ ਹੈ, ਤਾਂ ਜਿਹੜਾ ਜਗਿਆਸੂ ਗੁਰਬਾਣੀ ਦਾ ਕੀਰਤਨ ਸੁਣਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਕੀਰਤਨ ਦਾ ਸੱਚਾ ਰੰਗ ਜਦੋਂ ਕੀਰਤਨ ਅਭਿਆਸੀ ਉੱਪਰ ਚੜ੍ਹਦਾ ਹੈ, ਤਾਂ ਉਸ ਦਾ ਅੰਗ-ਅੰਗ ਫੜਕਣ ਲੱਗ ਜਾਂਦਾ ਹੈ ਅਤੇ ਨਾਮ ਰਸ ਦੀਆਂ ਝਰਨਾਟਾਂ ਛੇੜ ਦਿੰਦਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥

ਨਿਰਬਾਣ ਇਹ ਉਹ ਅਵਸਥਾ ਹੈ, ਜਿਸ ਨੂੰ ਦੁੱਖ-ਸੁੱਖ ਸੋਨਾ ਮਿੱਟੀ ਹਰਖ ਸੋਗ ਆਦਿ ਇੱਕੋ ਨਜ਼ਰ ਆਉਂਦੇ ਹਨ। ਨਿਰਬਾਣ ਕੀਰਤਨ ਦੀ ਸੋਝੀ ਹਰੇਕ ਜਗਿਆਸੂ ਨੂੰ ਨਹੀਂ ਹੁੰਦੀ, ਇਹ ਤਾਂ ਅੰਮ੍ਰਿਤ ਦੇ ਵਪਾਰੀ ਹੀ ਇਸ ਰਸ ਨੂੰ ਸਮਝਦੇ ਹਨ। ਨਿਰਬਾਣ ਕੀਰਤਨ ਅਜਿਹਾ ਕੀਰਤਨ ਹੈ, ਜਿਸ ਵਿਚ ਕੀਰਤਨ ਕਰਨ ਵਾਲਾ ਅਤੇ ਸਰੋਤਾ ਦੋਨੋਂ ਹੀ ਸ਼ਬਦ ਸੁਰਤ ਵਿਚ ਲੀਨ ਹੁੰਦੇ ਹਨ। ਇਹ ਕੀਰਤਨ ਪਾਪਾ ਰੂਪੀ ਮੈਲ ਕੱਟ ਦਿੰਦਾ ਹੈ। ਮਨੁੱਖੀ ਮਨ ਨਿਰਮਲ ਹੋ ਜਾਂਦਾ ਹੈ।

ਗੁਰਬਾਣੀ ਕੀਰਤਨ ਤੋਂ ਪਹਿਲਾਂ ਵੀ ਸੰਸਾਰ ਵਿਚ ਕੀਰਤਨ ਸੀ, ਪਰ ਉਸ ਕੀਰਤਨ ਦਾ ਰੂਪ ਰੰਗ ਹੋਰ ਹੀ ਸੀ, ਜਿਸ ਤਰ੍ਹਾਂ ਮਨੁੱਖਾਂ ਦੀ ਮਨੋ-ਕਲਪਿਤ ਕੱਚੀ ਬਾਣੀ ਸੀ। ਜਿਵੇਂ ਅੱਜ ਵੀ ਕਈ ਇਲਾਕਿਆਂ ਵਿਚ ਚੱਲ ਰਹੀ ਹੈ। ਉਹ ਨੱਚਣ ਟੱਪਣ ਵਾਲੀ ਬੇਰਸੀ ਜਹੀ ਸੰਗੀਤਕਾਰੀ ਸੀ। ਰਾਸਧਾਰੀਆਂ ਅਤੇ ਭਗਤੀਆਂ ਆਦਿ ਫ਼ਿਰਕਿਆਂ ਨੇ ਕੀਰਤਨ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾ ਰੱਖਿਆ ਸੀ। ਗੁਰਬਾਣੀ ਫੁਰਮਾਣ:-

ਰੋਟੀਆਂ ਕਾਰਣਿ ਪੂਰਹਿ ਤਾਲ ਆਪ ਪਛਾੜਹਿ ਧਰਤੀ ਨਾਲਿ॥

ਇਹੋ ਜਿਹਾ ਪ੍ਰਭਾਵ ਉਸ ਸਮੇਂ ਕੀਰਤਨ 'ਤੇ ਪੈਣਾ ਅਵਛੱਕ ਸੀ। ਗੁਰੂ ਨਾਨਕ ਸਾਹਿਬ ਨੇ ਰੱਬ ਨੂੰ ਰਿਝਾਉਣ ਲਈ ਨਿਰਬਾਣ ਕੀਰਤਨ ਕਰਨ ਦੀ ਪਿਰਤ ਤੋਰੀ ਗੁਰੂ ਨਾਨਕ ਸਾਹਿਬ ਦੇ ਵੇਲੇ ਸਿਰਫ ਭਾਈ ਮਰਦਾਨਾ ਹੀ ਰੱਬਾਬੀ ਹੀ ਕੀਰਤਨੀਆਂ ਨਹੀਂ ਸੀ, ਦੋ ਸਿੱਖ ਸਾਲੋ ਅਤੇ ਮਾਂਗਾ ਵੀ ਗੁਰੂ ਨਾਨਕ ਸਾਹਿਬ ਤੋਂ ਵਰੋਸਾਏ ਹੋਏ ਕੀਰਤਨ ਦੀ ਦਾਤ ਲੈ ਕੇ ਸੇਵਾ ਕਰਦੇ ਸਨ।

ਨਿਰਬਾਣ ਕੀਰਤਨ ਦੀ ਰੀਤੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚੋਂ ਸ਼ੁਰੂ ਹੋਈ, ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਦੀ ਸੋਲਵੀਂ ਪਉੜੀ ਵਿਚ ਲਿਖਿਆ ਹੈ:-

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲਿਖਾਰੀ॥

ਡੱਲੇ ਵਾਸੀ ਸੰਗਤ ਭਾਰੀ॥

ਮੁੱਢ ਕਦੀਮ ਤੋਂ ਹੀ ਸੰਗੀਤ ਮਨੁੱਖੀ ਮਨ ਨੂੰ ਭਾਉਂਦਾ ਰਿਹਾ ਹੈ। ਸੱਭਿਅਤਾ ਦੇ ਆਰੰਭ ਵਿਚ ਮਨੁੱਖੀ ਹਿਰਦੇ ਨੂੰ ਸੰਗੀਤ ਨੂੰ ਐਸਾ ਪ੍ਰਭਾਵਤ ਕਰ ਦਿੱਤਾ ਕਿ ਮਨੁੱਖੀ ਆਤਮਾ ਨੂੰ ਸੰਗੀਤ ਦੇ ਸਹਾਰੇ ਨਾਲ ਪ੍ਰਮਾਤਮਾ ਦੇ ਨੇੜੇ ਲੈ ਆਂਦਾ ਸੀ। ਸਮੇਂ ਨੇ ਪਾਸਾ ਫੇਰਿਆ ਤੇ ਸੰਗੀਤ ਆਤਮਾ ਦੀ ਖ਼ੁਰਾਕ ਨਾ ਰਹਿ ਕੇ ਵੇਸਵਾਂਵਾਂ ਦੇ ਕੋਠਿਆਂ ਦੀ ਰੌਣਕ ਬਣ ਗਿਆ। ਇਹੀ ਕਾਰਣ ਸੀ ਕਿ ਔਰੰਗਜੇਬ ਨੇ ਸੰਗੀਤ ਨੂੰ ਮੂਲੋਂ ਹੀ ਖਤਮ ਕਰਨ ਦੀ ਠਾਣ ਲਈ ਸੀ। ਸੰਗੀਤ ਪ੍ਰੇਮੀ ਜਦੋਂ ਤਰਲੇ ਵਿਚ ਰਹਿਮ ਦੀ ਆਸ ਰੱਖ ਕੇ ਸੰਗੀਤ ਦੀ ਅਰਥੀ ਕੱਢੀ, ਤਾਂ ਔਰੰਗਜੇਬ ਨੇ ਕਿਹਾ ਸੀ, ਇਸ ਨੂੰ ਐਨਾ ਡੂੰਘਾ ਦਫ਼ਨ ਕਰ ਦਿਓ ਕਿ ਕਦੀ ਨਿਕਲ ਹੀ ਨਾ ਸਕੇ।

ਧੰਨ ਗੁਰੂ ਨਾਨਕ ਅਤੇ ਬੇਬੇ ਨਾਨਕੀ ਜੀ ਜਿਨ੍ਹਾਂ ਦੀ ਦਿੱਤੀ ਰਬਾਬ ਰਾਹੀਂ ਅਨਹਦ ਧੁੰਨਾਂ ਉਪਜੀਆਂ ਅਤੇ ਮਨੁੱਖ ਨੂੰ ਫਿਰ ਗੁਰਮੁੱਖ ਗਾਡੀ ਰਾਹ 'ਤੇ ਲਿਆਉਣ ਲਈ ਗੁਰਮਤਿ ਸੰਗੀਤ ਦਾ ਪ੍ਰਕਾਸ਼ ਕੀਤਾ। ਇਹ ਇਲਾਹੀ ਧੁੰਨਾਂ ਮਨੁੱਖੀ ਸੁਰਤ ਨੂੰ ਉਤਾਂਹ ਉਠਾ ਕੇ ਪਹਿਲਾਂ ਗੁਰੂ ਤੇ ਫਿਰ ਪ੍ਰਮਾਤਮਾਂ ਦੇ ਦਰ ਦੇ ਦਰਸ਼ਨ ਕਰਵਾਉਂਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸੰਗੀਤ ਨੂੰ ਰਾਗੀਆਂ ਰਬਾਬੀਆਂ ਦੀ ਮੁਹਤਾਜੀ ਤੋਂ ਮੁਕਤ ਕਰਕੇ ਅੱਗੇ ਲਈ ਆਪ ਸੰਗਤ ਨਾਲ ਕੀਰਤਨ ਕਰਨ ਦਾ ਮੁੱਢ ਬੱਧਾ।

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥

ਪੰਚਮ ਪਾਤਸ਼ਾਹ ਜਿੱਥੇ ਰਾਗ ਕਲਾ ਵਿਚ ਨਿਪੁੰਨ ਸਨ, ਉੱਥੇ ਗੁਰਬਾਣੀ ਦੇ ਮਹਾਨ ਰਸਿਕ ਕੀਰਤਨੀਏ ਭੀ ਸਨ। ਸਿਰੰਦਾ ਸਾਜ ਦੀ ਕਾਢ ਆਪ ਜੀ ਨੇ ਹੀ ਕੱਢੀ ਸੀ। ਜਦੋਂ ਬਾਬਾ ਮੋਹਣ ਜੀ ਪਾਸੋਂ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਪੋਥੀਆਂ ਲਿਆਉਣ ਲਈ ਭੇਜਿਆ, ਬਾਬਾ ਮੋਹਣ ਜੀ ਵੱਲੋਂ ਪੋਥੀਆਂ ਦੇਣ ਤੋਂ ਇਨਕਾਰ ਕਰਨ 'ਤੇ ਗੁਰੂ ਅਰਜਨ ਸਾਹਿਬ ਆਪ ਸੰਗਤ ਦੇ ਨਾਲ ਉਨ੍ਹਾਂ ਪਾਸ ਗਏ ਤੇ ਸਿਰੰਦੇ ਨਾਲ ਆਪ ਕੀਰਤਨ ਆਰੰਭਿਆ ਤੇ ਪਿਆਰ ਨਾਲ ਇਹ ਸ਼ਬਦ ਗਾਇਨ ਕੀਤਾ:-

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥ 248॥

ਇਹ ਸ਼ਬਦ ਸੁਣ ਕੇ ਬਾਬਾ ਮੋਹਣ ਜੀ ਦੀ ਸਮਾਧੀ ਖੁੱਲ੍ਹ ਗਈ। ਇਸ ਨਿਰਬਾਣ ਕੀਰਤਨ ਨੇ ਬਾਬਾ ਮੋਹਣ ਜੀ ਦੇ ਮਨ 'ਤੇ ਐਸਾ ਪ੍ਰਭਾਵ ਪਾਇਆ ਕਿ ਆਪ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਬਾਣੀ ਦੀਆਂ ਪੋਥੀਆਂ ਅਰਪਿਤ ਕਰ ਦਿੱਤੀਆਂ। ਗੁਰਬਾਣੀ ਦੇ ਕੀਰਤਨ ਨੂੰ ਭਾਈ ਗੁਰਦਾਸ ਜੀ ਨੇ ਸਤਿਕਾਰ ਵਜੋਂ ਇੰਝ ਦਰਸਾਇਆ:-

ਗੁਰਬਾਣੀ ਭੰਡਾਰੁ ਭਰਿ ਕੀਰਤਨ ਕਥਾ ਰਹੈ ਰੰਗ ਰਤਾ॥

ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ॥ ਵਾਰ 28 ਪਾਉੜੀ 89

ਗੁਰੂ ਹਰਿਗੋਬਿੰਦ ਸਾਹਿਬ ਵੀ ਕੀਰਤਨ ਅਤੇ ਢਾਡੀ ਵਾਰਾਂ ਨਾਲ ਅਥਾਹ ਪ੍ਰੇਮ ਕਰਦੇ ਸਨ। ਭਾਈ ਬਾਬਕ ਰਬਾਬੀ ਵੀ ਬਹੁਤ ਵੱਡੇ ਕੀਰਤਨੀਏ ਸਨ ਅਤੇ ਯੋਧੇ ਬਲਵਾਨ ਸਨ। ਭਾਈ ਬਾਬਕ ਜੀ ਨੇ ਵੀ ਗੁਰੂ ਘਰ 'ਚ ਕੀਰਤਨ ਦੀ ਮਹਾਨ ਸੇਵਾ ਕੀਤੀ। ਗੁਰੂ ਹਰਿ ਰਾਏ ਸਾਹਿਬ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਹਰਾਜ ਜੀ ਵੀ ਗੁਰੂ ਨਾਨਕ ਸਾਹਿਬ ਵੱਲੋਂ ਚਲਾਈ (ਰਹੁ-ਰੀਤੀ) ਨਿਰਬਾਣ ਕੀਰਤਨ ਅਤੇ ਗੁਰ ਮਰਿਯਾਦਾ ਦਾ ਬਹੁਤ ਸਤਿਕਾਰ ਕਰਦੇ ਸਨ। ਅੰਮ੍ਰਿਤ ਦੇ ਦਾਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੀਰਤਨ ਨਾਲ ਬਹੁਤ ਪਿਆਰ ਸੀ। ਇਸ ਦੀਆਂ ਅਦਭੁੱਤ ਝਾਕੀਆਂ ਸਾਨੂੰ ਇਤਿਹਾਸ ਵਿਚੋਂ ਮਿਲਦੀਆਂ ਹਨ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕ ਲੜਾਈਆਂ ਲੜੀਆਂ, ਹਰ ਰੋਜ਼ ਸਮੇਂ ਮੁਤਾਬਿਕ ਕੀਰਤਨ ਕਰਨਾ ਨਹੀਂ ਛੱਡਿਆ। ਜਿਥੇ ਆਪ ਜੀ ਨੇ ਕਾਵਿ ਛੰਦ ਵਰਤੇ ਉਥੇ ਆਪਣੀ ਰਚਿਤ ਬਾਣੀ ਦਾ ਰਸਭਿੰਨਤਾ ਨਿਰਬਾਣ ਕੀਰਤਨ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਬਿਲਾਵਲ, ਦੇਵ ਗੰਧਾਰੀ ਆਦਿ ਰਾਗਾਂ ਵਿਚ ਕੀਤਾ। ਅਕਾਲ ਉਸਤਤਿ ਵਿਚ ਜੋ ਪ੍ਰਭੂ ਦੀ ਕੀਰਤੀ ਗਾਇਨ ਕੀਤੀ, ਉਹ ਬੇ-ਮਿਸਾਲ ਹੈ।

ਫਰਾਸੀ ਫਿਰੰਗੀ, ਫਰਾਂਸੀਸ ਕੇ ਦੁਰੰਗੀ ਮਕਰਾਨ ਕੇ ਮ੍ਰਿਦਗੀ ਤੇਰੇ ਗੀਤ ਗਾਈਅਤ ਹੈ।

ਭਖਰੀ ਕੰਧਾਰੀ, ਗ਼ੌਰ ਗਾਖਰੀ ਗਰਦੇਜਾ ਚਾਰੀ, ਪੌਨ ਕੇ ਅਹਾਰੀ ਤੇਰੋ ਨਾਮ ਧਿਆਈਅਤੁ ਹੈ॥

ਆਪ ਜੀ ਨੇ ਗੁਰਮਤਿ ਜੀਵਨ ਦਾ ਤੱਤ ਕੱਢ ਕੇ ਸਾਡੇ ਸਾਹਮਣੇ ਨਿਰਬਾਣ ਕੀਰਤਨ ਦੇ ਰੂਪ ਵਿਚ ਰੱਖਿਆ ਅਤੇ ਸੱਚਾ ਸੰਦੇਸ਼ ਦਿੱਤਾ।

ਸਾਚ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿੰਨ ਹੀ ਪ੍ਰਭ ਪਾਇਓ॥

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੋਲ ਨਿਰਬਾਣ ਕੀਰਤਨ ਦਾ ਅਨੰਦ ਮਾਣਿਆ ਅਤੇ ਖਾਲਸਾ ਪੰਥ ਨੂੰ ਨਿਰਬਾਣ ਕੀਰਤਨ ਕਰਨ ਲਈ ਗਿਆਨ ਦਿੱਤਾ। ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਵਿਚ ਲਿਖਦੇ ਹਨ:-

ਸੱਦੂ ਮੱਦੂ ਆਸਾ ਵਾਰ॥
ਕੀਰਤਨ ਕਰਤੇ ਰਾਗ ਸੁਧਾਰ॥

ਦਸਮੇਸ਼ ਪਿਤਾ ਦੇ ਦਰਬਾਰ ਵਿਚ ਸੱਦੂ-ਮੱਦੂ ਦੋਨੋਂ ਭਰਾ (ਰਬਾਬੀ) ਕੀਰਤਨ ਕਰਦੇ ਸਨ। ਇਸੇ ਤਰ੍ਹਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਜਿੱਥੇ ਜੋਧੇ ਸਨ, ਉੱਥੇ ਨਾਮ ਬਾਣੀ ਦੇ ਰਸੀਏ, ਲਿਖਾਰੀ ਸ਼ਸਤਰਧਾਰੀ ਵੀ ਸਨ। ਆਪ ਰੋਜ਼ ਆਸਾਂ ਦੀ ਵਾਰ ਦਾ ਕੀਰਤਨ ਸਿਰੰਦੇ ਨਾਲ ਕਰਦੇ ਸਨ। ਐਸੇ ਨਿਰਬਾਣ ਕੀਰਤਨ ਵਿਚ ਸਿਰਫ ਅਕਾਲੀ ਬਾਣੀ ਹੀ ਪੜ੍ਹੀ ਜਾਂਦੀ ਹੈ, ਜੋ ਅਕਾਲ ਪੁਰਖ ਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਹੈ। ਕਈ ਲੋਕ ਅਜੋਕੇ ਸਮੇ ਵਿਚ ਡੇਰੇ ਬਣਾ ਕੇ ਅਕਾਲੀ ਬਾਣੀ ਤੋਂ ਚਿਮਟੇ ਢੋਲਕੀਆਂ ਫੜ ਕੇ ਕੱਚੀ ਬਾਣੀ ਪੜ੍ਹਨ ਨੂੰ ਜ਼ਿਆਦਾ ਤਰਜੀਹ ਦੇ ਕੇ ਅਸਲ ਤੋਂ ਗਲਤ ਰਹੁ-ਰੀਤਾਂ ਵਾਲੇ ਪਾਸੇ ਲਈ ਜਾ ਰਹੇ ਹਨ। ਜਿਵੇਂ:-

ਨਾਮ ਜਪ ਲੈ ਨਿਮਾਣੀ ਜਿੰਦੇ ਮੇਰੀਏ,
ਔਖੀ ਵੇਲੇ ਕੰਮ ਆਵੇਗਾ।

ਨਹੀਓਂ ਲੱਭਣੇ ਲਾਲ ਗੁਆਚੇ ਸੁਆਸਾਂ ਨੂੰ ਨਾ ਰੋਲ ਬੰਦਿਆ

ਗੁਰੂ ਅਮਰਦਾਸ ਜੀ ਨੇ ਸਾਨੂੰ ਅਨੰਦ ਸਾਹਿਬਵਿਚ ਉਪਦੇਸ਼ ਦਿੱਤਾ ਹੈ:-

ਆਵਹੁ ਸਿਖ ਸਤਿਗੁਰ ਕੇ ਪਿਆਰਿਹੋ
ਗਾਵਹੁ ਸਚੀ ਬਾਣੀ॥
ਅਗਲੀ ਪਾਉੜੀ 'ਚ:-

ਕਹਦੈ ਕੱਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥

ਇਸ ਤਰ੍ਹਾਂ ਕੱਚੀ ਬਾਣੀ ਪੜ੍ਹਨ ਵਾਲੇ ਵੀ ਕੱਚੇ ਅਤੇ ਸੁਣਨ ਵਾਲੇ ਵੀ ਕੱਚੇ ਹਨ। ਸਾਡੇ ਗੁਰੂਆਂ ਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਭਰਪੂਰ ਖਜ਼ਾਨਾਂ ਬਖ਼ਸ਼ਿਆ ਹੈ ਅਤੇ ਸਾਨੂੰ ਗੁਰਬਾਣੀ ਦਾ ਕੀਰਤਨ ਕੇਵਲ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਕਰਨ ਲਈ ਉਪਦੇਸ਼ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਸ਼ਬਦਾਂ ਦਾ ਕੀਰਤਨ ਕਰਨ ਨੂੰ ਨਿਰਬਾਣ ਕੀਰਤਨ ਕਿਹਾ ਜਾਂਦਾ ਹੈ। ਨਿਰਬਾਣ ਕੀਰਤਨ ਕਰਦੇ ਸਮੇਂ ਸਾਨੂੰ ਕੋਈ ਗੱਲਬਾਤ ਜਾਂ ਸਾਖੀ ਆਦਿ ਨਹੀਂ ਸੁਣਾਉਣੀ ਚਾਹੀਦੀ। ਕੇਵਲ ਨਿਰਬਾਣ ਕੀਰਤਨ ਹੀ ਕੀਤਾ ਜਾਵੇ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥

# ਪੁੱਠਾ ਪੈ ਗਿਆ ਵਣ ਮਹਾਂਉਤਸਵ

## 2 ਮਿੰਨੀ ਕਹਾਣੀਆਂ

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



ਵਣ ਮਹਾਂਉਤਸਵ ਸਮੇਂ ਸਾਡੇ ਦੇਸ਼ ਵਿਚ ਪੌਦੇ ਲਗਾਉਂਦੇ ਹੋਏ ਫੋਟੋ ਖਿਚਵਾਉਣ ਦੀ ਹੋੜ ਲੱਗ ਜਾਂਦੀ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਚੌਕੀਦਾਰ ਤੱਕ ਇਸ ਹੋੜ ਵਿਚ ਸ਼ਾਮਲ ਹੋ ਜਾਂਦੇ ਹਨ। ਇੱਕ ਪੌਦੇ ਦੇ ਆਲੇ-ਦੁਆਲੇ ਵੀਹ ਬੰਦਿਆਂ ਦਾ ਝੁਰਮਟ ਫੋਟੋ ਖਿਚਵਾ ਕੇ ਅਖਬਾਰ ਵਿਚ ਲਵਾਉਣ ਲਈ ਪੱਤਰਕਾਰਾਂ ਦੇ ਤਰਲੇ ਕੱਢਦੇ ਫਿਰਦੇ ਹਨ। ਵਗਦੀ ਗੰਗਾ ਵਿਚ ਹੱਥ ਧੋਣ ਲਈ ਥਾਣਾ ਖਬਾਲ ਦੇ ਐੱਸ.ਐੱਚ.ਓ. ਨੇ ਵੀ ਜ਼ਿਲ੍ਹੇ ਦੇ ਐੱਸ.ਐੱਸ.ਪੀ. ਨੂੰ ਪੌਦੇ ਲਗਾਉਣ ਲਈ ਬੁਲਾ ਲਿਆ। ਜਦੋਂ ਐੱਸ.ਐੱਸ.ਪੀ. ਪੌਦਾ ਲਗਾਉਣ ਲੱਗਾ, ਤਾਂ ਕੁਝ ਸੋਚ ਕੇ ਉਸ ਦਾ ਮੱਥਾ ਠਣਕਿਆ। ਉਸ ਨੇ ਐੱਸ.ਐੱਚ.ਓ. ਘੂਰ ਕੇ ਪੁੱਛਿਆ, "ਕਰਮਜੀਤ, ਇਸ ਜਗ੍ਹਾ 'ਤੇ ਤਾਂ ਮੈਂ ਪਿਛਲੇ ਸਾਲ ਵੀ ਪੌਦਾ ਲਗਾ ਕੇ ਗਿਆ ਸੀ। ਮੈਨੂੰ ਚੇਤਾ, ਉਦੋਂ ਆਪਾਂ ਥਾਣੇ ਵਿਚ 50-60 ਪੌਦੇ ਲਗਾਏ ਸਨ। ਉਹ ਕਿੱਥੇ ਗਏ?" ਕਰਮਜੀਤ ਉਰਫ ਪੱਪੂ ਪੇਜਰ ਦੇ ਮੁੜਕੇ ਨਾਲ ਲੱਥ-ਪੱਥ ਚਿਹਰੇ 'ਤੇ ਠੰਡੀਆਂ ਤਰੇਲੀਆਂ ਆ ਗਈਆਂ, "ਉਹ ਤੇ ਜਨਾਬ ਇਸ ਵਾਰ ਗਰਮੀ ਜ਼ਿਆਦਾ ਪੈਣ ਕਾਰਨ ਸਾਰੇ ਈ ਸੁੱਕ ਗਏ ਆ। ਬੱਸ ਡਿਊਟੀ ਐਨੀ ਪੈਂਦੀ ਆ ਕੇ




ਧਿਆਨ ਈ ਨਹੀਂ ਰਿਹਾ ਪਾਣੀ ਪਾਉਣ ਦਾ।" "ਅੱਛਾ, ਤੇ ਉਸ ਤੋਂ ਪਿਛਲੇ ਸਾਲ ਵਾਲੇ?" ਐੱਸ.ਐੱਸ.ਪੀ. ਨੇ ਸੱਤ ਤਿਊੜੀਆਂ ਪਾ ਕੇ ਪੁੱਛਿਆ। "ਸਰ ਮੈਨੂੰ ਤਾਂ ਡੇਢ ਕੁ ਸਾਲ ਹੋਇਆ ਆ ਇਥੇ ਲੱਗੇ ਨੂੰ। ਉਨ੍ਹਾਂ ਬਾਰੇ ਮੈਨੂੰ ਨਹੀਂ ਪਤਾ," ਪੱਪੂ ਪੇਜ਼ਰ ਨੇ ਹੌਲੀ ਜਿਹੀ ਬੱਕਰੀ ਵਾਂਗ ਮਿਣ-ਮਿਣ ਕੀਤੀ। "ਪਹਿਲਾਂ ਵੀ ਤੇਰੇ ਵਰਗਾ ਈ ਮਹਾਂਪੁਰਖ ਲੱਗਾ ਹੋਇਆ ਸੀ ਇਥੇ ਕਰਨੈਲ ਝੂਠ। ਮੇਰੇ ਕੋਲੋਂ ਨਾ ਇਹ ਪਾਖੰਡ ਕਰਵਾ ਤੇ ਆਪੇ ਲਗਾ ਲੈ ਪੌਦੇ। ਪਰ ਧਿਆਨ ਰਹੇ, ਮੈਂ ਹਰ ਮਹੀਨੇ ਚੈੱਕ ਕਰਾਇਆ ਕਰਾਂਗਾ," ਐੱਸ.ਐੱਸ.ਪੀ. ਗੱਡੀ ਵਿਚ ਬੈਠ ਕੇ ਥਾਣੇ ਤੋਂ ਬਾਹਰ ਹੋ ਗਿਆ।

# ਭ੍ਰਿਸ਼ਟ ਅਫਸਰਾਂ ਦੀ ਲਿਸਟ

ਅਖਬਾਰਾਂ ਵਿਚ ਚਰਚਾ ਚੱਲ ਰਹੀ ਹੈ ਕਿ ਸਰਕਾਰ ਨੇ 100 ਭ੍ਰਿਸ਼ਟ ਡੀ.ਐੱਸ.ਪੀਆਂ ਦੀ ਇੱਕ ਲਿਸਟ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਸਬ ਡਵੀਜ਼ਨਾਂ ਵਿਚੋਂ ਹਟਾ ਕੇ ਗੁੱਠੇ ਲਾਈਨ ਲਗਾਇਆ ਜਾ ਰਿਹਾ ਹੈ। ਦੋ ਰਿਟਾਇਰ ਅਫਸਰ ਸਵਰਨ ਸਿੰਘ ਖੰਨਾ ਅਤੇ ਬਲਦੇਵ ਸਿੰਘ ਇਸ ਬਾਰੇ ਬੈਠੇ ਚੁੰਝ-ਚਰਚਾ ਕਰ ਰਹੇ ਸਨ। ਬਲਦੇਵ ਬੋਲਿਆ, "ਭਾਜੀ ਵੇਖ ਲਉ, ਨਾ ਕੋਈ ਕਮਿਸ਼ਨਰ ਭ੍ਰਿਸ਼ਟ ਹੈ, ਨਾ ਕੋਈ ਆਈ.ਜੀ. - ਡੀ.ਆਈ.ਜੀ, ਨਾ ਕੋਈ ਡੀ.ਸੀ., ਨਾ ਐੱਸ.ਐੱਸ.ਪੀ. ਤੇ ਨਾ ਹੀ ਕੋਈ ਬਿਜਲੀ ਬੋਰਡ, ਪੀ.ਡਬਲਯੂ.ਡੀ., ਮਾਲ ਮਹਿਕਮਾ, ਫੂਡ ਸਪਲਾਈ ਵਿਭਾਗ, ਪੈਸੇ ਲੈ ਕੇ 326 ਤੇ 307 ਬਣਾਉਣ ਵਾਲੇ ਡਾਕਟਰ ਅਤੇ ਰੋਡਵੇਜ਼ ਦੇ ਅਫਸਰ ਭ੍ਰਿਸ਼ਟ ਹਨ। ਹੋਰ ਵੀ ਅਣਗਿਣਤ ਮਹਾਂ ਭ੍ਰਿਸ਼ਟ ਮਹਿਕਮੇ ਹਨ ਪਰ ਗਾਜ ਹਮੇਸ਼ਾਂ ਪੁਲਿਸ 'ਤੇ ਹੀ ਕਿਉਂ ਡਿੱਗਦੀ ਹੈ?" ਸਵਰਨ ਬਹੁਤ ਹੰਢਿਆ ਵਰਤਿਆ ਤੇ ਸਿਆਣਾ ਅਫਸਰ। ਉਸ ਨੇ ਠੰਡਾ ਹੌਕਾ ਲਿਆ, "ਉਹ ਇਸ ਲਈ ਕਿ ਵਰਦੀ ਕਾਰਨ ਪੁਲਿਸ ਅਫਸਰ ਦੀ ਪਹਿਚਾਣ ਦੂਰੋਂ ਹੀ ਹੋ ਜਾਂਦੀ ਹੈ। ਕਦੇ ਪੱਤਰਕਾਰ ਸੁੱਤਿਆਂ ਦੀਆਂ ਫੋਟੋਆਂ ਖਿੱਚ ਲੈਂਦੇ ਹਨ ਤੇ ਕਦੇ ਸ਼ਰਾਬੀ ਹੋਏ ਦੀਆਂ। ਇਨ੍ਹਾਂ ਨੂੰ ਕੋਈ ਪੁੱਛੇ ਕਿ ਬਾਕੀ ਮਹਿਕਮਿਆਂ ਨੇ ਕਿਸੇ ਬਾਬੇ ਦਾ ਨਾਮ ਦਾਨ ਲਿਆ ਹੋਇਆ ਹੈ, ਉਹ ਨਹੀਂ ਸ਼ਰਾਬ ਪੀਂਦੇ? ਨਾਲੇ ਇਹ ਲਿਸਟਾਂ ਵੀ ਕਈ ਤਰੀਕਿਆਂ ਨਾਲ ਬਣਦੀਆਂ ਹਨ।" "ਉਹ ਕਿਵੇਂ ਭਾਜੀ?" ਬਲਦੇਵ ਨੇ ਹੈਰਾਨ ਹੋ ਕੇ ਪੁੱਛਿਆ। ਸਵਰਨ ਸ਼ਰਾਰਤੀ ਤਰੀਕੇ ਨਾਲ ਮੁਸਕਰਾਇਆ, "ਤੈਨੂੰ ਚੇਤਾ 8-9 ਸਾਲ ਪਹਿਲਾਂ ਨੀਲੀ ਸਰਕਾਰ ਵੇਲੇ ਵੀ ਅਜਿਹੀ ਇੱਕ ਲਿਸਟ ਬਣੀ ਸੀ? ਉਸ ਦੇ ਡੰਗੇ ਕਈ ਅਫਸਰ ਸਾਲਾਂ ਤੱਕ ਲੀਹ 'ਤੇ ਨਹੀਂ ਸਨ ਚੜ੍ਹੇ। ਉਸ ਵੇਲੇ ਮਾਲਵੇ ਦੀ ਇੱਕ ਰੇਂਜ ਦਾ ਆਈ.ਜੀ. ਝਿਰਮਲ ਸਿੰਘ ਕਿੱਲੋਂ (ਕਾਲਪਨਿਕ ਨਾਮ) ਇੱਕ ਪੁਰਾਣਾ ਤੇ ਘਾਗ ਅਫਸਰ ਸੀ। ਉਸ ਨੇ ਮੋਟੀਆਂ ਫੀਸਾਂ ਲੈ ਕੇ ਇਮਾਨਦਾਰੀ ਦੇ ਸਰਟੀਫਿਕੇਟ ਵੰਡਣੇ ਸ਼ੁਰੂ ਕਰ ਦਿੱਤੇ ਸਨ। ਜਿਹੜੇ ਨਜ਼ਰਾਨਾ ਭੇਟ ਕਰ ਗਏ, ਉਹ ਬਚ ਗਏ ਤੇ ਜੋ ਜਿਹੜੇ ਆਪਣੀ ਇਮਾਨਦਾਰੀ ਦੀ ਆਕੜ ਵਿਚ ਬੈਠੇ ਰਹੇ, ਉਨ੍ਹਾਂ ਦਾ ਨਾਮ ਲਿਸਟ ਵਿਚ ਪੈ ਗਿਆ। ਦੱਸ, ਹੈ ਕੋਈ ਭਰੋਸੇਯੋਗਤਾ ਇਹੋ ਜਿਹੀਆਂ ਲਿਸਟਾਂ ਦੀ?


## 15 ਅਗਸਤ ਆਜ਼ਾਦੀ ਦਿਵਸ ’ਤੇ ਵਿਸ਼ੇਸ਼

# ਜਦੋਂ ਸਿੱਖ ਲੀਡਰਾਂ ਨੇ ਮਹਾਤਮਾ ਗਾਂਧੀ ’ਤੇ ਅੰਨ੍ਹਾ ਵਿਸ਼ਵਾਸ ਕੀਤਾ !




ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਐਪ : +91-99141-84794
ਪੰਜਾਬ ਮੇਲ USA



ਜਨਵਰੀ 1922 ਵਿਚ ਸਿੱਖਾਂ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਸ਼ੁਰੂ ਕੀਤਾ। ਸਰਕਾਰ ਅਖ਼ੀਰ ਸਿੱਖਾਂ ’ਤੇ ਤਸ਼ੱਦਦ ਕਰ-ਕਰ ਕੇ ਹਾਰ ਗਈ। ਪਰ ਸਿੱਖਾਂ ਦੇ ਵੱਧਦੇ ਵਿਦਰੋਹ ਮੂਹਰੇ ਅੰਗਰੇਜ਼ ਸਰਕਾਰ ਨੂੰ ਹਾਰ ਮੰਨਣੀ ਪਈ। 17 ਜਨਵਰੀ, 1922 ਨੂੰ ਸਿੱਖਾਂ ਨੂੰ ਬਿਨ੍ਹਾਂ ਸ਼ਰਤ ਜੇਲ੍ਹਾਂ ਤੋਂ ਰਿਹਾਅ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਦੇ ਸਾਹਮਣੇ ਭਰੇ ਦੀਵਾਨ ਵਿਚ ਚਾਬੀਆਂ ਦਾ ਗੁੱਛਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਦੇ ਹਵਾਲੇ ਕਰ ਦਿੱਤਾ।

ਗੁਰਦੁਆਰਾ ਸੁਧਾਰ ਲਹਿਰ ਲਈ ਜਿੰਨੇ ਵੀ ਮੋਰਚੇ ਲੱਗੇ, ਉਨ੍ਹਾਂ ਵਿਚ ਭਾਵੇਂ ਸਿੱਖਾਂ ਨੂੰ ਵੱਡੀ ਮਾਤਰਾ ਵਿਚ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਸਰੀਰ ਉੱਤੇ ਵੀ ਅਣਮਨੁੱਖੀ ਤਸ਼ੱਦਦ ਝੱਲਣੇ ਪਏ। ਪਰ ਫਿਰ ਵੀ ਸਿੱਖ ਅਡੋਲ ਰਹੇ। ਗੁਰਦੁਆਰਿਆਂ ਉੱਤੇ ਮਹੰਤਾਂ ਦੇ ਕਬਜ਼ੇ ਹੋ ਚੁੱਕੇ ਸਨ, ਜੋ ਅਸਲ ਮੂਲ ਰੂਪ ਵਿਚ ਬ੍ਰਾਹਮਣ ਹਿੰਦੂ ਹੀ ਸਨ, ਇਸ ਕਰਕੇ ਅੰਗਰੇਜ਼ ਸਰਕਾਰ ਅਤੇ ਬ੍ਰਾਹਮਣਵਾਦੀ ਲੋਕ ਜਿਵੇਂ ਮਹਾਤਮਾਂ ਗਾਂਧੀ, ਪੰਡਤ ਨਹਿਰੂ ਵਰਗੇ ਉਸ ਮਹੰਤਾਂ ਨੂੰ ਪੂਰੀ ਸ਼ਹਿ ਦੇ ਰਹੇ ਸਨ। ਚਾਬੀਆਂ ਦੇ ਮੋਰਚੇ ਤੋਂ ਬਾਅਦ ਮਹਾਤਮਾ ਗਾਂਧੀ ਨੇ ਇਹ ਦੇਖ ਲਿਆ ਸੀ ਕਿ ਜੇਕਰ ਅਸੀਂ ਆਜ਼ਾਦੀ ਚਾਹੁੰਦੇ ਹਾਂ, ਤਾਂ ਸਾਨੂੰ ਸਿੱਖ ਹੀ ਲੈ ਕੇ ਦੇ ਸਕਦੇ ਹਨ, ਇਸ ਕਰਕੇ ਇਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ ਜਾਵੇ ਅਤੇ ਆਜ਼ਾਦੀ ਲੈਣ ਦੀ ਵਾਂਗਡੋਰ ਆਪਣੇ ਹੱਥ ਰੱਖੀ ਜਾਵੇ। ਅੰਦਰ ਤੋਂ ਗਾਂਧੀ ਵਰਗੇ ਸਿੱਖਾਂ ਦੇ ਉਲਟ ਸਨ, ਉੱਪਰ ਤੋਂ ਸਿੱਖਾਂ ਨੂੰ ਹੱਲਾਸ਼ੇਰੀ ਦੇਣ ਖ਼ਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਇਹ ਕਹਿ ਕੇ ਵਧਾਈ ਭੇਜ ਦਿੱਤੀ ਕਿ ਆਜ਼ਾਦੀ ਅੰਦੋਲਨ ਦੀ ਪਹਿਲੀ ਲੜਾਈ ਆਪਾਂ ਸਰਕਾਰ ਕੋਲੋਂ ਚਾਬੀਆਂ ਪ੍ਰਾਪਤ ਕਰਕੇ ਜਿੱਤ ਲਈ ਹੈ। ਇਸ ਹੱਲਾਸ਼ੇਰੀ ਨੇ ਸਿੱਖਾਂ ਦੇ ਮਨਾਂ ਨੂੰ ਖੁਸ਼ ਕਰ ਦਿੱਤਾ ਅਤੇ ਅੱਗੇ ਵਾਸਤੇ ਉਤਸ਼ਾਹਿਤ ਕਰ ਦਿੱਤਾ। ਇੱਧਰੋਂ ਸਿੱਖ ਲੀਡਰਾਂ ਨੇ ਵੀ ਮਹਾਤਮਾ ਗਾਂਧੀ ਨੂੰ ਜਵਾਬ ਵਿਚ ਕਹਿ ਦਿੱਤਾ ਕਿ ਸਾਡੇ ਲਈ ਜੋ ਕੁਝ ਹਨ, ਹਿੰਦੂ ਹੀ ਹਨ।

ਕਾਂਗਰਸ ਨੇ 1930 ਵਿਚ ਕੌਂਸਲ ਚੋਣਾਂ ਦਾ ਬਾਈਕਾਟ ਕਰ ਦਿੱਤਾ। ਉਹ ਤਾਂ ਇਹ ਦੇਖ ਰਹੇ ਸਨ ਕਿ ਚੋਣਾਂ ਦਾ ਬਾਈਕਾਟ ਕਰਕੇ ਸਾਨੂੰ ਆਜ਼ਾਦੀ ਦੀ ਲਹਿਰ ਵਿਚ ਕੀ ਫਾਇਦਾ ਹੋਵੇਗਾ? ਪਰ ਸਿੱਖਾਂ ਨੇ ਬਿਨਾਂ ਸੋਚੇ ਸਮਝੇ ਆਪ ਦੀ ਸਹਿਮਤੀ ਕਾਂਗਰਸ ਨਾਲ ਹੀ ਪ੍ਰਗਟ ਕਰ ਦਿੱਤੀ।

ਅੰਗਰੇਜ਼ ਸਰਕਾਰ ਸਿੱਖਾਂ ਦਾ ਬਹੁਤ ਧਿਆਨ ਰੱਖ ਰਹੀ ਸੀ। ਉਹ ਕਹਿ ਰਹੀ ਸੀ ਕਿ ਅਸੀਂ ਸਿੱਖ ਰਾਜ ਸਿੱਖਾਂ ਕੋਲੋਂ ਲਿਆ ਸੀ, ਇਨ੍ਹਾਂ ਨੂੰ ਹੀ ਵਾਪਿਸ ਕਰਕੇ ਜਾਣਾ ਹੈ ਪਰ ਮਾੜੀ ਗੱਲ ਇਹ ਸੀ ਕਿ ਸਿੱਖ ਆਪਣਾ ਦਿਮਾਗ ਨਹੀਂ ਵਰਤ ਰਹੇ ਸਨ। ਜਦ ਅੰਗਰੇਜ਼ ਸਿੱਖਾਂ ਦਾ ਫਾਇਦਾ ਕਰਨ ਦੀ ਕੋਈ ਗੱਲ ਕਰਦੇ, ਤਾਂ ਹਿੰਦੂ ਸਿੱਖਾਂ ਨੂੰ ਗਲਤ ਰਾਹ ਪਾ ਕੇ ਮੁਕਰਾ ਦਿੰਦੇ।

ਅੰਗਰੇਜ਼ ਸਰਕਾਰ ਨੇ 1921 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦੀ ਤਜਵੀਜ਼ ਪਾਸ ਕਰ ਦਿੱਤੀ। ਬਰਤਾਨੀਆ ਦੇ ਸ਼ਹਿਜ਼ਾਦੇ ਨੇ ਉਸ ਦਾ ਐਲਾਨ ਕਰਨ ਲਈ ਖ਼ਾਲਸਾ ਕਾਲਜਆਉਣਾ ਸੀ। ਪਰ ਮਹਾਤਮਾ ਗਾਂਧੀ ਹੋਰਾਂ ਨੂੰ ਜਦ ਪਤਾ ਲੱਗਿਆ, ਤਾਂ ਉਨ੍ਹਾਂ ਕਾਲਜ ਦੇ ਸਿੱਖ ਪ੍ਰੋਫ਼ੈਸਰਾਂ ਨੂੰ ਕਹਿ ਕੇ ਕਾਲਜ ਵਿਚ ਹੜਤਾਲ ਕਰਵਾ ਦਿੱਤੀ। ਇੱਥੇ ਹੀ ਬਸ ਨਹੀਂ, ਮਹਾਤਮਾ ਗਾਂਧੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇੱਕ ਮਤਾ ਪਾਸ ਕਰਵਾ ਕੇ ਸਿੱਖ ਫ਼ੌਜੀਆਂ ਅਤੇ ਰਿਟਾਇਰਡ ਹੋ ਚੁੱਕੇ ਸਿੱਖ ਫ਼ੌਜੀਆਂ ਨੂੰ ਸਮਾਗਮ ਤੋਂ ਪਰ੍ਹੇ ਰਹਿਣ ਲਈ ਕਿਹਾ। ਸ਼ਹਿਜ਼ਾਦੇ ਨੇ ਆਪਣਾ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ।

ਜਦ ਮਦਨ ਮੋਹਨ ਮਾਲਵੀਆ ਕਾਂਗਰਸੀ ਲੀਡਰ ਅੰਮ੍ਰਿਤਸਰ ਪਹੁੰਚਿਆ, ਪ੍ਰੋਗਰਾਮ ਸੀ, ਸਿੱਖ ਪ੍ਰੋਫ਼ੈਸਰਾਂ ਨੂੰ ਪੂਰਾ ਚਾਅ ਸੀ। ਪ੍ਰੋਫ਼ੈਸਰ, ਵਿਦਿਆਰਥੀਆਂ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ ਤੋਂ ਕਾਲਜ ਤੱਕ ਬੜੇ ਜਸ਼ਨਾਂ ਨਾਲ ਉਸ ਨੂੰ ਲੈ ਕੇ ਆਏ। ਸਿੱਖਾਂ ਨੇ ਇਹ ਨਹੀਂ ਸੋਚਿਆ ਕਿ ਸਿੱਖ ਯੂਨੀਵਰਸਿਟੀ ਬਣਦੀ, ਤਾਂ ਅਸੀਂ ਹੱਥ ਵਿਚੋਂ ਕੱਢ ਲਈ, ਮਦਨ ਮੋਹਨ ਸਾਡੇ ਲਈ ਕੀ ਲਈ ਬੈਠਾ ਸੀ?

ਮੁਸਲਿਮ ਲੀਡਰਸ਼ਿਪ ਕਾਂਗਰਸੀ ਲੀਡਰਾਂ ਨੂੰ ਚੰਗੀ ਤਰ੍ਹਾਂ ਜਾਣ ਚੁੱਕੀ ਸੀ। ਉਹ ਇਨ੍ਹਾਂ ਦੀਆਂ ਬੇਈਮਾਨ ਚਾਲਾਂ ਨੂੰ ਬਹੁਤਾ ਚਿਰ ਨਾ ਸਹਾਰ ਸਕੀ। ਉਹ ਇਸ ਗੱਲ ਤੋਂ ਜਾਣੂ ਹੋ ਗਏ ਸਨ ਕਿ ਕਾਂਗਰਸ ਜੋ ਕਰ ਰਹੀ ਹੈ, ਆਪ ਦੇ ਲਈ ਹੀ ਕਰ ਰਹੀ ਹੈ। ਮੁਸਲਿਮ ਲੀਡਰਸ਼ਿਪ ਨੇ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਲੱਗ ਲੜਨਾ ਸ਼ੁਰੂ ਕਰ ਦਿੱਤਾ ਪਰ ਸਿੱਖ ਲੀਡਰਾਂ ਨੂੰ ਤਾਂ ਮੁਸਲਮਾਨ ਲੀਡਰਸ਼ਿਪ ਵੱਲ ਵੇਖ ਕੇ ਵੀ ਸੋਝੀ ਨਾ ਆਈ ਕਿ ਅਸੀਂ ਵੀ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਲੱਗ ਹੋ ਕੇ ਲੜੀਏ।

1921 ਵਿਚ ਕਾਂਗਰਸ ਦੇ ਅਹਿਮਦਾਬਾਦ ਸੈਸ਼ਨ ਵਿਚ ਮਹਾਤਮਾ ਗਾਂਧੀ ਨੇ ਸਿੱਖਾਂ ਦੀ ਵੱਧ ਗਿਣਤੀ ਦੇਖ ਕੇ ਖੁਸ਼ੀ ਪ੍ਰਗਟ ਕਰਦਿਆਂ ਵਡਿਆਈ ਕਰ ਦਿੱਤੀ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਿੱਖ ਭਾਈਚਾਰਾ ਹਰ ਲਹਿਰ ਵਿਚ ਵੱਧ-ਚੜ੍ਹ ਕੇ ਮੂਹਰੇ ਹੋ ਕੇ ਹਿੱਸਾ ਲੈ ਰਿਹਾ ਹੈ। ਸਿੱਖ ਅਜਿਹੀਆਂ ਵਡਿਆਈਆਂ ਦੇ ਭੁੱਖੇ ਸਨ ਪਰ ਕਾਂਗਰਸ ਜੋ ਅੰਗਰੇਜ਼ਾਂ ਨੂੰ ਹੱਕੀ ਮੰਗਾਂ ਵਾਲੇ ਅਤੇ ਪੂਰਨ ਆਜ਼ਾਦੀ ਵਾਲੇ ਆਪਣੇ ਵਲੋਂ ਪਾਸ ਕੀਤੇ ਹੋਏ ਮਤੇ ਅੰਗਰੇਜ਼ ਸਰਕਾਰ ਨੂੰ ਦਿੰਦੀ ਸੀ, ਉਸ ਵਿਚ ਸਿੱਖਾਂ ਦੇ ਹੱਕਾਂ ਦੀ ਗੱਲ ਕਿਤੇ ਵੀ ਨਹੀਂ ਲਿੱਖੀ ਜਾਂਦੀ ਸੀ। ਸਾਰੀਆਂ ਗੱਲਾਂ ਕਾਂਗਰਸ, ਹਿੰਦੂ ਭਾਈਚਾਰੇ ਦੇ ਹੱਕ ਵਿਚ ਲਿਖਦੀ ਸੀ। ਅੰਗਰੇਜ਼ ਸਰਕਾਰ ਤਾਂ ਆਪ ਇਹ ਸੋਚ ਰਹੀ ਸੀ ਕਿ ਸਿੱਖਾਂ ਨੇ ਹਿੰਦੂਆਂ ਮਗਰ ਲੱਗ ਕੇ ਆਪਣਾ ਆਪ ਤਬਾਹ ਕਰ ਲੈਣਾ ਹੈ। ਇਸ ਲਈ ਵਾਰ-ਵਾਰ ਸੀ, ਤਾਂ ਕਿ ਇਹ ਆਪਣੀ ਵੱਖਰੀ ਆਜ਼ਾਦੀ ਲੈ ਸਕਣ।

ਹਿੰਦੂਆਂ ਨੇ ਇਕ ਮਤਾ ਪਾਸ ਕਰਕੇ ਅੰਗਰੇਜ਼ ਸਰਕਾਰ ਕੋਲ ਸਾਂਝੇ ਰਾਜ ਦੀ ਮੰਗ ਰੱਖ ਦਿੱਤੀ। ਇਸ ਮੰਗ ਦਾ ਸਿੱਧਾ ਮਤਲਬ ਸੀ ਕਿ ਸਾਨੂੰ ਇਸ ਦੇਸ਼ ਦੇ ਮਾਲਕ ਬਣਾ ਦਿੱਤਾ ਜਾਵੇ। ਪੂਰਨ ਆਜ਼ਾਦੀ ਦੀ ਮੰਗ ਰੱਖੀ ਗਈ ਸੀ, ਜੇਕਰ ਉਸ ਵਿਚ ਸਿੱਖ ਆਜ਼ਾਦੀ ਦੀ ਅਲੱਗ ਗੱਲ ਕੀਤੀ ਜਾਂਦੀ, ਉਹ ਗੱਲ ਵੱਖਰੀ ਸੀ ਪਰ ਉਸ ਵਿਚ ਹਿੰਦੂਵਾਦੀ ਦੀ ਆਜ਼ਾਦੀ ਤੋਂ ਬਿੰਨਾਂ ਕੁਝ ਵੀ ਨਹੀਂ ਲਿਖਿਆ ਸੀ। ਦੂਸਰੇ ਪਾਸੇ ਇਹ ਪ੍ਰਚਾਰ ਕੀਤਾ ਗਿਆ ਕਿ ਜੇਕਰ ਸਾਂਝਾ ਰਾਜ ਮਿਲਦਾ ਹੈ, ਤਾਂ ਹੀ ਸਿੱਖ ਪੂਰਨ ਆਜ਼ਾਦੀ ਨਾਲ ਰਹਿ ਸਕਦੇ ਹਨ ਪਰ ਹਿੰਦੂਵਾਦੀ ਨੇ ਉਸ ਦਾ ਨਾਮ ਹੀ ਇਸ ਤਰ੍ਹਾਂ ਦਾ ਰੱਖ ਦਿੱਤਾ ਸੀ ਕਿ ਜਿਸ ਨਾਉਂ ਨਾਲ ਸਿੱਖ ਗੁੰਮਰਾਹ ਹੋ ਜਾਣ। ਪਰ ਸਿੱਖਾਂ ਵਾਸਤੇ ਸੋਚਣ ਵਾਲੀ ਇਹ ਗੱਲ ਸੀ ਕਿ ਅੰਗਰੇਜ਼ ਤਾਂ ਸਾਨੂੰ ਵੱਖਰੀ ਆਜ਼ਾਦੀ ਦੇ ਰਹੇ ਹਨ, ਅਸੀਂ ਹਿੰਦੂਆਂ ਦੇ ਗੁਲਾਮ ਹੋ ਕੇ ਉਧਾਰੀ ਆਜ਼ਾਦੀ ਦੇ ਤੌਰ ’ਤੇ ਇਨ੍ਹਾਂ ਨਾਲ ਕਿਉਂ ਰਹਾਂਗੇ?

1920 ਵਿਚ ਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਹੇਠ ਕਈ ਜਿੱਤਾਂ ਪ੍ਰਾਪਤ ਕੀਤੀਆਂ, ਕਈ ਗੁਰਦੁਆਰੇ ਬਾਬੇ ਦੀ ਬੇਰ ਸਾਹਿਬ, ਪੰਜਾ ਸਾਹਿਬ ਆਦਿ ਗੁਰਦੁਆਰੇ ਅੰਗਰੇਜ਼ ਸਰਕਾਰ ਦਾ ਤਸ਼ੱਦਦ ਝੱਲਦੇ ਹੋਇਆਂ ਮਸੰਦਾਂ ਤੋਂ ਆਜ਼ਾਦ ਕਰਵਾਏ ਹਰੇਕ ਮੋਰਚੇ ਮੂਹਰੇ ਸਰਕਾਰ ਨੂੰ ਝੁਕਣਾ ਪਿਆ। ਇਸੇ ਹੀ ਸਾਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਇਸ ਧਾਰਮਿਕ ਕਮੇਟੀ ਨੂੰ ਕਈ ਰਾਜਨੀਤਿਕ ਮਸਲਿਆਂ ਦਾ ਸਾਹਮਣਾ ਕਰਨ ਲਈ ਇਕ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਈ। ਇਹ ਦੋਨੋਂ ਕਮੇਟੀਆਂ ਸਿੱਖਾਂ ਦੀ ਅਗਵਾਈ ਕਰ ਰਹੀਆਂ ਸਨ। ਇਨ੍ਹਾਂ ਦੇ ਹੋਂਦ ਵਿਚ ਆਜ਼ਾਦ ਹੋਇਆ। ਇਨ੍ਹਾਂ ਕੋਲ ਸਿਆਣਪ ਨਾਲ ਕੰਮ ਕਰਨ ਦਾ ਬਹੁਤ ਸਮਾਂ ਸੀ ਪਰ ਅਫ਼ਸੋਸ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਕਮੇਟੀ ਸਿੱਖਾਂ ਨੂੰ ਵੱਖਰੀ ਪੂਰਨ ਆਜ਼ਾਦੀ ਨਾ ਦਿਵਾ ਸਕੀ, ਨਾਲੇ ਸਿੱਖ ਮੂਹਰੇ ਹੋ ਕੇ ਤਨੋਂ, ਮਨੋਂ ਖ਼ੂਨ ਵਹਾ ਰਹੇ ਸਨ।

20 ਫ਼ਰਵਰੀ 1921 ਨੂੰ ਭਾਈ ਲਛਮਣ ਸਿੰਘ ਧਾਰੋਵਾਲ ਦੀ ਅਗਵਾਈ ਹੇਠ ਸਿੱਖ ਜਥੇ ਨੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਕਬਜ਼ੇ ਲਈ ਹੱਲਾ ਬੋਲ ਦਿੱਤਾ। ਜੱਥੇ ਦੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੁੰਦਿਆਂ ਸਾਰ ਹੀ ਮਹੰਤ ਨੇ ਪਹਿਲਾਂ ਬਣਾਈ ਵਿਉਂਤਬੰਦੀ ਅਨੁਸਾਰ ਗੁਰਦੁਆਰਾ ਸਾਹਿਬ ਅੰਦਰੋਂ ਬੰਦ ਕਰ ਦਿੱਤਾ। ਸਾਜਿਸ਼ ਦੇ ਅਧੀਨ ਗੁੰਡਿਆਂ ਨੇ ਸਿੰਘਾਂ ਨੂੰ ਹਥਿਆਰਾਂ, ਕੋਠੇ ’ਤੇ ਰੱਖੇ ਪੱਥਰਾਂ, ਟਕੂਏ ਆਦਿ ਸਮਾਨ ਨਾਲ ਅੰਦਰੇ ਹੀ ਸ਼ਹੀਦ ਕਰ ਦਿੱਤਾ, ਇਸ ਸਾਕੇ ਵਿਚ 130 ਸਿੰਘ ਸ਼ਹੀਦ ਹੋਏ।

3 ਮਾਰਚ ਨੂੰ ਨਨਕਾਣਾ ਸਾਹਿਬ ਸ਼ਹੀਦੀ ਸਮਾਗਮ ਵਿਚ ਮਹਾਤਮਾ ਗਾਂਧੀ ਵੀ ਪਹੁੰਚ ਗਿਆ। ਗਾਂਧੀ ਸ਼ਹੀਦੀ ਸਮਾਗਮ ਵਿਚ ਆਪ ਦਾ ਸਿਆਸੀ ਲਾਹਾ ਲੈਣਾ ਚਾਹੁੰਦਾ ਸੀ, ਉਸ ਨੇ ਇਸ ਨੂੰ ਜਲ੍ਹਿਆਂਵਾਲੇ ਬਾਗ਼ ਨਾਲੋਂ ਵੀ ਵੱਧ ਗਿਣੀ-ਮਿੱਥੀ ਸਾਜ਼ਿਸ਼ ਦੱਸ ਕੇ ਸਿਆਸੀ ਰੰਗਤ ਦੇ ਦਿੱਤੀ। ਉਸ ਨੇ ਕਿਹਾ, ਤੁਸੀਂ ਸਿਰਫ਼ ਆਜ਼ਾਦ ਭਾਰਤ ਵਿਚ ਹੀ ਆਜ਼ਾਦੀ ਦਾ ਆਨੰਦ ਮਾਣ ਸਕਦੇ ਹੋ।

ਮਹਾਤਮਾ ਗਾਂਧੀ ਨੇ ਫਿਰ ਕਿਹਾ, ਹੁਣ ਜੋ ਸਰਕਾਰ ਨੇ ਅਦਾਲਤੀ ਕਾਰਵਾਈ ਕਰਨੀ ਹੈ, ਉਸ ਦਾ ਜੇਕਰ ਸਿੱਖ ਬਾਈਕਾਟ ਕਰ ਦੇਣ ਤਾਂ ਮੈਂ ਸਿੱਖਾਂ ਵੱਲੋਂ ਬਣਾਈ ਕਮੇਟੀ ਦਾ ਪ੍ਰਧਾਨ ਬਣਨ ਨੂੰ ਤਿਆਰ ਹਾਂ। ਇਹ ਸ਼ਹੀਦੀਆਂ ਭਾਰਤ ਦੀ ਆਜ਼ਾਦੀ ਲਈ ਸਮਰਪਿਤ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦਾ ਭਾਸ਼ਣ ਦੇ ਕੇ ਸਿੱਖਾਂ ਦੇ ਜ਼ਖ਼ਮੀ ਹੋਏ ਦਿਲਾਂ ’ਤੇ ਮੱਲ੍ਹਮ ਦਾ ਕੰਮ ਲਈ ਗਾਂਧੀ ਸਿੱਖਾਂ ਨੂੰ ਭੜਕਾ ਗਿਆ।

16 ਮਾਰਚ, 1931 ਨੂੰ ਗੁਰਦੁਆਰਾ ਸਾਹਿਬ ਸੀਸ ਗੰਜ ਦਿੱਲੀ ਵਿਖੇ ਸਿੱਖਾਂ ਨੇ ਬਹੁਤ ਵੱਡਾ ਸਮਾਗਮ ਰੱਖਿਆ, ਜਿਸ ਵਿਚ ਮਹਾਤਮਾ ਗਾਂਧੀ ਨੂੰ ਵਿਸ਼ੇਸ਼ ਸੱਦਾ ਪੱਤਰ ਦੇ ਕੇ ਬੜੇ ਆਦਰ ਮਾਣ ਨਾਲ ਬੁਲਾਇਆ ਗਿਆ। ਮਹਾਤਮਾ ਗਾਂਧੀ ਨੂੰ ਸਿੱਖ ਲੀਡਰਾਂ ਨੇ ਕਿਹਾ, ਜੇਕਰ ਕਾਂਗਰਸ ਸਿੱਖਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਗਈ, ਫਿਰ ਸਿੱਖਾਂ ਦਾ ਕੀ ਬਣੇਗਾ? ਅਸੀ ਸਿੱਖਾਂ ਨੂੰ ਕੀ ਜਵਾਬ ਦੇਵਾਂਗੇ?

ਮਹਾਤਮਾ ਗਾਂਧੀ ਨੇ ਕਿਹਾ, “ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੈ, ਉਹ ਕੋਈ ਵੀ ਅਜਿਹਾ ਸੰਵਿਧਾਨ ਨਹੀਂ ਬਣਾਏਗੀ, ਜਿਸ ਨੂੰ ਸਿੱਖ ਪ੍ਰਵਾਨ ਨਾ ਕਰਨ, ਸਿੱਖਾਂ ਦਾ ਪੂਰਾ-ਪੂਰਾ ਖਿਆਲ ਰੱਖਿਆ ਜਾਵੇਗਾ, ਤੁਸੀਂ ਮੇਰੇ ’ਤੇ ਪੂਰਾ ਵਿਸ਼ਵਾਸ ਰੱਖੋ!”

ਸਿੱਖ ਅਜੇ ਅੰਗਰੇਜ਼ੀ ਰਾਜ ਤੋਂ ਮੁਕਤ ਤਾਂ ਨਹੀ ਹੋਏ ਸਨ ਪਰ 16 ਸਾਲ ਪਹਿਲਾਂ ਹੀ ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਨੂੰ ਪੁੱਛਣ ਲੱਗ ਪਏ ਸਨ, “ਸਾਡੇ ਨਾਲ ਧੋਖਾ ਤਾਂ ਨਹੀਂ ਕਰੋਗੇ?” ਜਿਹੜੇ ਅੰਗਰੇਜ਼ ਦੋਹੀ ਹੱਥੀਂ ਸਿੱਖਾਂ ਨੂੰ ਰਾਜ ਦੇ ਰਹੇ ਸਨ, ਉੱਧਰ ਤਾਂ ਇਨ੍ਹਾਂ ਦਾ ਖਿਆਲ ਹੀ ਨਾ ਗਿਆ ਕਿ ਆਪਣੀ ਅੰਗਰੇਜ਼ਾਂ ਪਾਸੋਂ ਆਜ਼ਾਦੀ ਪ੍ਰਾਪਤ ਕਰ ਲਈਏ।

ਇਸ ਤਰ੍ਹਾਂ ਕਰਦਿਆਂ 15 ਅਗਸਤ, 1947 ਦਾ ਦਿਨ ਆ ਗਿਆ ਪਰ ਅਕਾਲੀ ਲੀਡਰਾਂ ਦੀ ਅਕਲ ਤੋਂ ਪਰਦਾ ਨਾ ਚੁੱਕ ਹੋਇਆ। ਮਾਸਟਰ ਤਾਰਾ ਸਿੰਘ ਵਰਗਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਵਾਰਸਾਂ ਦੀ ਬਾਂਹ ਪੰਡਤ ਨਹਿਰੂ ਵਰਗਿਆਂ ਨੂੰ ਫੜਾ ਦਿੱਤੀ, ਜੋ ਵਾਅਦੇ ਕਰਦੇ ਸਨ, ਆਜ਼ਾਦ ਭਾਰਤ ਵਿਚ ਇਕ ਅਜਿਹੀ ਖਿੱਤਾ ਹੋਵੇਗੀ, ਜਿੱਥੇ ਸਿੱਖ ਆਜ਼ਾਦੀ ਨਾਲ ਰਹਿ ਸਕਣਗੇ। ਪਰ ਆਜ਼ਾਦੀ ਦੇ 77 ਸਾਲ ਬੀਤ ਜਾਣ ’ਤੇ ਵੀ ਸਿੱਖਾਂ ਨੂੰ ਉਹ ਖਿੱਤਾ ਹਜੇ ਤੱਕ ਨਹੀਂ ਲੱਭੀ।

# ਲੋੜ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਦਲ ਰਿਹਾ ਸਿਆਸੀ ਪਰਿਦ੍ਰਿਸ਼ ਸਮਝੇ

-ਡਾ ਸਤਿੰਦਰ ਪਾਲ ਸਿੰਘ
ਈ : 1716 , ਰਾਜਾਜੀਪੁਰਮ
ਲਖਨਊ : 226017
ਪੰਜਾਬ ਮੇਲ USA





ਸੰਸਦੀ ਲੋਕਤੰਤਰ ਵਿਚ ਸਫਲਤਾ ਦੇ ਮਿਆਰ ਸਦਾ ਹੀ ਬਦਲਦੇ ਰਹਿੰਦੇ ਹਨ। ਹਰ ਵਾਰ ਚੋਣਾਂ ਦੇ ਮੁੱਦੇ ਬਦਲ ਜਾਂਦੇ ਹਨ, ਚੋਣਾਂ ਵਿਚ ਜਿੱਤ ਦਾ ਢੰਗ ਬਦਲ ਜਾਂਦਾ ਹੈ। ਪੂਰੇ ਵਿਸ਼ਵ ਵਿਚ ਇਹੋ ਹੋ ਰਿਹਾ ਹੈ ਕਿਉਂਕਿ ਸੱਭਿਅਤਾ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੇ ਮਨੁੱਖ ਦੀਆਂ ਲੋੜਾਂ ਤੇ ਆਸ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਮਨੁੱਖ ਜੋ ਪੰਜ ਸਾਲ ਪਹਿਲਾਂ ਚਾਹੁੰਦਾ ਸੀ, ਜ਼ਰੂਰੀ ਨਹੀਂ ਕਿ ਅੱਜ ਦੀ ਵੀ ਲੋੜ ਹੋਵੇ। ਮਨੁੱਖ ਦੀ ਤਰਜੀਹ ਬਦਲਦੀ ਰਹਿੰਦੀ ਹੈ। ਜਿਸ ਸਿਆਸੀ ਦਲ ਅੰਦਰ ਬਦਲਾਵ ਦੀ ਇਸ ਨਬਜ਼ 'ਤੇ ਹੱਥ ਰੱਖਣ ਦੀ ਸੂਝ-ਬੂਝ ਹੋਵੇ, ਉਹ ਚੋਣਾਂ ਵਿਚ ਜੇਤੂ ਬਣ ਕੇ ਉਭਰਦਾ ਵੇਖਿਆ ਗਿਆ ਹੈ। ਭਾਰਤ ਜਿਹੇ ਵਿਸ਼ਾਲ ਦੇਸ਼ ਵਿਚ ਵੱਖ-ਵੱਖ ਸੱਭਿਆਚਾਰ, ਭੂਗੋਲ, ਜੀਵਨ ਪ੍ਰਣਾਲੀਆਂ ਹਨ। ਆਮ ਸਮਾਜਿਕ ਜਾਗਰੂਕਤਾ ਨੇ ਇਨ੍ਹਾਂ ਦੀਆਂ ਨਿੱਜ ਕਾਮਨਾਵਾਂ ਨੂੰ ਪੰਖ ਪਸਾਰਨ ਲਈ ਖੁੱਲ੍ਹਾ ਆਕਾਸ਼ ਦੇ ਦਿੱਤਾ ਹੈ। ਉਹ ਆਪਣੇ ਸੁਪਨੇ ਪੂਰੇ ਕਰਨ ਲਈ ਆਪਣੇ ਲੋਕਾਂ 'ਤੇ ਜ਼ਿਆਦਾ ਭਰੋਸਾ ਕਰ ਰਹੇ ਹਨ। ਇਹ ਇੱਕ ਵੱਡਾ ਕਾਰਣ ਹੈ, ਜਿਸ ਨੇ ਕੌਮੀ ਰਾਜਨੀਤਿਕ ਪਾਰਟੀਆਂ ਦੀ ਭੂਮਿਕਾ ਨੂੰ ਸੀਮਤ ਕਰ ਦਿੱਤਾ ਹੈ। ਵਰਤਮਾਨ ਸਿਆਸੀ ਦੌਰ ਖੇਤਰੀ ਪਾਰਟੀਆਂ ਦਾ ਹੈ। ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਲਗਭਗ ਸਾਰੇ ਖੇਤਰੀ ਦਲਾਂ ਨੇ ਚੰਗਾ ਪ੍ਰਦਰਸ਼ਨ ਕੀਤਾ ਹੈ। ਪੰਜਾਬ ਨੂੰ ਇਸ ਦਾ ਅਪਵਾਦ ਕਿਹਾ ਜਾ ਸਕਦਾ ਹੈ, ਜਦਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਹੀ ਨਹੀਂ, ਪੂਰੇ ਦੇਸ਼ ਦਾ ਸਭ ਤੋਂ ਪੁਰਾਤਨ ਖੇਤਰੀ ਦਲ ਹੈ। ਇਸ ਨੂੰ ਸੱਤਾ ਵਿਚ ਲੰਬੇ ਸਮੇਂ ਤੱਕ ਰਹਿਣ ਦਾ ਵੀ ਸੁਭਾਗ ਪ੍ਰਾਪਤ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਪਿਛੋਕੜ ਸਭ ਤੋਂ ਵੱਧ ਗੌਰਵਸ਼ਾਲੀ ਹੈ। ਇਹ ਦਲ ਜਿਸ ਤਰ੍ਹਾਂ ਲੋਕਾਂ ਦੀਆਂ ਭਾਵਨਾਵਾਂ ਦਾ ਤਰਜੁਮਾਨ ਬਣ ਕੇ ਹੋਂਦ ਵਿਚ ਆਇਆ, ਉਹ ਇਤਿਹਾਸਕ ਤੇ ਬੇਮਿਸਾਲ ਸੀ। ਅਕਾਲੀ ਦਲ ਨੇ ਲੋਕ ਮੁੱਦਿਆਂ ਨੂੰ ਆਪਣੇ ਮੁੱਦੇ ਬਣਾਇਆ, ਜਿਸ ਕਾਰਨ ਉਸ ਨੂੰ ਵਿਆਪਕ ਲੋਕ ਸਮਰਥਨ ਪ੍ਰਾਪਤ ਹੋਇਆ। ਸਿੱਖ ਬਹੁਗਿਣਤੀ ਖੇਤਰ ਵਿਚ ਉਸ ਦੀ ਪਛਾਣ ਪੰਥਕ ਦਲ ਦੀ ਬਣੀ। ਸਿੱਖ ਆਪਣੇ ਧਾਰਮਿਕ, ਸਮਾਜਕ ਪ੍ਰਸ਼ਨਾਂ ਲਈ ਗੰਭੀਰ ਸਨ। ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਪ੍ਰਸ਼ਨਾਂ ਨੂੰ ਸੰਬੋਧਤ ਕੀਤਾ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਦੀ ਆਬਾਦੀ ਦਾ ਸੰਤੁਲਨ ਲਗਾਤਾਰ ਨਵਾਂ, ਵੱਖਰਾ ਹੁੰਦਾ ਗਿਆ ਹੈ। ਬਹੁਗਿਣਤੀ ਲੋਕਾਂ ਦੇ ਵਿਦੇਸ਼ ਪ੍ਰਵਾਸ ਨੇ ਖ਼ਾਸ ਤੌਰ 'ਤੇ ਪੰਜਾਬ ਦੀਆਂ ਸਥਾਨਕ ਲੋੜਾਂ 'ਤੇ ਗਹਿਰਾ ਅਸਰ ਪਾਇਆ ਹੈ। ਜਦੋਂ ਤੱਕ ਪੁਰਾਣੀਆਂ ਪੀੜ੍ਹੀਆਂ ਜੀਵਤ ਸਨ, ਆਪਣੇ ਪਿਛੋਕੜ ਕਾਰਨ ਅਕਾਲੀ ਦਲ ਨੂੰ ਸੱਤਾ ਵਿਚ ਆਉਣ ਦਾ ਮੌਕਾ ਮਿਲਦਾ ਰਿਹਾ। ਹੁਣ ਉਹ ਸਮਾਂ ਨਹੀਂ ਰਿਹਾ। ਭਾਰਤ ਦੇ ਨਾਲ ਹੀ ਪੰਜਾਬ ਦੇ ਅੱਜ ਦੇ ਮਤਦਾਤਾ ਨੂੰ ਮੀਡੀਆ, ਸੋਸ਼ਲ ਮੀਡੀਆ ਨੇ ਜ਼ਿਆਦਾ ਜਾਗਰੂਕ ਬਣਾ ਦਿੱਤਾ ਹੈ। ਨੌਜਵਾਨ ਵੋਟਰਾਂ ਦੀ ਵੱਧਦੀ ਗਿਣਤੀ ਨੇ ਚੋਣਾਂ ਵਿਚ ਨਵੇਂ ਮੁੱਦੇ ਜ਼ਿਆਦਾ ਅਸਰਦਾਰ ਬਣਾ ਦਿੱਤੇ ਹਨ। ਪੰਜਾਬ ਵਿਚ ਇਸ ਬਦਲਾਵ ਨੂੰ ਸਿਰਫ ਆਮ ਆਦਮੀ ਪਾਰਟੀ ਨੇ ਸਮਝਿਆ। ਲੋਕਾਂ ਨੂੰ ਆਪਣੇ ਸਵਾਲਾਂ ਦਾ ਨਿਦਾਨ ਆਮ ਆਦਮੀ ਪਾਰਟੀ ਵਿਚ ਨਜ਼ਰ ਆਇਆ, ਜਿਸ ਦਾ ਨਾ ਕੋਈ ਸਿਆਸੀ ਅਨੁਭਵ ਸੀ, ਨਾ ਹੀ ਕੋਈ ਪਿਛੋਕੜ ਸੀ, ਜੋ ਪੰਜਾਬ ਨਾਲ ਮੇਲ ਖਾਂਦਾ ਹੋਵੇ। ਲੱਗਦਾ ਹੈ ਇਸ ਰਮਜ਼ ਨੂੰ ਸ਼੍ਰੋਮਣੀ ਅਕਾਲੀ ਦਲ ਅੱਜ ਤੱਕ ਸਮਝ ਨਹੀਂ ਪਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਕਮਜ਼ੋਰ ਹੁੰਦੇ ਜਾਣਾ ਹੈਰਾਨ ਕਰਨ ਵਾਲਾ ਹੈ। ਇਹ ਦੌਰ ਖੇਤਰੀ ਦਲਾਂ ਦਾ ਹੈ। ਇਹ ਦੌਰ ਘੱਟੋ-ਘੱਟ ਅਗਲੇ ਇੱਕ ਦਹਾਕੇ ਤੱਕ ਬਣਿਆ ਰਹਿ ਸਕਦਾ ਹੈ। ਦੱਖਣ ਦੇ ਸਾਰੇ ਪ੍ਰਾਂਤ ਖੇਤਰੀ ਦਲਾਂ ਦੀ ਮੋਢੀ ਭੂਮਿਕਾ ਨੂੰ ਸਵੀਕਾਰ ਕਰ ਚੁੱਕੇ ਹਨ। ਸੱਤਾ ਇੱਕ ਖੇਤਰੀ ਦਲ ਕੋਲ ਰਹੇ ਜਾਂ ਦੂਜੇ ਖੇਤਰੀ ਦਲ ਕੋਲ, ਦੱਖਣ ਦੀ ਸਿਆਸਤ ਇਸ ਵਿਚ ਹੀ ਸਿਮਟ ਕੇ ਰਹਿ ਗਈ ਹੈ। ਉੱਤਰ ਦੇ ਪ੍ਰਾਂਤਾਂ ਦੀ ਸਿਆਸਤ ਵਿਚ ਵੀ ਖੇਤਰੀ ਦਲ ਆਪਣਾ ਦਬਦਬਾ ਕਾਇਮ ਕਰ ਰਹੇ ਹਨ ਜਾਂ ਕੌਮੀ ਦਲਾਂ ਦੀ ਪਰੇਸ਼ਾਨੀ ਵਧਾ ਰਹੇ ਹਨ। ਕਿਉਂਕਿ ਇਹ ਸਾਰੇ ਦਲ ਨਵੇਂ ਲੋਕ ਮੁੱਦੇ ਉਠਾ ਰਹੇ ਹਨ, ਜੋ ਆਮ ਲੋਕਾਂ ਨਾਲ ਜੋੜਨ ਵਾਲੇ ਹਨ। ਸ਼੍ਰੋਮਣੀ ਅਕਾਲੀ ਦਲ ਇਸ ਦੌੜ ਵਿਚ ਸਭ ਤੋਂ ਪਿੱਛੇ ਹੈ ਕਿਉਂਕਿ ਨਾ ਹੀ ਉਸ ਦਾ ਸਵਰੂਪ ਸਪੱਸ਼ਟ ਹੈ, ਨਾ ਹੀ ਨੀਤੀਆਂ। ਉਸ 'ਤੇ ਸਭ ਤੋਂ ਵੱਡਾ ਦਬਾਅ ਪੰਥਕ ਹੋਣ ਤੇ ਦਿੱਸਣ ਦਾ ਹੈ। ਇਹ ਦਬਾਅ ਕਾਫੀ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ 'ਤੇ ਬਣਾਇਆ ਜਾ ਰਿਹਾ ਹੈ। ਪ੍ਰਤੀਤ ਹੁੰਦਾ ਹੈ ਕਿ ਅਜਿਹਾ ਦਬਾਅ ਬਣਾਉਣ ਵਾਲੇ ਉਹ ਤੱਤ ਹਨ, ਜਿਨ੍ਹਾਂ ਦਾ ਲੋਕਤੰਤਰ ਦੀ ਚੋਣ ਵਿਵਸਥਾ ਨਾਲ ਕਦੇ ਵੀ ਵਾਸਤਾ ਨਹੀਂ ਰਿਹਾ, ਨਾ ਹੀ ਇਸ ਦੀ ਸਮਝ ਹੈ। ਅਜਿਹੇ ਤੱਤ ਸੱਤਾ ਦਾ ਸੁੱਖ ਤਾਂ ਭੋਗਣਾ ਚਾਹੁੰਦੇ ਹਨ ਪਰ ਸੱਤਾ ਪ੍ਰਾਪਤੀ ਵਿਚ ਤਿਲ ਮਾਤਰ ਵੀ ਮਦਦਗਾਰ ਨਹੀਂ ਹੋ ਸਕਦੇ। ਵਰਤਮਾਨ ਲੋਕਤੰਤਰ ਪ੍ਰਣਾਲੀ ਵਿਚ ਹਰ ਸਿਆਸੀ ਦਲ ਦੀ ਹੋਂਦ ਤੇ ਤਾਕਤ ਸੱਤਾ ਪ੍ਰਾਪਤੀ 'ਤੇ ਮੁਨੱਸਰ ਕਰਦੀ ਹੈ। ਆਮ ਲੋਕ ਉਸ ਪਾਰਟੀ ਨਾਲ ਹੀ ਜੁੜਦੇ ਹਨ, ਜੋ ਸੱਤਾ ਵਿਚ ਹੋਵੇ ਜਾਂ ਉਸ ਦੀ ਸੱਤਾ ਵਿਚ ਆਉਣ ਦੀ ਸੰਭਾਵਨਾ ਹੋਵੇ। ਇਹ ਸ਼੍ਰੋਮਣੀ ਅਕਾਲੀ ਦਲ ਨੂੰ ਤੈਅ ਕਰਨਾ ਹੈ ਕਿ ਇਸ ਸੰਦਰਭ ਵਿਚ ਆਪਣੀ ਪੇਸ਼ਕਾਰੀ ਭਵਿੱਖ ਵਿਚ ਕਿਵੇਂ ਕਰੇਗੀ। ਉਹ ਆਪਣੇ ਆਪ ਨੂੰ ਪੰਥਕ ਦਲ ਸਿੱਧ ਕਰੇ ਜਾਂ ਪੰਜਾਬ ਦੇ ਖੇਤਰੀ ਦਲ ਵਜੋਂ ਸੱਤਾ ਦੀ ਦਾਅਵੇਦਾਰੀ ਪੇਸ਼ ਕਰੇ। ਸ਼੍ਰੋਮਣੀ ਅਕਾਲੀ ਦਲ ਦੀ ਫੌਰੀ ਲੋੜ ਹੈ ਕਿ ਇਸ ਦੁਵਿਧਾ ਤੋਂ ਬਾਹਰ ਆਵੇ। ਸੱਤਾ ਕਿਸੇ ਸਿਆਸੀ ਦਲ ਲਈ ਹੀ ਆਕਸੀਜਨ ਦਾ ਕੰਮ ਨਹੀਂ ਕਰਦੀ, ਉਸ ਦਲ ਨਾਲ ਜੁੜੇ ਖੇਤਰ, ਵਰਗ ਲਈ ਵੀ ਅਵਸਰ ਬਣ ਕੇ ਆਉਂਦੀ ਹੈ। ਸ਼੍ਰੋਮਣੀ ਅਕਾਲੀ ਦਲ ਸੱਤਾ ਵਿਚ ਰਿਹਾ, ਤਾਂ ਹੀ ਵਿਰਾਸਤ-ਏ-ਖਾਲਸਾ ਜਿਹੇ ਪ੍ਰੋਜੈਕਟ ਸਿੱਖ ਕੌਮ ਨੂੰ ਮਿਲ ਸਕੇ। ਜਦੋਂ ਤੱਕ ਇਹ ਦੁਵਿਧਾ ਦੂਰ ਨਹੀਂ ਹੁੰਦੀ, ਭਵਿੱਖ ਵਿਚ ਉਸ ਦੀਆਂ ਸੰਭਾਵਨਾਵਾਂ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੀ ਰਹੇਗਾ। ਸ਼੍ਰੋਮਣੀ ਅਕਾਲੀ ਦਲ ਇੱਕ ਸੁਤੰਤਰ ਸੰਸਥਾ ਹੈ। ਉਹ ਜੋ ਵੀ ਫੈਸਲਾ ਕਰੇ, ਘੱਟੋ-ਘੱਟ ਲੱਗੇ ਤਾਂ ਸਹੀ ਕਿ ਇਹ ਉਸ ਦਾ ਫੈਸਲਾ ਹੈ, ਜਿਵੇਂ ਬਾਕੀ ਸਿਆਸੀ ਦਲ ਕਰਦੇ ਹਨ।



ਸਵਾਲ ਇਹ ਵੀ ਹੈ ਕਿ ਪੰਥਕ ਹਿੱਤ ਕੀ ਪੰਜਾਬ ਤੱਕ ਹੀ ਸੀਮਤ ਹੈ। ਸਿੱਖ ਪੂਰੇ ਭਾਰਤ ਵਿਚ ਵੱਸਦੇ ਹਨ। ਸੰਸਾਰ ਦੇ ਲਗਭਗ ਹਰ ਦੇਸ਼ ਵਿਚ ਸਿੱਖ ਵੱਸੋਂ ਮਿਲ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਕੀ ਵਿਆਪਕ ਪੰਥਕ ਹਿੱਤ ਲਈ ਸਮਰੱਥ ਤੇ ਤਿਆਰ ਹੈ।

ਅੱਜ ਸ਼੍ਰੋਮਣੀ ਅਕਾਲੀ ਦਲ 'ਤੇ ਆਪਸੀ ਫੁੱਟ ਦੇ ਬੱਦਲ ਛਾਏ ਹੋਏ ਹਨ। ਜਿਨ੍ਹਾਂ ਨੇ ਇਹ ਵਿਵਾਦ ਆਰੰਭ ਕੀਤਾ ਹੈ, ਉਹ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਹਿੱਤ ਚਿੰਤਕ ਹੋ ਸਕਦੇ ਹਨ, ਨਾ ਹੀ ਪੰਜਾਬ ਦੇ। ਇਹ ਸਮਾਂ ਸੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਮਿਲ-ਬੈਠ ਕੇ ਸੋਚਣ ਤੇ ਲੋਕਾਂ ਵਿਚ ਜਾਣ ਦਾ। ਵਿਵਾਦ ਖੜ੍ਹੇ ਕਰਨ ਵਾਲੇ ਆਪ ਲੀਡਰਸ਼ਿਪ ਦਾ ਹਿੱਸਾ ਰਹੇ ਹਨ। ਨਾਕਾਮਯਾਬੀ ਦੇ ਜ਼ਿੰਮੇਵਾਰ ਇਹ ਵੀ ਹਨ। ਇੱਕਲੇ ਸਰਦਾਰ ਸੁਖਬੀਰ ਸਿੰਘ ਬਾਦਲ ਹੀ ਜ਼ਿੰਮੇਵਾਰ ਕਿਵੇਂ ਬਣਾਏ ਜਾ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਬਿਹਤਰੀ ਦੀ ਚਿੰਤਾ ਹੁੰਦੀ, ਤਾਂ ਆਪਣੀ ਜ਼ਿੰਮੇਵਾਰੀ ਵੀ ਕਬੂਲ ਕਰ ਆਪਸ ਵਿਚ ਵਿਚਾਰ-ਵਟਾਂਦਰੇ ਹੁੰਦੇ, ਪ੍ਰੈੱਸ ਕਾਨਫਰੰਸ ਦੀ ਲੋੜ ਨਾ ਪੈਂਦੀ। ਦਰਅਸਲ ਅਜਿਹੇ ਕਿਰਦਾਰ ਵਾਲੇ ਲੋਕ ਨਾਲ ਹੁੰਦਿਆਂ ਵੀ ਨਾਲ ਨਹੀਂ ਹੁੰਦੇ। ਅਕਾਲੀ ਦਲ ਦੇ ਅਜਿਹੇ ਇੱਕ ਲੀਡਰ ਨੇ ਸੰਨ 2019 ਦੀ ਚੋਣ ਹਾਰਨ ਤੋਂ ਬਾਅਦ ਕਿਹਾ ਸੀ ਕਿ ਜੇ ਬਾਦਲ ਦਾ ਨਾਮ ਨਾ ਜੁੜਿਆ ਹੁੰਦਾ, ਤਾਂ ਉਹ ਜਿੱਤ ਜਾਂਦੇ। ਦਿਲਚਸਪ ਇਹ ਕਿ 2024 ਦੀ ਚੋਣ ਵੀ ਉਹ ਅਕਾਲੀ ਦਲ ਤੋਂ ਹੀ ਲੜੇ ਤੇ ਫਿਰ ਹਾਰ ਗਏ। ਅਜਿਹੇ ਚਿਹਰੇ ਅਕਾਲੀ ਦਲ ਦਾ ਭਲਾ ਨਹੀਂ ਕਰ ਸਕਦੇ। ਇਹ ਵੀ ਵਿਚਾਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਨਾਲ ਕਿਨ੍ਹਾਂ ਸ਼ਕਤੀਆਂ ਨੂੰ ਤਾਕਤ ਮਿਲੇਗੀ।

ਭਾਰਤ ਵਿਚ ਖੇਤਰੀ ਦਲਾਂ ਨੇ ਆਪਣੀ ਥਾਂ ਬਣਾਉਣ ਲਈ ਮਿਹਨਤ ਕੀਤੀ ਹੈ। ਉਹ ਆਪਣੇ ਖੇਤਰ ਦੇ ਲੋਕਾਂ ਨੂੰ ਭਰੋਸਾ ਦਿਵਾਉਣ ਵਿਚ ਸਫਲ ਰਹੇ ਕਿ ਉਨ੍ਹਾਂ ਦਾ ਇੱਕੋ ਮਕਸਦ ਖੇਤਰ ਦੀ ਭਲਾਈ ਹੈ, ਜੋ ਉਹ ਸੱਤਾ ਵਿਚ ਆਉਣ ਤੋਂ ਬਾਅਦ ਕਰਨਗੇ। ਭਰੋਸਾ ਪੈਦਾ ਕਰਨ ਲਈ ਲਗਭਗ ਹਰ ਦਲ ਵਿਚ ਨੌਜਵਾਨ ਲੀਡਰਸ਼ਿਪ ਉਭਰ ਕੇ ਅੱਗੇ ਆਈ ਹੈ, ਜੋ ਉਤਸਾਹ ਨਾਲ ਭਰਪੂਰ ਹੈ, ਆਪਣੇ ਮਿਸ਼ਨ ਲਈ ਨਵੀਂ ਤਕਨੀਕ ਦਾ ਇਸਤੇਮਾਲ ਕਰਨ ਵਿਚ ਵਿਸ਼ਵਾਸ ਰੱਖਦੀ ਹੈ। ਲੋਕ ਹੁਣ ਪੁਰਾਣੇ, ਉਦਾਸ ਤੇ ਥੱਕੇ ਚਿਹਰੇ ਨਹੀਂ ਵੇਖਣਾ ਚਾਹੁੰਦੇ। ਸਥਾਪਿਤ ਲੋਕਾਂ ਦਾ ਮੋਹ ਛੱਡ ਕੇ ਸਫਲਤਾ ਹਾਸਲ ਕੀਤੀ ਜਾ ਰਹੀ ਹੈ ਕਿਉਂਕਿ ਰਾਜਨੀਤੀ ਹੁਣ ਵਿਰਾਸਤ ਦੀ ਮੁਥਾਜ ਨਹੀਂ ਰਹੀ। ਯੂ.ਪੀ. ਵਿਚ ਬਹੁਜਨ ਸਮਾਜ ਪਾਰਟੀ ਜਦੋਂ ਸੱਤਾ ਵਿਚ ਆਈ ਸੀ, ਤਾਂ ਇੱਕਦਮ ਨਵੇਂ ਅਤੇ ਸਾਧਾਰਨ ਉਮੀਦਵਾਰ ਚੁਣ ਕੇ ਆਏ ਸਨ, ਜਿਨ੍ਹਾਂ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਸੀ। ਦੂਜੀ ਗੱਲ ਇਹ ਕਿ ਲੀਡਰਸ਼ਿਪ ਉਹ ਕਾਮਯਾਬ ਹੋ ਰਹੀ ਹੈ, ਜੋ ਆਮ ਲੋਕਾਂ ਨਾਲ ਬਿਹਤਰੀਨ ਸੰਵਾਦ ਕਰਨ ਦੀ ਯੋਗਤਾ ਰੱਖਦੀ ਹੈ। ਜਿਸ ਦੀ ਭਾਸ਼ਾ ਲੋਕਾਂ ਦੇ ਦਿਲ ਵਿਚ ਉਤਰਦੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਫਲਤਾ ਚਾਹੀਦੀ ਹੈ, ਤਾਂ ਇਹ ਹਕੀਕਤ ਵੀ ਸਵੀਕਾਰ ਕਰਨੀ ਪਵੇਗੀ।

ਸ਼੍ਰੋਮਣੀ ਅਕਾਲੀ ਦਲ ਭਾਵੇਂ ਪੰਜਾਬ ਦੀ ਖੇਤਰੀ ਪਾਰਟੀ ਹੈ ਪਰ ਪੂਰੀ ਸਿੱਖ ਕੌਮ ਇਸ ਨਾਲ ਭਾਵਨਾਤਮਕ ਲਗਾਅ ਮਹਿਸੂਸ ਕਰਦੀ ਹੈ। ਪੰਜਾਬ ਤੋਂ ਬਾਹਰ ਦੇ ਸਿੱਖਾਂ ਦੇ ਆਪਣੇ ਮਸਲੇ ਹਨ, ਜਿਨ੍ਹਾਂ ਬਾਰੇ ਕੋਈ ਸਿਆਸੀ ਦਲ ਕਦੇ ਵੀ ਗੰਭੀਰ ਨਹੀਂ ਰਿਹਾ। ਅਕਾਲੀ ਦਲ ਦਾ ਕਮਜ਼ੋਰ ਹੋਣਾ ਉਨ੍ਹਾਂ ਨੂੰ ਵੀ ਨਿਰਾਸ਼ ਕਰਦਾ ਹੈ। ਇਹ ਵੀ ਸੱਚ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਤੋਂ ਇਲਾਵਾ ਬਾਕੀ ਪ੍ਰਾਂਤਾਂ ਦੇ ਸਿੱਖ ਮਸਲਿਆਂ ਦੀ ਕਦੇ ਵੀ ਚਿੰਤਾ ਨਹੀਂ ਕੀਤੀ, ਨਾ ਹੀ ਉਨ੍ਹਾਂ ਸਿੱਖਾਂ ਨਾਲ ਕੋਈ ਰਾਬਤਾ ਰੱਖਿਆ। ਇਸ ਤਰ੍ਹਾਂ ਉਸ ਨੇ ਆਪਣਾ ਵੱਡਾ ਭਾਵਨਾਤਮਕ ਆਧਾਰ ਗੁਆ ਦਿੱਤਾ ਹੈ। ਸਿਆਸਤ ਵਿਚ ਮਾਹੌਲ ਦੀ ਖ਼ਾਸ ਭੂਮਿਕਾ ਹੁੰਦੀ ਹੈ। ਜੇ ਸ਼੍ਰੋਮਣੀ ਅਕਾਲੀ ਦਲ ਨੇ ਪੂਰੇ ਦੇਸ਼ ਦੇ ਸਿੱਖਾਂ ਵਿਚ ਆਪਣੀ ਪੈਠ ਬਣਾਈ ਹੁੰਦੀ, ਤਾਂ ਭਾਈਚਾਰੇ ਦਾ ਇੱਕ ਬਿਰਤਾਂਤ ਸਿਰਜਿਆ ਜਾਂਦਾ। ਕੋਈ ਹੋਰ ਪਾਰਟੀ ਅਕਾਲੀ ਦਲ ਨੂੰ ਅਨਦੇਖਾ ਨਹੀਂ ਕਰ ਸਕਦੀ ਸੀ। ਅਕਾਲੀ ਦਲ ਆਪਣੀਆਂ ਸ਼ਰਤਾਂ 'ਤੇ ਰਾਜਨੀਤੀ ਕਰ ਸਕਦਾ ਸੀ।

ਮੁੱਕਦੀ ਗੱਲ ਇਹ ਕਿ ਸਿਆਸਤ ਅਪਾਰ ਸੰਭਾਵਨਾਵਾਂ ਦੀ ਖੇਡ ਹੈ। ਸਿਆਸਤ ਵਿਚ, ਖ਼ਾਸ ਤੌਰ 'ਤੇ ਚੋਣਾਂ ਦੀ ਸਿਆਸਤ ਵਿਚ ਵੱਡੇ ਉਤਾਰ-ਚੜ੍ਹਾਅ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਗਈ ਹੁੰਦੀ। ਬਦਲ ਰਹਿਆਂ ਸਥਿਤੀਆਂ ਨੂੰ ਸਮਝਣਾ ਤੇ ਸਮੇਂ ਨਾਲ ਚੱਲਣਾ ਹੀ ਸਫਲਤਾ ਦੇ ਦਰਵਾਜ਼ੇ ਖੋਲ੍ਹਦਾ ਹੈ।

# ਲੰਮੀ ਉਮਰ ਵਾਲੀ ਹੁੰਜ਼ਾ ਵਾਦੀ





-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA


ਪਾਕਿਸਤਾਨ ਦੀ ਹੁੰਜ਼ਾ ਵਾਦੀ ਦੇ ਵਸਨੀਕਾਂ ਦੀ ਔਸਤਨ ਉਮਰ 120 ਸਾਲ ਹੈ। ਜਦ ਉਹ 70-80 ਸਾਲ ਦੇ ਬਜ਼ੁਰਗ ਹੋ ਜਾਂਦੇ ਹਨ, ਤਾਂ ਉਹ ਕੇਵਲ 40-50 ਦੇ ਜਾਪਦੇ ਹਨ। ਉਥੇ ਹੁਣ ਤੱਕ ਵੱਧ ਤੋਂ ਵੱਧ ਉਮਰ 150 ਸਾਲ ਨੋਟ ਕੀਤੀ ਗਈ ਹੈ। ਸਿਹਤ-ਵਿਗਿਆਨੀਆਂ ਨੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਐਨੀ ਉਮਰ ਉਹ ਬਿਨ੍ਹਾਂ ਕਿਸੇ ਗੰਭੀਰ ਬਿਮਾਰੀ ਦੇ ਬਿਤਾਉਂਦੇ ਹਨ।

ਹੈਰਾਨੀ ਦੀ ਗੱਲ ਹੈ ਕਿ ਹੁੰਜ਼ਾ ਵਾਦੀ ਵਿਚ ਇਕ ਵੀ ਕੈਂਸਰ ਦਾ ਮਰੀਜ਼ ਨਹੀਂ ਹੈ। ਸਿਹਤ ਅਤੇ ਲੰਮੀ ਉਮਰ ਪੱਖੋਂ ਇਸ ਇਲਾਕੇ ਦਾ ਸਮੇਂ-ਸਮੇਂ ਜ਼ਿਕਰ ਛਿੜਦਾ ਰਿਹਾ ਹੈ। ਇਕ-ਦੋ ਕਾਬਾਂ ਵੀ ਇਥੋਂ ਦੀ ਜੀਵਨ-ਸ਼ੈਲੀ ਅਤੇ ਵਿਸ਼ੇਸ਼ਤਾਵਾਂ ਬਾਰੇ ਲਿਖੀਆਂ ਗਈਆਂ ਪਰੰਤੂ ਫਿਰ ਵੀ ਇਹ ਵਾਦੀ ਦੁਨੀਆਂ ਦੀਆਂ ਨਜ਼ਰਾਂ ਤੋਂ ਬਚੀ ਰਹੀ।

ਦੁਨੀਆਂ ਨੂੰ ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਉਦੋਂ ਪਤਾ ਲੱਗਾ, ਜਦੋਂ 1984 ਵਿਚ ਇਥੋਂ ਦਾ ਇਕ ਵਿਅਕਤੀ ਇੰਗਲੈਂਡ ਦੇ ਸ਼ਹਿਰ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਿਆ ਅਤੇ ਹਵਾਈ ਅੱਡੇ ਦੇ ਅਧਿਕਾਰੀ ਉਸਦੇ ਦਸਤਾਵੇਜ਼ ਚੈੱਕ ਕਰਨ ਲੱਗੇ। ਦਸਤਾਵੇਜ਼ ਵੇਖਦਿਆਂ ਉਹ ਹੈਰਾਨ ਪ੍ਰੇਸ਼ਾਨ ਰਹਿ ਗਏ ਕਿਉਂਕਿ ਉਸ ਵਿਅਕਤੀ ਦੀ ਜਨਮ ਮਿਤੀ 1832 ਲਿਖੀ ਹੋਈ ਸੀ। ਉਹ ਜਨਮ ਮਿਤੀ ਨੂੰ ਗਲਤ ਮੰਨ ਕੇ ਵਾਰ-ਵਾਰ ਚੈੱਕ ਕਰ ਰਹੇ ਸਨ। ਉਸ ਵਿਅਕਤੀ ਦਾ ਨਾਂ ਅਬਦੁਲ ਮੋਬਟ ਸੀ ਅਤੇ ਉਸਦੀ ਉਮਰ 152 ਸਾਲ ਸੀ। ਉਹ ਚੰਗਾ-ਭਲਾ ਉਨ੍ਹਾਂ ਦੇ ਸਾਹਮਣੇ ਖੜ੍ਹਾ ਸੀ।

ਉਦੋਂ ਉਸ ਵਿਅਕਤੀ ਦੀ ਅਤੇ ਹੁੰਜ਼ਾ ਵਾਦੀ ਦੀ ਦੁਨੀਆਂ ਭਰ ਵਿਚ ਚਰਚਾ ਹੋਈ ਕਿਉਂਕਿ ਇਸ ਸੰਬੰਧ ਵਿਚ ਬਹੁਤ ਸਾਰੇ ਮੁਲਕਾਂ ਵਿਚ ਲੇਖ ਪ੍ਰਕਾਸ਼ਿਤ ਹੋ ਗਏ ਸਨ।

ਹੈਰਾਨੀ ਦੀ ਗੱਲ ਹੈ ਕਿ ਅਜੇ ਵੀ ਬਹੁਤੀ ਦੁਨੀਆਂ ਹੁੰਜ਼ਾ ਵਾਦੀ ਅਤੇ ਉਥੋਂ ਦੇ ਲੋਕਾਂ ਦੀਆਂ ਵਿਲੱਖਣਤਾਵਾਂ ਤੋਂ ਅਨਜਾਣ ਹੈ। ਪੰਜ ਬਲੂ ਜੋਨਾਂ ਬਾਰੇ ਤਾਂ ਲੰਮੀ ਉਮਰ ਦੇ ਪ੍ਰਸੰਗ ਵਿਚ ਸਾਰੀ ਦੁਨੀਆਂ ਜਾਣਦੀ ਹੈ। ਉਨ੍ਹਾਂ ਬਾਰੇ ਢੇਰ ਸਾਰੀਆਂ ਕਿਤਾਬਾਂ ਮਿਲਦੀਆਂ ਹਨ। ਉਨ੍ਹਾਂ ਦੀਆਂ ਸਾਂਝੀਆਂ ਆਦਤਾਂ ਅਤੇ ਜੀਵਨ-ਸ਼ੈਲੀ ਸੰਬੰਧੀ ਅਨੇਕਾਂ ਖੋਜਾਂ ਹੋ ਚੁੱਕੀਆਂ ਹਨ ਅਤੇ ਬਕਾਇਦਾ ਲੰਮੀ ਉਮਰ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ 'ਬਲੂ ਜੋਨ' ਘੋਸ਼ਿਤ ਕੀਤਾ ਗਿਆ ਹੈ।

ਆਓ ਅੱਜ 'ਹੁੰਜਾ ਵੈਲੀ' ਦੇ ਵਸਨੀਕਾਂ ਦੀਆਂ ਆਦਤਾਂ ਅਤੇ ਜੀਵਨ-ਸ਼ੈਲੀ ਦੀ ਗੱਲ ਕਰਦੇ ਹਾਂ, ਜਿਸ ਸਦਕਾ ਉਹ ਲੰਮੀ ਪ੍ਰਸੰਨ ਬਿਮਾਰੀ ਮੁਕਤ ਉਮਰ ਭੋਗਦੇ ਹਨ।

ਹੁੰਜ ਵਾਦੀ ਉੱਤਰੀ ਪਾਕਿਸਤਾਨ ਦੇ ਕਾਰਾਕੋਰਮ ਪਹਾੜਾਂ ਵਿਚ ਸਥਿਤ ਹੈ। ਇਨ੍ਹਾਂ ਨੂੰ ਹੁੰਜਕੂਟਸ ਜਾਂ ਬਰੂਸ਼ੋ ਭਾਈਚਾਰਾ ਵੀ ਆਖਿਆ ਜਾਂਦਾ ਹੈ। ਇਨ੍ਹਾਂ ਦੀ ਭਾਸ਼ਾ ਬੁਰੂਸ਼ਾਸਕੀ ਹੈ। ਇਨ੍ਹਾਂ ਦੀ ਵਸੋਂ 87 ਹਜ਼ਾਰ ਦੇ ਕਰੀਬ ਹੈ।

ਹੁਣ ਤੱਕ ਦੀਆਂ ਖੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਇਨ੍ਹਾਂ ਲੋਕਾਂ ਦੀ ਲੰਮੀ ਉਮਰ ਦਾ ਰਾਜ, ਇਨ੍ਹਾਂ ਦੀ ਸਿਹਤ ਦਾ ਸਬੱਬ ਇਨ੍ਹਾਂ ਦੀ ਵਿਸ਼ੇਸ਼ ਸਿਹਤਮੰਦ ਖੁਰਾਕ ਅਤੇ ਕੁਦਰਤੀ ਜੀਵਨ-ਸ਼ੈਲੀ ਹੈ। ਇਹ ਲੋਕ ਧੁੱਪ ਵਿਚ ਸੁਕਾਏ ਅਖਰੋਟ ਅਤੇ ਖੁਰਮਾਨੀ ਹਰ ਰੋਜ਼ ਖਾਂਦੇ ਹਨ। ਖੁਰਮਾਨੀ ਵਿਚ ਬੀ-17 ਵਿਟਾਮਿਨ ਵਧੇਰੇ ਮਾਤਰਾ ਵਿਚ ਹੁੰਦਾ ਹੈ, ਜਿਹੜਾ ਐਂਟੀ-ਕੈਂਸਰ ਹੈ। ਇਹ ਲੋਕ ਵਧੇਰੇ ਕਰਕੇ ਫਲ਼, ਸਬਜ਼ੀਆਂ, ਅਨਾਜ, ਡਰਾਈ ਫਰੂਟ, ਦੁੱਧ ਅਤੇ ਪਨੀਰ ਦਾ ਸੇਵਨ ਕਰਦੇ ਹਨ। ਇਹ ਸਭ ਚੀਜ਼ਾਂ ਇਨ੍ਹਾਂ ਦੇ ਖੇਤਾਂ, ਬਾਗਾਂ ਅਤੇ ਘਰ ਵਿਚ ਕੁਦਰਤੀ ਢੰਗ ਨਾਲ ਉਗਾਈਆਂ, ਤਿਆਰ ਕੀਤੀਆਂ ਹੁੰਦੀਆਂ ਹਨ।

ਵਿਸ਼ੇਸ਼ ਤੌਰ 'ਤੇ ਵੱਡੀ ਗੱਲ ਇਹ ਸਾਹਮਣੇ ਆਈ ਕਿ ਹੁੰਜ਼ਾ ਵਾਦੀ ਦੇ ਲੋਕ ਸਾਲ ਵਿਚ 2-3 ਮਹੀਨੇ ਭੋਜਨ ਨਹੀਂ ਖਾਂਦੇ। ਇਸ ਦੌਰਾਨ ਉਹ ਕੇਵਲ ਵੱਖ-ਵੱਖ ਤਰ੍ਹਾਂ ਦਾ ਰਸ ਪੀਂਦੇ ਹਨ। ਵਧੇਰੇ ਕਰਕੇ ਉਹ ਦਿਨ ਵਿਚ ਦੋ ਵਾਰ ਖਾਣਾ ਖਾਂਦੇ ਹਨ। ਇਕ ਵਾਰ 11-12 ਵਜੇ ਅਤੇ ਦੂਸਰੀ ਵਾਰ ਸ਼ਾਮ 7 ਵਜੇ। ਖਾਣਾ ਖਾਣ ਤੋਂ ਬਾਅਦ ਸੈਰ ਜ਼ਰੂਰ ਕਰਦੇ ਹਨ ਅਤੇ ਥੋੜ੍ਹਾ ਖਾਂਦੇ ਹਨ।

ਲੰਮੀ ਨੀਂਦ ਲੈਂਦੇ ਹਨ। ਸਾਰਾ ਦਿਨ ਸਰਗਰਮ ਰਹਿੰਦੇ ਹਨ। ਕੁਝ ਨਾ ਕੁਝ ਕਰਦੇ ਰਹਿੰਦੇ ਹਨ। ਇਧਰ-ਉਧਰ ਤੋਰਾ-ਫੇਰਾ ਚੱਲਦਾ ਰਹਿੰਦਾ ਹੈ। ਮੇਲ ਜੋਲ ਅਤੇ ਭਾਈਚਾਰਾ ਬਣਾ ਕੇ ਰੱਖਦੇ ਹਨ। ਇਕ ਦੂਸਰੇ ਦੀ ਮਦਦ ਕਰਦੇ ਹਨ। ਸੰਗੀਤ-ਨਾਚ ਦੇ ਸ਼ੌਕੀਨ ਹਨ। ਕੁਦਰਤੀ ਵਾਤਾਵਰਨ ਵਿਚ ਰਹਿੰਦੇ ਹਨ। ਹਰਬਲ ਪੌਦਿਆਂ ਦਾ ਪ੍ਰਯੋਗ ਕਰਦੇ ਹਨ। ਅਖਰੋਟ ਅਤੇ ਖੁਰਮਾਨੀ ਦੇ ਨਾਲ-ਨਾਲ ਅਨਾਰ ਅਤੇ ਮੂਜੀ ਬੇਰੀ ਵੀ ਖੂਬ ਖਾਂਦੇ ਹਨ। ਛੋਟੀ ਇਲਾਇਚੀ ਵਾਹਵਾ ਵਰਤਦੇ ਹਨ। ਜਦੋਂ ਮਾਹਿਰ ਹੋਰ ਗਹਿਰਾਈ ਵਿਚ ਖੋਜ-ਪੜਤਾਲ ਕਰਦੇ ਗਏ, ਤਾਂ ਖੁਰਾਕ ਤੋਂ ਇਲਾਵਾ ਤਿੰਨ-ਚਾਰ ਹੋਰ ਪਹਿਲੂਆਂ ਨੇ ਉਨ੍ਹਾਂ ਦਾ ਧਿਆਨ ਖਿੱਚਿਆ। ਉਹ ਸਨ ਸਮਾਜਿਕ ਸਿਹਤ, ਰੂਹਾਨੀ ਸਿਹਤ, ਸ਼ਾਂਤਮਈ ਜੀਵਨ, ਮਜ਼ਬੂਤ ਇਮਿਊਨਿਟੀ ਅਤੇ ਕੁਦਰਤੀ ਪਾਣੀ।

ਸਮਾਜਿਕ ਮੇਲ-ਜੋਲ ਉਨ੍ਹਾਂ ਨੂੰ ਭਾਵਨਾਤਮਕ ਤੌਰ 'ਤੇ ਸੰਤੁਸ਼ਟ ਤੇ ਖੁਸ਼ ਰੱਖਦਾ ਹੈ। ਭਾਈਚਾਰੇ ਨਾਲ ਸ਼ਾਂਤ ਤੇ ਨਿੱਘੇ ਸੰਬੰਧ ਉਨ੍ਹਾਂ ਦਾ ਜੀਵਨ ਲੰਮੇਰਾ ਕਰਨ ਵਿਚ ਸਹਾਈ ਹੁੰਦੇ ਹਨ। ਅਰਥ ਭਰਪੂਰ ਸਿਹਤਮੰਦ ਤਾਲਮੇਲ, ਮਦਦ ਲੈਣ ਅਤੇ ਮਦਦ ਕਰਨ ਦੀ ਭਾਵਨਾ ਤੇ ਉਤਸ਼ਾਹ ਉਨ੍ਹਾਂ ਦੀ ਮਾਨਸਿਕ ਤੇ ਸਰੀਰਕ ਸਿਹਤ ਨੂੰ ਸਹੀ ਰੱਖਣ 'ਚ ਯੋਗਦਾਨ ਪਾਉਂਦੇ ਹਨ। ਖੋਜਾਂ ਦੱਸਦੀਆਂ ਹਨ ਕਿ ਇਕੱਲੇ ਤੇ ਅਲੱਗ-ਥਲੱਗ ਰਹਿਣ ਨਾਲ ਮਨੁੱਖ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ।

ਸਿਹਤ-ਵਿਗਿਆਨੀਆਂ ਨੇ ਲੰਮੀਆਂ ਖੋਜਾਂ ਉਪਰੰਤ ਸਮਝਿਆ ਅਤੇ ਸਿੱਟਾ ਕੱਢਿਆ ਕਿ ਰੂਹਾਨੀਅਤ ਦਾ ਸਿਹਤ 'ਤੇ ਹਾਂ-ਪੱਖੀ ਪ੍ਰਭਾਵ ਪੈਂਦਾ ਹੈ। ਵਿਅਕਤੀ ਆਪਣੀਆਂ ਜੜ੍ਹਾਂ ਨਾਲ, ਆਪਣੀ ਧਰਤੀ ਨਾਲ, ਆਪਣੇ ਆਲੇ-ਦੁਆਲੇ ਨਾਲ ਜੁੜਿਆ ਮਹਿਸੂਸ ਕਰਦਾ ਹੈ। ਵਰਤਮਾਨ ਵਿਚ ਜਿਉਂਦਾ ਹੈ। ਇਕਾਗਰਤਾ ਵੱਧਦੀ ਹੈ। ਅਮਰੀਕਾ ਦੇ ਸਿਹਤ-ਵਿਗਿਆਨੀਆਂ ਨੇ ਖੋਜ ਦੌਰਾਨ ਨੋਟ ਕੀਤਾ ਕਿ ਅਜਿਹੇ ਵਿਅਕਤੀਆਂ ਨੂੰ ਦਿਲ ਦੇ ਦੌਰੇ ਅਤੇ ਸਟਰੋਕ ਦੀ ਘੱਟ ਸੰਭਾਵਨਾ ਹੁੰਦੀ ਹੈ।

ਸ਼ਾਂਤਮਈ ਜੀਵਨ ਅਤੇ ਮਨ ਦੀ ਸ਼ਾਂਤੀ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਦੀ ਹੈ। ਭਾਵਨਾਵਾਂ ਤੇ ਸਥਿਤੀਆਂ ਇਸ ਵਿਚ ਵੱਡਾ ਰੋਲ ਨਿਭਾਉਂਦੀਆਂ ਹਨ। ਚਿੰਤਾ ਅਤੇ ਤਣਾਅ ਜੀਵਨ ਦੀ ਲੰਬਾਈ ਘਟਾਉਂਦੇ ਹਨ। ਜੀਵਨ ਦੇ ਕੁਦਰਤੀ ਵਹਾਅ ਵਿਚ ਵਹਿੰਦੇ ਹੁੰਜ਼ਾ ਵਾਸੀ ਇਨ੍ਹਾਂ ਤੋਂ ਬਚੇ ਰਹਿੰਦੇ ਹਨ। ਹੁੰਜ਼ਾ ਵਾਸੀ ਮਜ਼ਬੂਤ ਇਮਿਊਨਿਟੀ ਦੇ ਮਾਲਕ ਹਨ। ਇਸ ਲਈ ਉਹ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ ਅਤੇ ਵੱਡੀ ਉਮਰ ਵਿਚ ਵੀ ਇਹੀ ਮਜ਼ਬੂਤ ਇਮਿਊਨਿਟੀ ਸਿਸਟਮ ਉਨ੍ਹਾਂ ਦੇ ਕੰਮ ਆਉਂਦਾ ਹੈ। ਅਕਸਰ ਵੇਖਣ ਵਿਚ ਆਉਂਦਾ ਹੈ ਕਿ ਵਡੇਰੀ ਉਮਰ ਵਿਚ ਮਨੁੱਖ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਅਜਿਹੀਆਂ ਬਿਮਾਰੀਆਂ ਮਾਰਦੀਆਂ ਵੀ ਨਹੀਂ ਅਤੇ ਜ਼ਿੰਦਗੀ ਦੀ ਗੁਣਵਤਾ ਵੀ ਖੋਹ ਲੈਂਦੀਆਂ ਹਨ। ਅਜਿਹਾ ਕਮਜ਼ੋਰ ਇਮਿਊਨਿਟੀ ਕਾਰਨ ਵਾਪਰਦਾ ਹੈ।

ਹੁੰਜ਼ਾ ਵਾਦੀ ਦੁਨੀਆਂ ਦੇ ਉਨ੍ਹਾਂ ਲੋਕਾਂ ਲਈ ਆਕਰਸ਼ਨ ਦਾ ਕੇਂਦਰ ਹੈ, ਜਿਹੜੇ ਲੰਮਾ ਸਿਹਤਮੰਦ ਜੀਵਨ ਜਿਊਣਾ ਚਾਹੁੰਦੇ ਹਨ। ਉਹ ਉਸ ਖੁਰਾਕ, ਉਸ ਜੀਵਨ-ਸ਼ੈਲੀ, ਉਸ ਵਹਾਅ ਨੂੰ ਅਪਨਾਉਣਾ ਲੋਚਦੇ ਹਨ।

ਉਬੜ-ਖਾਬੜ ਭੂਗੋਲਿਕ ਬਣਤਰ ਕਾਰਨ ਉਥੋਂ ਦੇ ਲੋਕਾਂ ਦੀ ਰੋਜ਼ਾਨਾ ਸਖ਼ਤ ਕਸਰਤ ਹੋ ਜਾਂਦੀ ਹੈ। ਉੱਚੇ-ਨੀਵੇਂ ਰਾਹ-ਰਸਤੇ, ਉੱਚੀਆਂ-ਤਿੱਖੀਆਂ, ਉਚਾਣਾਂ ਢਲਾਣਾਂ ਅਤੇ ਖੇਤਾਂ ਘਰਾਂ ਤੱਕ ਪਹੁੰਚਣ ਲਈ ਲੰਮੀਆਂ ਵਾਟਾਂ। ਇਹ ਕਸਰਤ ਉਨ੍ਹਾਂ ਦੀ ਸਿਹਤ ਦੀ ਕੁੰਜੀ ਹੈ। ਤੋਰੇ-ਫੇਰੇ ਅਤੇ ਸਰੀਰਕ ਸਰਗਰਮੀ ਕਾਰਨ ਮਾਸ ਅਤੇ ਹੱਢੀਆਂ ਮਜ਼ਬੂਤ ਰਹਿੰਦੀਆਂ ਹਨ।

ਆਨੰਦ ਪ੍ਰਦਾਨ ਕਰਨ ਵਾਲੀਆਂ ਮਨੋਰੰਜਕ ਸਰਗਰਮੀਆਂ ਅਤੇ ਆਦਤਾਂ ਉਨ੍ਹਾਂ ਨੂੰ ਹਲਕਾ-ਫੁਲਕਾ ਅਤੇ ਤਰੋਤਾਜ਼ਾ ਰੱਖਦੀਆਂ ਹਨ।

# ਦੂਜਿਆਂ ਦੇ ਕੰਮ ਆਉਣ ਦਾ ਚਾਅ




-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955

ਪੰਜਾਬ ਮੇਲUSA


ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਊਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥"

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"


ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# 'ਦਿਲਾਂ ਦੀ ਜੂਹ'

## ਕਾਂਡ 23

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲUSA






ਅਗਲੇ ਦਿਨ ਇਕਬਾਲ ਸੰਗੀਤਾ ਨੂੰ ਘਰ ਲੈ ਆਇਆ।

ਸੰਗੀਤਾ ਪੜ੍ਹੀ-ਲਿਖੀ ਅਤੇ ਸੋਹਣੀ-ਸੁਣੱਖੀ ਕੁੜੀ ਸੀ। ਪਰ ਬਲਬੀਰ ਨੂੰ ਉਹ ਹੱਦੋਂ ਵੱਧ ਚਤਰ ਅਤੇ ਅੱਖ ਦੀ ਬੇਈਮਾਨ ਜਿਹੀ ਲੱਗੀ। ਬਹੁਤੀ ਹੀ 'ਲੁਤਰ-ਲੁਤਰ' ਕਰਨ ਵਾਲੀ ਕੁੜੀ...! ਉਹ ਗੱਲ ਬਲਬੀਰ ਸਿੰਘ ਨਾਲ ਕਰ ਰਹੀ ਸੀ ਅਤੇ ਤਿਰਛੀ ਨਜ਼ਰ ਨਾਲ ਦੇਖ ਵਾਰ-ਵਾਰ ਇਕਬਾਲ ਵੱਲ ਰਹੀ ਸੀ। ਪਰ ਬਲਬੀਰ ਸਿੰਘ ਨੇ ਇਸ ਨੂੰ ਆਪਣਾ ਭਰਮ ਜਿਹਾ ਮੰਨ ਲਿਆ। ਉਹ ਇਕਬਾਲ ਨਾਲੋਂ ਲੱਗਦੀ ਵੀ ਉਮਰ ਵਿਚ ਵੱਡੀ ਸੀ। ਪਰ "ਜਦ ਮੀਆਂ-ਬੀਵੀ ਰਾਜ਼ੀ, ਤੇ ਕੀ ਕਰੂਗਾ ਕਾਜ਼ੀ" ਵਾਲੀ ਕਹਾਵਤ ਵਾਂਗ ਬਲਬੀਰ ਸਿੰਘ ਨੇ ਇਹ ਉਮਰ ਦੀ ਵਿੱਥ ਵੀ ਪ੍ਰਵਾਨ ਕਰ ਲਈ ਸੀ। ਭਜਨ ਕੌਰ ਕੁਝ ਵੀ ਨਹੀਂ ਬੋਲੀ ਸੀ। ਉਹ ਤਾਂ ਖ਼ੂਬਸੂਰਤ ਸੰਗੀਤਾ ਵੱਲ ਦੇਖ-ਦੇਖ ਕੇ ਹੀ ਲਟਾ-ਪੀਂਘ ਹੋਈ ਪਈ ਸੀ। ਹਰ ਸੱਸ ਦਾ ਅਰਮਾਨ ਨੂੰਹ ਵਿਚ ਛੁਪਿਆ ਬੈਠਾ ਹੁੰਦਾ ਹੈ। ਭਜਨ ਕੌਰ ਉਤਸੁਕਤਾ ਵਿਚ ਸੰਗੀਤਾ ਦਾ ਮੂੰਹ ਚੁੰਮਣ ਵਾਲੀ ਹੋਈ ਪਈ ਸੀ। ਬਲਬੀਰ ਸਿੰਘ ਦੇ ਲਏ ਜਾਇਜ਼ੇ ਅਨੁਸਾਰ ਸੰਗੀਤਾ ਦਾ ਪ੍ਰੀਵਾਰ ਬਹੁਤਾ ਵੱਡਾ ਨਹੀਂ ਸੀ। ਸੰਗੀਤਾ, ਉਸ ਦਾ ਛੋਟਾ ਭਰਾ ਅਤੇ ਮਾਂ-ਬਾਪ, ਚਾਰ ਜੀਆਂ ਦਾ ਉਨ੍ਹਾਂ ਦਾ ਟੱਬਰ ਸੀ। ਪੜ੍ਹਾਈ ਦੇ ਨਾਲ-ਨਾਲ ਸੰਗੀਤਾ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਆਪਣੀ ਪੜ੍ਹਾਈ ਦਾ ਖ਼ਰਚਾ ਤੋਰ ਰਹੀ ਸੀ। ਸੰਗੀਤਾ ਦਾ ਬਾਪ ਇਕ ਛੋਟਾ-ਮੋਟਾ ਦੁਕਾਨਦਾਰ ਸੀ। ਉਸ ਦੀ ਆਮਦਨੀ ਸਿਰਫ਼ ਘਰ ਦਾ ਤੋਰਾ ਤੋਰਦੀ ਸੀ। ਬੱਚੇ ਆਪਣੇ ਸਿਰ 'ਤੇ ਹੀ ਪੜ੍ਹ ਰਹੇ ਸਨ। ਬਲਬੀਰ ਸਿੰਘ ਅਤੇ ਭਜਨ ਕੌਰ ਨੇ ਉਨ੍ਹਾਂ ਨੂੰ ਵਿਆਹ ਲਈ ਸਹਿਮਤੀ ਦੇ ਦਿੱਤੀ।

ਜਦ ਇਕਬਾਲ ਅਤੇ ਸੰਗੀਤਾ ਨੇ ਆਪਣੀ-ਆਪਣੀ ਪੜ੍ਹਾਈ ਪੂਰੀ ਕਰ ਲਈ, ਤਾਂ ਬਲਬੀਰ ਸਿੰਘ ਨੇ ਪਿੰਡ ਦੇ ਚਾਰ ਬੰਦੇ ਇਕੱਠੇ ਕਰਕੇ ਗੁਰਦੁਆਰੇ ਵਿਚ ਹੀ ਸੰਗੀਤਾ ਅਤੇ ਇਕਬਾਲ ਦੇ ਆਨੰਦ ਕਾਰਜ ਕਰ ਦਿੱਤੇ। ਨਾ ਕੋਈ ਬਰਾਤ ਗਈ ਅਤੇ ਨਾ ਕੋਈ ਵਾਧੂ ਖ਼ਰਚਾ ਕੀਤਾ ਗਿਆ। ਫ਼ਜ਼ੂਲ ਖ਼ਰਚੇ ਦੇ ਬਲਬੀਰ ਸਿੰਘ ਵੈਸੇ ਹੀ ਖ਼ਿਲਾਫ਼ ਸੀ। ਉਸ ਨੇ ਕਥਨੀ ਅਤੇ ਕਰਨੀ 'ਤੇ ਪੂਰਾ ਉੱਤਰ ਕੇ ਦਿਖਾ ਦਿੱਤਾ, ਅਰਥਾਤ ਆਪਣੇ ਇਕਲੌਤੇ ਪੁੱਤਰ ਦਾ 'ਸਾਦਾ' ਵਿਆਹ ਕਰ ਦਿੱਤਾ ਸੀ। ਭਜਨ ਕੌਰ ਨੇ ਆਪਣੇ ਪਾਣੀ ਵਾਰਨ ਵਾਲੇ ਸੱਸ ਵਾਲੇ ਚਾਅ ਜ਼ਰੂਰ ਪੂਰੇ ਕਰ ਲਏ ਸਨ।

ਵਿਆਹ ਤੋਂ ਬਾਅਦ ਦੋ ਕੁ ਹਫ਼ਤੇ ਤਾਂ ਸੰਗੀਤਾ ਸੱਸ ਸਹੁਰੇ ਨੂੰ "ਬੀਜੀ-ਪਾਪਾ ਜੀ" ਕਰਦੀ ਰਹੀ। ਪਰ ਉਸ ਤੋਂ ਬਾਅਦ ਉਸ ਨੇ ਆਪਣੇ 'ਰੰਗ' ਦਿਖਾਉਣੇ ਸ਼ੁਰੂ ਕਰ ਦਿੱਤੇ। ਇਕਬਾਲ ਦੇ ਸਾਹਮਣੇ ਤਾਂ ਉਹ ਆਪਣਾ ਵਤੀਰਾ ਸੂਖ਼ਮ ਅਤੇ ਸੁਹਾਵਣਾ ਰੱਖਦੀ। ਪਰ ਜਦ ਇਕਬਾਲ ਬਾਹਰ ਚਲਿਆ ਜਾਂਦਾ, ਤਾਂ ਉਹ ਸੱਸ ਨਾਲ ਬਦਤਮੀਜ਼ੀ ਕਰਦੀ ਅਤੇ ਮੂੰਹ ਨਾ ਬੋਲਦੀ। ਉਸ ਦੇ ਨਿੱਕੇ-ਨਿੱਕੇ ਕੰਮ ਵਿਚ ਨਿਘੋਚਾਂ ਕੱਢਦੀ ਅਤੇ ਗੱਲ-ਗੱਲ 'ਤੇ ਟੋਕਦੀ। ਹੋਰ ਤਾਂ ਹੋਰ, ਉਹ ਸੱਸ ਦੀ ਬਣਾਈ ਚਾਹ ਉਸ ਦੇ ਸਾਹਮਣੇ ਡੋਲ੍ਹ ਕੇ, ਹੋਰ ਚਾਹ ਬਣਾਉਂਦੀ ਅਤੇ ਸੱਸ ਦੀ ਬਣਾਈ ਚਾਹ ਨੂੰ ਮੂੰਹ ਤੱਕ ਨਾ ਲਾਉਂਦੀ। ਉਹ ਸੱਸ ਵਿਚੋਂ 'ਮੁਸ਼ਕ' ਆਉਣ ਦੀ ਸ਼ਿਕਾਇਤ ਕਰਦੀ। ਕਦੇ-ਕਦੇ 'ਅਨਪੜ੍ਹ' ਅਤੇ 'ਉਜੱਡ' ਸ਼ਬਦ ਵੀ ਵਰਤ ਜਾਂਦੀ। 'ਬੇਵਕੂਫ਼ ਲੋਕ' ਲਫ਼ਜ਼ ਤਾਂ ਉਸ ਦੇ ਜਿਵੇਂ ਮੂੰਹ 'ਤੇ ਪਿਆ ਸੀ। ਬਜ਼ੁਰਗਾਂ ਦੀ ਇੱਜ਼ਤ ਕਰਨੀ ਤਾਂ ਉਹ ਜਿਵੇਂ ਜਾਣਦੀ ਹੀ ਨਹੀਂ ਸੀ।

ਭਜਨ ਕੌਰ ਅੰਦਰੋਂ ਅਥਾਹ ਦੁਖੀ ਸੀ। ਪਰ ਉਹ ਆਪਣਾ ਸੰਤਾਪ ਫ਼ਰੋਲ ਕੇ ਬਲਬੀਰ ਸਿੰਘ ਅਤੇ ਇਕਬਾਲ ਨੂੰ ਦੁੱਖ ਨਹੀਂ ਦੇਣਾ ਚਾਹੁੰਦੀ ਸੀ। ਸ਼ਾਮ ਨੂੰ ਜਦ ਬਲਬੀਰ ਸਿੰਘ ਅਤੇ ਇਕਬਾਲ ਘਰ ਆਉਂਦੇ, ਤਾਂ ਮਾਹੌਲ ਫ਼ਿਰ 'ਸਾਂਵਾਂ' ਜਿਹਾ ਹੋ ਤੁਰਦਾ। ਘੱਟੋ-ਘੱਟ ਉਨ੍ਹਾਂ ਸਾਹਮਣੇ ਸੰਗੀਤਾ ਆਪਣਾ ਵਿਵਹਾਰ ਠੀਕ ਰੱਖਦੀ। ਭਜਨ ਕੌਰ ਅੰਦਰੋ-ਅੰਦਰ ਖ਼ੁਰਦੀ ਜਾ ਰਹੀ ਸੀ। ਉਸ ਨੂੰ ਬੱਸ ਇੱਕੋ ਝੋਰਾ ਖਾਈ ਜਾ ਰਿਹਾ ਸੀ ਕਿ ਜਦ ਬਲਬੀਰ ਸਿੰਘ ਅਤੇ ਇਕਬਾਲ ਨੂੰ ਇਸ ਦੇ ਮਾੜੇ ਵਤੀਰੇ ਦਾ ਪਤਾ ਲੱਗੇਗਾ, ਫ਼ਿਰ ਪਤਾ ਨਹੀਂ ਕੀ ਪਰਲੋ ਆਵੇਗੀ...? ਇਸੇ ਗ਼ਮ ਵਿਚ ਉਹ ਦਿਨੋਂ-ਦਿਨ ਘੁਣ ਵਾਂਗ ਖਾਧੀ ਜਾ ਰਹੀ ਸੀ। ਉਹ ਇਸ ਰਾਜ਼ ਨੂੰ ਰਾਜ਼ ਹੀ ਰਹਿਣ ਦੇਣਾ ਚਾਹੁੰਦੀ ਸੀ। ਉਹ ਸੋਚਦੀ ਸੀ ਕਿ ਜੇ ਮੇਰੇ ਚੁੱਪ ਰਹਿਣ ਨਾਲ ਦਿਨ ਟੁੱਟਦੇ ਨੇ ਅਤੇ ਘਰ ਵਿਚ ਸ਼ਾਂਤੀ ਰਹਿੰਦੀ ਹੈ, ਤਾਂ ਚੁੱਪ ਰਹਿਣ ਵਿਚ ਹੀ ਫ਼ਾਇਦਾ ਹੈ! ਪਰ ਕੋਈ ਮਾਰਖੋਰਾ ਦਰਦ ਉਸ ਦੇ ਅੰਦਰ 'ਨਾਸੂਰ' ਬਣਦਾ ਜਾ ਰਿਹਾ ਸੀ।

-"ਪੁੱਤ ਅੱਜ ਮੇਰਾ ਸਰੀਰ ਜਿਹਾ ਠੀਕ ਨਹੀਂ, ਅੱਜ ਸੰਗਰਾਂਦ ਐ, ਚੱਲ ਆਪਾਂ ਨੂੰਹ ਸੱਸ ਗੁਰਦੁਆਰੇ ਈ ਚੱਲ ਆਈਏ...?" ਉਸ ਨੇ ਬੜੀ ਅਪਣੱਤ ਨਾਲ ਕਿਹਾ।

-"ਦੇਖ ਮਾਈ....! ਮੈਂ ਤੇਰੀ ਕੋਈ ਚੌਂਕੀਦਾਰ ਨੀ, ਬਈ ਮੈਂ ਕੁੱਤੇ ਵਾਂਗੂੰ ਤੇਰੀ ਸੰਗਲੀ ਫੜ ਕੇ ਗੁਰਦੁਆਰੇ ਨੂੰ ਧੂਹ ਤੁਰਾਂ...! ਜੇ ਗੁਰਦੁਆਰੇ ਜਾਣੈਂ, ਤਾਂ ਆਪ ਚਲੀ ਜਾਹ, ਦਫ਼ਾ ਹੋ...! ਨਹੀਂ ਮੇਰੀ ਜਾਨ ਦਾ ਸਿਆਪਾ ਨਾ ਕਰ...! ਸਾਨੂੰ ਆਪਣੀ ਜ਼ਿੰਦਗੀ ਜਿਉਣ ਦੇਹ...! ਪਤਾ ਨੀ ਮਰ ਕੇ ਸਾਡੇ ਮਗਰੋਂ ਕਦੋਂ ਲਹਿਣਗੇ ਇਹ ਦੋਵੇਂ ਜੀਅ...?" ਉਸ ਨੇ ਸਿਰੇ ਦੀ ਗੱਲ ਸੁਣਾ ਦਿੱਤੀ। ਅਖ਼ੀਰਲੀ ਸੁਣ ਕੇ ਭਜਨ ਕੌਰ ਦੇ ਦਿਲ ਵਿਚੋਂ ਟੀਸ ਉਠੀ, ਜੋ ਰੂਹ ਨੂੰ ਪੀੜ੍ਹ-ਪੀੜ੍ਹ ਕਰ ਗਈ ਅਤੇ ਭਜਨ ਕੌਰ ਦੀਆਂ ਅੱਖਾਂ ਅੱਗੇ ਅੰਧੇਰ ਛਾ ਗਿਆ। ਉਹ ਘੁਮੇਰ ਖਾ ਧਰਤੀ 'ਤੇ ਡਿੱਗ ਪਈ। ਨੂੰਹ ਨੇ ਰੌਲਾ ਪਾਇਆ ਤਾਂ ਆਂਢ-ਗੁਆਂਢ ਦੇ ਲੋਕ ਇੱਕਠੇ ਹੋ ਗਏ।

ਡਾਕਟਰ ਸੱਦਿਆ ਗਿਆ।

ਡਾਕਟਰ ਨੇ ਟੀਕਾ ਲਾ ਕੇ ਭਜਨ ਕੌਰ ਨੂੰ ਹਸਪਤਾਲ ਭੇਜਣ ਦੀ ਸਲਾਹ ਦੇ ਦਿੱਤੀ। ਬਲਬੀਰ ਸਿੰਘ ਨੂੰ ਖੇਤੋਂ ਬੁਲਾਇਆ ਗਿਆ ਅਤੇ ਭਜਨ ਕੌਰ ਨੂੰ ਹਸਪਤਾਲ ਲੈ ਗਏ।

ਜਦ ਇਕਬਾਲ ਘਰ ਆਇਆ ਤਾਂ ਉਸ ਨੂੰ ਮਾਂ ਦੇ ਹਸਪਤਾਲ ਹੋਣ ਦਾ ਪਤਾ ਲੱਗਿਆ।

-"ਕੀ, ਗੱਲ ਕੀ ਹੋ ਗਈ ਸੀ...?" ਇਕਬਾਲ ਨੇ ਸੰਗੀਤਾ ਨੂੰ ਪੁੱਛਿਆ।

-"ਰੱਬ ਜਾਣੇ ਇਕਬਾਲ ਜੀ, ਮੈਂ ਤਾਂ ਚਾਹ ਬਣਾ ਕੇ ਦੇਣ ਗਈ ਸੀ, ਵਿਚਾਰੀ ਬੈਠੀ-ਬੈਠੀ ਇਕ ਦਮ ਡਿੱਗ ਪਈ...!" ਸੰਗੀਤਾ ਰੋ ਪਈ। ਚਾਹੇ ਰੋਣਾ ਦਿਖਾਵੇ ਦਾ ਹੀ ਸੀ। ਪਰ ਇਕਬਾਲ ਨੇ ਉਸ ਨੂੰ ਬੁੱਕਲ ਵਿਚ ਲੈ ਲਿਆ। ਸੰਗੀਤਾ ਨੂੰ ਪਤਾ ਸੀ ਕਿ ਮਰਦ ਸਾਹਮਣੇ ਅੱਖਾਂ ਵਿਚ ਹੰਝੂ ਲੈ ਆਓ, ਮਰਦ ਜਿੰਨਾਂ ਵੀ ਮਰਜ਼ੀ ਪੱਥਰ ਦਿਲ ਹੋਵੇ, ਮੋਮ ਵਾਂਗ ਪਿਘਲ ਜਾਂਦਾ ਹੈ...!

-"ਸਭ ਠੀਕ ਹੋਜੂ...! ਚਿੰਤਾ ਨਾ ਕਰ, ਚੱਲ ਹਸਪਤਾਲ ਚੱਲੀਏ...!"

ਉਹ ਹਸਪਤਾਲ ਚਲੇ ਗਏ।

ਜਦ ਉਹ ਹਸਪਤਾਲ ਪਹੁੰਚੇ ਤਾਂ ਭਜਨ ਕੌਰ ਦੀ ਸੁਰਤ ਵਾਪਸ ਆ ਚੁੱਕੀ ਸੀ। ਬਲਬੀਰ ਸਿੰਘ ਸਿਰਹਾਣੇ ਬੈਠਾ ਸੀ ਅਤੇ ਕੋਲ ਬਜ਼ੁਰਗ ਡਾਕਟਰ ਖੜ੍ਹਾ ਸੀ। ਜਦ ਭਜਨ ਕੌਰ ਦੀ ਨਜ਼ਰ ਨੂੰਹ ਸੰਗੀਤਾ 'ਤੇ ਪਈ ਤਾਂ ਉਸ ਦੇ ਦਿਲ ਨੂੰ ਫ਼ਿਰ 'ਕੁਝ' ਹੋਇਆ ਅਤੇ ਉਹ ਕੰਬ ਕੇ ਫ਼ਿਰ ਬੇਹੋਸ਼ ਹੋ ਗਈ। ਸਮਝਦਾਰ ਡਾਕਟਰ ਨੇ ਇਕ ਦਮ ਸੰਗੀਤਾ ਵੱਲ ਦੇਖਿਆ। ਚਾਲੀ ਸਾਲਾਂ ਤੋਂ ਡਾਕਟਰੀ ਕਰਦਾ ਅਤੇ ਚੰਗੇ-ਮੰਦੇ ਲੋਕਾਂ ਵਿਚ ਵਿਚਰਦਾ ਡਾਕਟਰ ਭਜਨ ਕੌਰ ਦੀ ਅਸਲ 'ਮਰਜ਼' ਸਮਝ ਗਿਆ। ਸੰਗੀਤਾ ਡਾਕਟਰ ਦੀ ਘੋਖ਼ ਭਰੀ ਨਜ਼ਰ ਦੇਖ ਕੇ ਬੱਗੀ ਫ਼ੂਸ ਹੋ ਗਈ ਸੀ। ਉਹ ਡਾਕਟਰ ਦੇ ਸਾਹਮਣੇ ਫ਼ੋਕੀ ਹਮਦਰਦੀ ਵੀ ਨਾ ਜਤਾ ਸਕੀ।

ਡਾਕਟਰ ਨੇ ਭਜਨ ਕੌਰ ਦੀ ਨਾੜ ਵਿਚ ਟੀਕਾ ਲਾ ਦਿੱਤਾ ਅਤੇ ਉਨ੍ਹਾਂ ਤਿੰਨਾਂ ਨੂੰ ਆਪਣੇ ਦਫ਼ਤਰ ਲੈ ਗਿਆ।

-"ਤੁਹਾਡੇ ਘਰ ਵਿਚ ਕੌਣ-ਕੌਣ ਐ...?" ਡਾਕਟਰ ਨੇ ਬੇਬਵਾ ਸੁਆਲ ਕੀਤਾ। ਵੈਸੇ ਉਹ ਸਾਰੀ ਕਹਾਣੀ ਸਮਝੀ ਬੈਠਾ ਸੀ।

ਬਲਬੀਰ ਸਿੰਘ ਦੁੱਖ ਵਿਚ ਵੀ ਹੱਸ ਪਿਆ।

-"ਸੁੱਖ ਨਾ' ਚਾਰ ਈ ਤਾਂ ਅਸੀਂ ਜੀਅ ਐਂ ਜੀ...! ਮੇਰੇ ਨੂੰਹ ਪੁੱਤ, ਮੈਂ ਤੇ ਕਰਮਾਂ ਆਲ਼ੀ ਭਜਨ ਕੌਰ...!"

-"ਆਮ ਤੌਰ 'ਤੇ ਤਾਂ ਨੂੰਹ ਸੱਸ ਹੀ ਘਰ ਹੁੰਦੀਆਂ ਹੋਣਗੀਆਂ...?"

-"ਹਾਂ ਜੀ, ਥੋਨੂੰ ਤਾਂ ਪਤਾ ਈ ਐ ਬਈ ਬੰਦੇ ਤਾਂ ਕੰਮਾਂ ਕਾਰਾਂ 'ਚ ਘਰੋਂ ਬਾਹਰ ਤੁਰੇ ਫ਼ਿਰਦੇ ਰਹਿੰਦੇ ਐ, ਘਰ ਤਾਂ ਔਰਤਾਂ ਈ ਹੁੰਦੀਐਂ ਡਾਕਦਾਰ ਸਾਹਿਬ...!"

-"ਤੁਸੀਂ ਬਾਹਰ ਜਾਓ, ਤੇ ਮੈਂ ਨੂੰਹ ਰਾਣੀ ਨਾਲ ਗੱਲ ਕਰਨੀ ਚਾਹੁੰਨੈ...!" ਬਜ਼ੁਰਗ ਡਾਕਟਰ ਨੇ ਉਨ੍ਹਾਂ ਨੂੰ ਤੋਰਨ ਦੇ ਲਹਿਜ਼ੇ ਨਾਲ ਕਿਹਾ।

ਉਹ ਬਾਹਰ ਨਿਕਲ ਗਏ।

-"ਦੇਖ ਪੁੱਤ...! ਗੱਲ ਦਾ ਤੈਨੂੰ ਵੀ ਪਤੈ, ਤੇ ਮੈਨੂੰ ਵੀ...! ਮੈਂ ਤੁਹਾਡੇ ਘਰ 'ਚ ਕਲੇਸ਼ ਨਹੀਂ ਪਾਉਣਾ ਚਾਹੁੰਦਾ, ਇਸ ਲਈ ਚੁੱਪ ਹਾਂ...! ਮੇਰੇ ਕੋਲ ਬਥੇਰੇ ਲੋਕਾਂ ਦੇ ਗੁਪਤ ਰਹੱਸ ਨੇ, ਪਰ ਡਾਕਟਰ ਦਾ ਫ਼ਰਜ਼ ਹੁੰਦਾ ਹੈ ਉਨ੍ਹਾਂ ਰਹੱਸਾਂ ਨੂੰ ਗੁਪਤ ਰੱਖਣਾ...! ਮਾਤਾ ਜੀ ਚੰਗੇ-ਭਲੇ ਹੋ ਗਏ ਸੀ, ਪਰ ਬੇਟੇ ਤੁਹਾਨੂੰ ਦੇਖਦੇ ਹੀ ਉਹ ਫ਼ਿਰ ਬੇਹੋਸ਼ ਹੋ ਗਏ..! ਇਸ ਦਾ ਮਤਲਬ ਹੈ ਕਿ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਨ੍ਹਾਂ ਦੀ ਬਿਮਾਰੀ ਦਾ ਕਾਰਨ 'ਤੂੰ' ਹੀ ਹੈਂ, ਕੋਈ ਹੋਰ ਨਹੀਂ...!"

-"...............!" ਨਿਰੁੱਤਰ ਹੋ ਕੇ ਸੰਗੀਤਾ ਨੇ ਧੌਣ ਸੁੱਟ ਲਈ।

ਉਹ ਰੰਗੇ ਹੱਥੀਂ ਫ਼ਿੱਚੀ ਤੋਂ ਹੀ ਤਾਂ ਫ਼ੜੀ ਗਈ ਸੀ।

-"ਸੋਚ ਕਰ ਬੱਚੂ...! ਜੇ ਤੇਰੀ ਆਪਣੀ ਭਰਜਾਈ ਤੇਰੀ ਸਕੀ ਮਾਂ ਨਾਲ ਇਹ ਵਿਉਹਾਰ ਕਰੇ, ਜਰ ਲਵੇਂਗੀ..? ਦਿਲ ਦੁਖੀ ਹੋਊਗਾ ਨ੍ਹਾ ਤੇਰਾ...?"

ਸੰਗੀਤਾ ਨੇ 'ਹਾਂ' ਵਿਚ ਸਿਰ ਹਿਲਾਇਆ।

-"ਜੇ ਪਛਤਾਵਾ ਕਰਕੇ ਗ਼ਲਤੀ ਮੰਨ ਲਈਏ, ਇਸ ਵਰਗੀ ਰੀਸ ਨਹੀਂ ਹੁੰਦੀ...! ਘਰ ਉਜਾੜਨਾ ਜਾਂ ਵਸਾਉਣਾ ਔਰਤ ਦੇ ਵੱਸ ਹੁੰਦੈ...! ਘਰ ਦਾ 'ਰਿਮੋਟ' ਕੰਟਰੋਲ ਔਰਤ ਦੇ ਹੱਥ ਵਿਚ ਹੁੰਦੈ, ਉਹਨੂੰ ਅੱਗ ਲਾ ਦੇਵੇ, ਚਾਹੇ ਸਵਰਗ ਬਣਾ ਦੇਵੇ...! ਕੀ ਖੱਟ ਲਵੇਂਗੀ ਦਰਵੇਸ਼ ਸੱਸ ਨੂੰ ਤੰਗ ਕਰਕੇ...? ਉਹ ਤਾਂ ਕਿਸੇ 'ਤੇ ਵਾਧਾ ਕਰਨ ਵਾਲੀ ਔਰਤ ਲੱਗਦੀ ਨਹੀਂ...? ਯਾਦ ਰੱਖੀਂ, ਇਹ ਵਾਧੇ ਕਰਕੇ ਤੈਨੂੰ ਭਰਨੇ ਪੈਣੇਂ ਐਂ, ਪੁੱਤ...!"

ਸੰਗੀਤਾ ਚੁੱਪ ਸੀ।

-"ਮੈਨੂੰ ਇਕ ਪ੍ਰਚੱਲਤ ਗੱਲ ਯਾਦ ਆ ਗਈ, ਕੋਈ ਬੇਰਹਿਮ ਪੁੱਤ ਆਪਣੇ ਬਿਮਾਰ ਪਿਉ ਨੂੰ ਸਾਈਕਲ 'ਤੇ ਬਿਠਾ ਕੇ ਸੁੱਕ ਚੁੱਕੀ ਨਹਿਰ 'ਤੇ ਲੈ ਗਿਆ, ਤੇ ਬਾਪ ਨੂੰ ਸੁੱਕੀ ਨਹਿਰ ਦੇ ਕੰਢੇ ਬਿਠਾ ਕੇ ਲੱਗ ਪਿਆ ਨਹਿਰ ਦੇ ਵਿਚ ਟੋਆ ਪੁੱਟਣ, ਬਈ ਬਾਪੂ ਨੂੰ ਮਾਰ ਕੇ, ਏਥੇ ਹੀ ਦੱਬ ਕੇ ਜਾਨ ਛੁਡਾ ਲਊਂਗਾ...! ਖਹਿੜਾ ਛੁੱਟੂ..! ਬਾਪੂ ਉਸ ਨੂੰ ਟੋਆ ਪੁੱਟਦੇ ਨੂੰ ਦੇਖ, ਪੁੱਤ ਨੂੰ ਆਖਣ ਲੱਗਿਆ; ਪੁੱਤ ਏਥੇ ਨਹੀਂ ਥੋੜ੍ਹਾ ਜਿਹਾ ਅੱਗੇ ਪੱਟ, ਨਹਿਰ ਦੇ ਵਿਚਾਲੇ ਜੇ...! ਪੁੱਤ ਹੈਰਾਨ ਹੋ ਗਿਆ ਕਿ ਮੈਂ ਇਹਨੂੰ ਮਾਰ ਕੇ ਦੱਬਣ ਵਾਸਤੇ ਟੋਆ ਪੁੱਟੀ ਜਾ ਰਿਹੈਂ, ਤੇ ਇਹ ਮੈਨੂੰ ਅੱਗੇ ਪੱਟ, ਅੱਗੇ ਪੱਟ ਦੀ ਰਟ ਲਾਈ ਜਾਂਦੈ...? ਉਹ ਟੋਆ ਪੱਟਣਾ ਛੱਡ ਬਾਪੂ ਕੋਲ ਆ ਗਿਆ, ਕਹਿਣ ਲੱਗਿਆ, ਬਾਪੂ ਮੈਂ ਤਾਂ ਤੈਨੂੰ ਮਾਰ ਕੇ ਦੱਬਣ ਵਾਸਤੇ ਟੋਆ ਪੱਟਦੈਂ, ਪਰ ਤੂੰ ਆਪ ਈ ਮੈਨੂੰ ਆਖੀ ਜਾਨੈਂ ਕਿ ਐਥੇ ਨਾ ਪੱਟ, ਅੱਗੇ ਪੱਟ....? ਤਾਂ ਬਾਪੂ ਆਖਣ ਲੱਗਿਆ; ਪੁੱਤ ਮੇਰਿਆ, ਮੈਂ ਆਪਣੇ ਬਾਪ ਨੂੰ ਨਹਿਰ ਦੇ ਐਨ੍ਹ ਵਿਚਾਲ਼ੇ ਟੋਆ ਪੱਟ ਕੇ ਦੱਬਿਆ ਸੀ, ਮੈਂ ਬਾਪੂ ਵਾਲੀ ਜਗਾਹ 'ਤੇ ਹੀ ਮਰਨਾ ਚਾਹੁੰਨੈ, ਤਾਂ ਕਿ ਮੇਰਾ ਪਛਤਾਵਾ ਪੂਰਾ ਹੋ ਸਕੇ...! ਤਾਂ ਮੁੰਡਾ ਬਾਪੂ ਨੂੰ ਬਾਇੱਜ਼ਤ ਘਰ ਲੈ ਗਿਆ ਤੇ ਸੇਵਾ ਸ਼ੁਰੂ ਕਰ ਦਿੱਤੀ...। ਕਿਉਂ ਕਰ ਦਿੱਤੀ....? ਬਈ ਜੇ ਮੈਂ ਅੱਜ ਬਾਪੂ ਨੂੰ ਐਥੇ ਮਾਰ ਕੇ, ਐਸੇ ਨਹਿਰ 'ਚ ਦੱਬ ਗਿਆ, ਤਾਂ ਮੇਰਾ ਪੁੱਤ ਵੀ ਸ਼ਾਇਦ ਮੈਨੂੰ ਏਥੇ ਈ ਦੱਬ ਕੇ ਜਾਊਗਾ...! ਸੋ ਪੁੱਤਰਾ, ਤੇਰਾ ਅੱਜ ਤੱਕ ਕੀਤਾ ਕਰਾਇਆ ਧੱਕਾ-ਵਾਧਾ ਮੁਆਫ਼...! ਅੱਗੇ ਤੋਂ ਸੱਸ ਨੂੰ ਆਪਣੀ ਮਾਂ ਮੰਨ ਕੇ ਸੇਵਾ ਕਰ, ਨਹੀਂ ਸਵਰਗ ਨਰਕ ਕਿੱਤੇ ਉਪਰ ਨਹੀਂ ਪੁੱਤਰਾ...! ਤੈਨੂੰ ਐਥੇ ਹੀ ਕਰਨੀ ਦੀ ਭਰਨੀ ਪਊ...! ਜ਼ਿੰਦਗੀ ਲੰਮੀ ਐਂ, ਅੱਗੇ ਤੇਰੇ ਵੀ ਨੂੰਹਾਂ ਆਉਣਗੀਆਂ...! ਪੀਠਿਆ ਬੀਜ ਕਦੇ ਨਹੀਂ ਉਗਦਾ, ਤੇ ਦੁਖੀ ਮਨ 'ਚੋਂ ਕਦੇ ਸ਼ੁਭ ਅਸੀਸ ਨਹੀਂ ਨਿਕਲਦੀ...! ਇਕ ਗੱਲ ਯਾਦ ਰੱਖੀਂ ਪੁੱਤ...! ਦੁਖੀ ਦਿਲ ਦੀ ਦੁਰਸੀਸ ਦਰਗਾਹ ਜਾ ਵੱਜਦੀ ਐ, ਤੇ ਜਿੱਥੇ ਦੁਖੀ ਦਿਲ ਦੀ 'ਹਾਅ' ਫ਼ਿਰ ਗਈ, ਪਰਲੋ ਲਿਆ ਦਿੰਦੀ ਐ...!"

ਸੰਗੀਤਾ ਨੇ ਦਾਦੇ ਵਰਗੇ ਡਾਕਟਰ ਦੇ ਪੈਰ ਫੜ ਲਏ।

ਉਸ ਦਾ ਰੋਣਾ ਠੱਲ੍ਹਿਆ ਨਹੀਂ ਜਾ ਰਿਹਾ ਸੀ। ਪਛਤਾਵਾ ਉਸ ਲਈ 'ਹੌਲ' ਬਣ ਗਿਆ।

-"ਮੈਂ ਹੁਣ ਵਾਧਾ ਨਹੀਂ ਕਰਦੀ ਡਾਕਟਰ ਸਾਹਿਬ, ਪਰ ਮੈਨੂੰ ਇਕ ਵਾਰ ਮੁਆਫ਼ੀ ਦਿਵਾ ਦਿਓ....!"

-"ਜਦੋਂ ਪਛਤਾਵਾ ਕਰ ਲਿਆ ਤਾਂ ਸਦਨੇ ਕਸਾਈ ਵਰਗੇ ਗੁਣੀਂ-ਗਿਆਨੀ ਬਣ ਗਏ...! ਸੱਜਣ ਠੱਗ ਤੇ ਕੌਡੇ ਰਾਕਸ਼ਸ਼ ਵਰਗਿਆਂ ਨੂੰ ਮੁਆਫ਼ੀ ਮਿਲ ਗਈ, ਤੇਰਾ ਤਾਂ ਕਸੂਰ ਵੀ ਕੋਈ ਵੱਡਾ ਨਹੀਂ...! ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ, ਤਾਂ ਉਸ ਨੂੰ ਭੁੱਲਿਆ ਨਹੀਂ ਆਖਦੇ...!"

-"ਪਰ ਮੈਂ ਮੁਆਫ਼ੀ ਮੰਗੂੰ ਕਿਹੜੇ ਮੂੰਹ ਨਾਲ ਡਾਕਟਰ ਸਾਹਿਬ...? ਮੈਂ ਤਾਂ ਉਸ ਬੇਕਸੂਰ ਨੂੰ ਬਿਨਾਂ ਗੱਲੋਂ ਤੰਗ ਕਰਦੀ ਰਹੀ...? ਉਸ ਨੇ ਤਾਂ ਸਤਿਯੁਗੀ ਔਰਤ ਨੇ ਕਦੇ ਮੈਨੂੰ ਰੜਕਾਵੀਂ ਗੱਲ ਆਖੀ ਹੀ ਨਹੀਂ, ਸੱਸ ਦਾ ਰੋਲ ਤਾਂ ਉਸ ਨੇ ਨਿਭਾਇਆ ਹੀ ਨਹੀਂ, ਉਹ ਤਾਂ ਹਮੇਸ਼ਾ ਮੇਰੀ ਮਾਂ ਤੋਂ ਵੀ ਵੱਧ ਬਣ ਕੇ ਰਹੀ ਐ..! ਮੈਂ ਕਿਹੜੇ ਮੂੰਹ ਨਾਲ ਮੁਆਫ਼ੀ ਮੰਗਾਂ ਡਾਕਟਰ ਸਾਹਿਬ...?" ਉਸ ਦਾ ਫ਼ਿਰ ਗਲ ਭਰ ਆਇਆ।

-"ਦੇਖ ਪੁੱਤਰ...! ਦਿਲ ਦਰਿਆ ਲੋਕ ਵੱਡੇ-ਵੱਡੇ ਦੋਸ਼ੀਆਂ ਨੂੰ ਮੁਆਫ਼ ਕਰਦੇ ਆਏ ਐ, ਤੇਰੀ ਸੱਸ ਬਹੁਤ ਦਿਲ ਦਰਿਆ ਔਰਤ ਐ, ਤੇ ਉਹ ਤੈਨੂੰ ਜ਼ਰੂਰ ਮੁਆਫ਼ ਕਰੂਗੀ...!"

-"ਪਰ ਡਾਕਟਰ ਸਾਹਿਬ, ਇਕਬਾਲ ਜੀ ਨੂੰ ਤੇ ਮੇਰੇ ਸਹੁਰਾ ਸਾਹਿਬ ਨੂੰ ਕਿਸੇ ਗੱਲ ਦਾ ਪਤਾ ਨਾ ਲੱਗੇ, ਮੈਨੂੰ ਬਹੁਤ ਨਮੋਸ਼ੀ ਆਊਗੀ...!"

-"ਇਹ ਕੰਮ ਕਰ ਮੇਰੇ ਪੁੱਤਰ...! ਤੂੰ ਦਿਲੋਂ ਪਛਤਾਵਾ ਕੀਤੈ, ਤੇ ਦਿਲੋਂ ਪਛਤਾਵਾ ਕਰਨ ਵਾਲੇ ਨੂੰ ਤਾਂ ਰੱਬ ਵੀ ਮੁਆਫ਼ ਕਰ ਦਿੰਦੈ, ਚੱਲ ਤੁਰ ਮੇਰੇ ਨਾਲ....!"

...ਤੇ ਸੰਗੀਤਾ ਨਿਮਾਣੀ ਬਣੀ ਭਜਨ ਕੌਰ ਤੋਂ ਮੁਆਫ਼ੀ ਮੰਗਣ ਦੇ ਰੌਂਅ ਵਿਚ ਡਾਕਟਰ ਦੇ ਪਿੱਛੇ-ਪਿੱਛੇ ਤੁਰੀ ਜਾ ਰਹੀ ਸੀ। ਉਸ ਦੇ ਅੰਦਰਲਾ ਹੰਕਾਰੀ ਬੁੱਤ ਹੁਣ, ਮੋਮ ਬਣਿਆ 'ਮੁਆਫ਼ੀ-ਮੁਆਫ਼ੀ' ਪੁਕਾਰ ਰਿਹਾ ਸੀ..!....

-"ਉਸ ਤੋਂ ਬਾਅਦ ਸ਼ਾਂਤੀ ਰਹੀ ਫ਼ੇਰ..?" ਜੋਰਾ ਸਿੰਘ ਨੇ ਫ਼ੌਜੀ ਨੂੰ ਪੁੱਛਿਆ।

-"ਹਾਂ...! ਫ਼ੇਰ ਸ਼ਾਂਤੀ ਹੋਗੀ...! ਇੱਕ ਗੱਲ ਹੋਰ ਐ ਜੋਰਿਆ, ਕਈਆਂ ਨੂੰ ਮੱਤ ਵੀ ਦਿੱਤਿਆਂ ਤੋਂ ਆਉਂਦੀ ਐ..! ਅੰਦਰੋਂ ਨੀ ਔੜਦਾ ਕੁਛ...! ਤੂੰ ਵੀ ਫ਼ਿਕਰ ਨਾ ਕਰ, ਸਾਰਾ ਕੁਛ ਠੀਕ ਹੋਜੂ...!"

ਜੋਰਾ ਸਿੰਘ ਨੇ ਬੀਅਰ ਦੇ ਡੱਬੇ ਵਿਚੋਂ ਰਹਿੰਦੀਆਂ ਘੁੱਟਾਂ ਭਰ ਲਈਆਂ।

# ਆਜ਼ਾਦੀ ਦਿਹਾੜਾ : ਦੇਸ਼ ਦੀ ਵੰਡ ਲੱਖਾਂ ਲੋਕਾਂ ਦੇ ਕਤਲ ਅਤੇ ਉਜਾੜੇ ਦਾ ਕਾਰਨ ਬਣਿਆ

ਮੇਜਰ ਸਿੰਘ ਨਾਭਾ
ਮੋ. 94635-53962
ਪੰਜਾਬ ਮੇਲUSA

ਸ਼ਾਡੇ ਦੇਸ ਅੰਦਰ ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਆਜ਼ਾਦੀ ਪ੍ਰਾਪਤੀ ਕਰਨ ਲਈ ਇਨਸਾਨੀਅਤ ਦਾ ਨੀਚੇ ਪੱਧਰ ਉੱਪਰ ਜੋ ਲੂੰ ਕੰਡੇ ਖੜ੍ਹੇ ਕਰਨ ਵਾਲਾ ਘਾਣ ਹੋਇਆ, ਉਸ ਬਾਰੇ ਬਹੁਤ ਸਾਰਾ ਲਿਖਿਆ ਗਿਆ ਹੈ ਪਰ ਬਹੁਤਾ ਲਿਖਿਆ ਨਹੀਂ ਜਾ ਸਕਿਆ, ਬਹੁਤਾ ਸ਼ਬਦਾਂ ’ਚ ਸਮਾ ਸਕਣ ਦੇ ਯੋਗ ਵੀ ਨਹੀਂ। ਬ੍ਰਿਟਿਸ਼ ਸਰਕਾਰ ਨੇ ਲਾਰਡ ਮਾਊਂਟਬੇਟਨ ਪਲਾਨ 3 ਜੂਨ, 1947 ਨੂੰ ਜਿਹੜੀ ਕਿ ਦੇਸ਼ ਨੂੰ ਦੋ ਭਾਗਾਂ ’ਚ ਵੰਡਣ ਦੀ ਤਜ਼ਵੀਜ ਸੀ, ਅਨਾਊਂਸ ਕਰ ਦਿੱਤੀ। ਦੇਸ਼ ਦੀ ਵੰਡ ਦਾ ਫੈਸ਼ਲਾ 1 ਮਾਰਚ, 1947 ਨੂੰ ਲਾਰਡ ਮਾਊਂਟਬੈਟਨ ਦੁਆਰਾ ਲਿਆ ਗਿਆ ਸੀ। ਪੰਜਾਬ ਅਤੇ ਬੰਗਾਲ ਨੂੰ ਵੰਡਣ ਲਈ ਸਰ ਰੈਡਕਲਿਫ ਦੀ ਅਗਵਾਈ ਵਿਚ ਬਾਊਂਡਰੀ ਕਮਿਸ਼ਨ ਸਥਾਪਤ ਕੀਤਾ ਗਿਆ। ਅੰਗਰੇਜ਼ਾਂ ਨੇ ਜਾਂਦੇ-ਜਾਂਦੇ ਦੇਸ਼ ਨੂੰ ਧਰਮ ਦੇ ਨਾਂ ’ਤੇ ਵੰਡਣ ਦੀ ਤਜ਼ਵੀਜ਼ ਨੂੰ, ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ, ਦੇਸ਼ ਨੂੰ ਦੋ ਹਿੱਸਿਆਂ ’ਚ ਵੰਡ ਕੇ ਦੇਸ਼ ਨੂੰ ਕਮਜ਼ੋਰ ਕਰਨ ਦਾ ਕੰਮ ਕਰ ਗਏ, ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜ਼ਿਆਦਾ ਭੁਗਤਣਾ ਪਿਆ। ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ, ਜੋ ਸ਼ਬਦਾਂ ’ਚ ਬਿਆਨ ਕਰਨਾ ਸੰਭਵ ਨਹੀਂ। ਇਨ੍ਹਾਂ ਦਿਨਾਂ ਵਿਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ, ਹੱਸਦੇ-ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਦੂਜੀ ਥਾਂ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ, ਕਈ-ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ’ਤੇ ਆ ਕੇ ਵਸੇ। ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ’ਤੇ ਇੱਕਠੇ ਨਹੀਂ ਹੋ ਸਕੇ, ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ, ਨੇ ਹੱਸਦੇ-ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ, ਜੋ ਕਿ ਬੜਾ ਹੀ ਕਠਿਨ ਸੀ, ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ। ਜ਼ਮੀਨਾਂ, ਘਰ, ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ ’ਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ। ਰੇਲ ਗੱਡੀਆਂ ਵਿਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ। ਧੀਆਂ, ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ। ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਇਸ ਹਿਰਦੇ ਵਲੂੰਧਰਨ ਵਾਲੀ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ





ਪਹਿਲਾਂ ਹੀ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ। ਇਹ ਕਿਹੋ ਜਿਹਾ ਮੰਜ਼ਰ ਸੀ। ਕੁਰਸੀਆਂ ਉੱਪਰ ਬੈਠਣ ਵਾਲਿਆਂ ਨੂੰ ਕੀ ਪਤਾ ਇਨ੍ਹਾਂ ਪੀੜ੍ਹਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ। ਕਈਆਂ ਧੀਆਂ, ਭੈਣਾਂ ਅਤੇ ਮਾਤਾਵਾਂ ਨੇ ਖੂਹਾਂ, ਨਹਿਰਾਂ ਆਦਿ ’ਚ ਛਾਲਾਂ ਮਾਰ ਕੇ ਆਪ ਹੀ ਮਾੜੇ ਅਨਸਰਾਂ ਦੇ ਹੱਥ ਆਉਣ ਤੋਂ ਪਹਿਲਾਂ ਹੀ ਮੌਤ ਨੂੰ ਗਲੇ ਲਾਇਆ। ਨਹਿਰਾਂ, ਖੂਹਾਂ ਦਾ ਪਾਣੀ ਖੂਨ ਨਾਲ ਲਾਲ ਹੋ ਗਿਆ ਸੀ। ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਣਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ ਰਹੀ ਹੈ। ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ, ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ। ਉਨ੍ਹਾਂ ਅਭਾਗੇ ਲੋਕਾਂ ਦੀ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ। ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿਚ ਬਚ ਗਏ, ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ, ਉਹ ਤਾਂ ਉਹੀ ਹੀ ਜਾਣਦੇ ਹਨ। ਕਈ ਮਜਬੂਰੀ ਵਸ ਧਰਮ ਪਰਿਵਰਤਨ ਕਰਕੇ ਆਪਣੀਆਂ ਜਾਨਾਂ ਬਚਾ ਕੇ ਉਥੋਂ ਦੇ ਹੀ ਬਣ ਕੇ ਰਹਿ ਗਏ, ਜਦੋਂਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਖਿੰਡ-ਪੁੰਡ ਗਏ। ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਜ਼ਰੂਰ ਉਨ੍ਹਾਂ ਅੰਦਰ ਉਬਾਲੇ ਲੈ ਰਹੀ ਹੈ। ਉਨ੍ਹਾਂ ’ਚੋਂ ਬਹੁਤੇ ਇਸ ਸਮੇਂ ਇਸ ਦੁਨੀਆਂ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਹੁਣ ਤਾਂ ਕੋਈ ਵਿਰਲਾ ਹੀ ਬਚਿਆ ਹੋਵੇਗਾ। ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ। ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿੱਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ ’ਚ ਪ੍ਰਗਟ ਕੀਤਾ ਹੈ। ਔਰਤਾਂ ਨੂੰ ਜ਼ਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ, ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ/ਨਿਕਾਹ ਕਰਵਾ ਲਏ। ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ ’ਚ ਆ ਗਈ ਸੀ। ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿਚ ਵਾਹਵਾ ਸੀ। ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ ’ਚ ਸ਼ਰਨ ਦੇ ਕੇ ਰੱਖਿਆ ਕੀਤੀ। ਭਾਵੇਂ ਇਹ ਘਿਣਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ ’ਚ ਜਾ ਕੇ ਸ਼ਾਂਤ ਹੋਇਆ। ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ ’ਤੇ ਕਾਬਜ਼ ਹੋਣ ਦੀ ਤਾਕ ਸੀ, ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ। ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ, ਜਿਸ ਲਈ ਉਹ ਪੀੜਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ। ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ ’ਚ ਸ਼ਰੀਕ ਹੁੰਦੇ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਫਿਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ।

ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 ’ਚ ਦੁਬਾਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ’ਤੇ ਹੰਢਾਇਆ, ਜਿਸ ’ਚ ਉਨ੍ਹਾਂ ਦੇ ਘਰਾਂ ਨੂੰ, ਕਾਰੋਬਾਰਾਂ ਨੂੰ ਅੱਗਾਂ ਲਾਕੇ, ਲੁੱਟ ਕੇ ਪ੍ਰਸ਼ਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ, ਜਿਨ੍ਹਾਂ ਦੇ ਜ਼ਖਮ ਅਜੇ ਤੱਕ ਅੱਲ੍ਹੇ ਨੇ। ਸਰਕਾਰ ਨੇ ਉਨ੍ਹਾਂ ਪੀੜਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ। ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ। ਪਰ ਦੂਸਰੇ ਪਾਸੇ ਸਜ਼ਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ। ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ। ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦਭਾਵ ਦੇ ਮਦਦ ਕਰਨ ਦੀ ਪ੍ਰੰਪਰਾ ਜਾਰੀ ਰੱਖੀ ਹੋਈ ਹੈ। ਦੋਹਰੀ ਮਾਰ ਝੱਲਣ ਵਾਲੇ ਇਹ ਵਾਰ-ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ। ਸਰਕਾਰੀ ਅਧਿਕਾਰੀ, ਸਾਡੇ ਨੇਤਾ ਆਜ਼ਾਦੀ ਦਿਵਸ਼ ’ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱਲ਼ ਕਿਉਂ ਨਹੀਂ ਕਰਦੀ। ਇਨ੍ਹਾਂ ਪਰਿਵਾਰਾਂ ਦੇ ਪ੍ਰਤੀ ਵੀ ਇਨ੍ਹਾਂ ਦੇ ਦੁਖਾਂਤ ਨੂੰ ਚਿਤਾਰ ਕੇ ਵਿਛੜਿਆਂ ਮੈਂਬਰਾਂ ਨੂੰ ਸ਼ਰਧਾਂਜਲੀ ਦੇਣੀ ਚਾਹੀਦੀ ਹੈ, ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਹਿਰਦੇ ਕੁਝ ਸ਼ਾਂਤ ਹੋ ਜਾਣ, ਜਿਹੜੇ ਅਜੇ ਜਿਊਂਦੇ ਹਨ। ਹੌਲੀ-ਹੌਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ ’ਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ। ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ। ਸਰਕਾਰ ਨੂੰ ਇਸ ਵੱਲ ਧਿਆਨ ਦਿੰਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ। ਇੰਟਰਨੈੱਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ। ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ ’ਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ। ਕੇਂਦਰ ਸਰਕਾਰ ਵਿੱਤੀ ਪੈਕੇਜ ਹੋਰਾਂ ਰਾਜਾਂ ਨੂੰ ਵੱਡੇ ਪੱਧਰ ਉਪਰ ਬਜ਼ਟ ਵਿਚ ਦਿੰਦੀ ਹੈ, ਪਰ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ ਦੇਣ ਤੋਂ ਕੰਨੀਂ ਕਤਰਾ ਜਾਂਦੀ ਹੈ। ਬਾਰਡਰ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ’ਤੇ ਅਜੇ ਵੀ ਮੂਹਰਲੀ ਕਤਾਰ ’ਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ। ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ ਮਿਲਣ ਕਾਰਨ ਹੋਣਾ ਚਾਹੀਦਾ ਸੀ, ਉਹ ਨਾ ਮਿਲਣ ਸਦਕਾ ਓਨਾ ਵਿਕਾਸ ਪੰਜਾਬ ਦਾ ਨਹੀਂ ਹੋਇਆ, ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਰਹੇ ਹਨ।

# ਜ਼ਿੰਦਗੀ-ਮੌਤ ਦੀ ਜੰਗ ਲੜ ਰਿਹਾ ਗੀਤਕਾਰੀ ਦਾ ਬਾਦਸ਼ਾਹ ‘ਚਤਰ ਸਿੰਘ ਪਰਵਾਨਾ’

-ਸੁਰਜੀਤ ਜੱਸਲ
98146-07737
ਪੰਜਾਬ ਮੇਲUSA



ਸਮਾਂ ਕਦੇ ਇਕੋ ਜਿਹਾ ਨਹੀਂ ਰਹਿੰਦਾ। ਹਰੇਕ ਇੰਨਸਾਨ ਦੀ ਜ਼ਿੰਦਗੀ ਵਿਚ ਚੰਗਾ ਸਮਾਂ ਇੱਕ ਵਾਰ ਜ਼ਰੂਰ ਆਉਂਦਾ ਹੈ। ਜਿਸਨੂੰ ‘ਗੋਲਡਨ ਚਾਂਸ’ ਕਿਹਾ ਜਾਂਦਾ ਹੈ। ਜਿਹੜੇ ਇਸ ਸੁਨਿਹਰੇ ਸਮੇਂ ਦੀ ਕਦਰ ਕਰਨੀ ਸਿੱਖ ਜਾਂਦੇ ਹਨ, ਉਹ ਆਪਣਾ ਭਵਿੱਖ ਸੰਵਾਰ ਲੈਂਦੇ ਹਨ, ਜੋ ਨੀਂ ਕਰਦੇ ਉਨ੍ਹਾਂ ਪੱਲੇ ਸਾਰੀ ਉਮਰ ਦਾ ਪਛਤਾਵਾ ਰਹਿ ਜਾਂਦਾ ਹੈ। ਅੱਜ ਇਸ ਲੇਖ ਦੀ ਸ਼ੁਰੂਆਤ ਕੁਝ ਅਜਿਹੇ ਲੋਕਾਂ ਦੇ ਜ਼ਿਕਰ ਨਾਲ ਕਰ ਰਹੇ ਹਾਂ, ਜਿਨ੍ਹਾਂ ਨੇ ਆਪਣੇ ਸੁਨਿਹਰੇ ਦੌਰ ਦੀ ਕਦਰ ਨਹੀਂ ਕੀਤੀ ਤੇ ਉਨ੍ਹਾਂ ਦਾ ਅੰਤ ਦੁਨੀਆਂ ਲਈ ‘ਕੌੜੀ ਨਸੀਅਤ’ ਬਣ ਗਿਆ। ਪੰਜਾਬੀ ਸੰਗੀਤਕ ਖੇਤਰ ਵਿਚ ਗੀਤਕਾਰ ਸਨਮੁੱਖ ਸਿੰਘ ਆਜ਼ਾਦ, ਮਿਰਜ਼ਾ ਸੰਗੋਵਾਲੀਆਂ ਅਜਿਹੇ ਵੱਡੇ ਗੀਤਕਾਰ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਗੀਤਕਾਰੀ ਵਿਚ ਅੰਤਰਰਾਸ਼ਟਰੀ ਪੱਧਰ ਦੀ ਪ੍ਰਸਿੱਧੀ ਹਾਸਲ ਕੀਤੀ ਪਰ ਅਫ਼ਸੋਸ ਕਿ ਉਨ੍ਹਾਂ ਇਸ ਖੇਤਰ ਵਿਚ ਸਿਰਫ਼ ਨਾਮ ਹੀ ਕਮਾਇਆ, ‘ਨਾਮਾ’ ਨਹੀਂ। ਅਜਿਹੇ ਹੀ ਗੀਤਕਾਰਾਂ ਵਿਚ ਇੱਕ ਹੋਰ ਨਾਂ ਹੈ ‘ਚਤਰ ਸਿੰਘ ਪਰਵਾਨਾ’, ਜੋ ਅੱਜ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਿਹਾ ਹੈ। ਸੰਗੀਤ ਜਗਤ ਨਾਲ ਜੁੜੇ ਬਹੁਤੇ ਲੋਕ ਜਾਣਦੇ ਹਨ ਕਿ ਚਤੁਰ ਸਿੰਘ ਪਰਵਾਨਾ ਪਿਛਲੇ ਕਈ ਸਾਲਾਂ ਤੋਂ ਗੁਰਬਤ ਭਰੀ ਜ਼ਿੰਦਗੀ ਜੀਅ ਰਿਹਾ ਸੀ। ਹੁਣ ਪਿਛਲੇ ਕੁਝ ਸਮੇਂ ਤੋਂ ਉਸਦੀ ਸਿਹਤ ਐਨੀ ਜ਼ਿਆਦਾ ਵਿਗੜ ਗਈ ਕਿ ਉਹ ਰੋਟੀ-ਪਾਣੀ ਵੀ ਛੱਡ ਗਿਆ। ਉਸਦੇ ਮੁੰਡਿਆਂ ਨੇ ਹਸਪਤਾਲ ਦਾਖਲ ਕਰਵਾਇਆ ਤਾਂ ਡਾਕਟਰਾਂ ਨੇ ‘ਸੇਵਾ ਕਰ ਲਓ’ ਕਹਿ ਕੇ ਘਰੇ ਮੋੜ ਦਿੱਤਾ। ਉਸਦੇ ਮੁੰਡੇ ਆਪਣੀ ਹੈਸੀਅਤ ਮੁਤਾਬਕ ਪੂਰੀ ਵਾਅਹ ਲਾ ਰਹੇ ਹਨ।

ਚਾਰ ਦਹਾਕੇ ਤੋਂ ਵੱਧ ਸਮਾਂ ਗਾਇਕੀ ਖੇਤਰ ਵਿਚ ਰਾਜ ਕਰਨ ਵਾਲਾ ਗੀਤਕਾਰ ਚਤਰ ਸਿੰਘ ਪਰਵਾਨਾ ਆਪਣੇ ਦੌਰ ਵਿਚ ਸਭ ਤੋਂ ਵੱਧ ਰਿਕਾਰਡ ਹੋਣ ਵਾਲਾ ਤੇ ਗੀਤਾਂ ਦੀ ਚੰਗੀ ਰਿਆਲਟੀ ਲੈਣ ਵਾਲੇ ਗੀਤਕਾਰ ਰਿਹਾ ਹੈ। ਆਪਣੇ ਉਸ ਸਮੇਂ ਦਾ ਕੋਈ ਹੀ ਅਜਿਹਾ ਗਾਇਕ ਹੋਵੇਗਾ, ਜਿਸਨੇ ਚਤਰ ਸਿੰਘ ਪਰਵਾਨੇ ਦੇ ਗੀਤਾਂ ਨੂੰ ਨਾ ਗਾਇਆ ਹੋਵੇ। ਰਾਜਿੰਦਰ ਰਾਜਨ, ਨਰਿੰਦਰ ਬੀਬਾ, ਹਰਚਰਨ ਗਰੇਵਾਲ, ਸੀਮਾ, ਸੁਰਿੰਦਰ ਕੌਰ, ਰਮੇਸ਼ ਰੰਗੀਲਾ, ਕਰਮਜੀਤ ਧੂਰੀ, ਗੁਰਦਿਆਲ ਨਿਰਮਾਣ ਧੂਰੀ ਆਦਿ ਉਹ ਕਲਾਕਾਰ ਹਨ, ਜਿਨ੍ਹਾਂ ਨੇ ਪਰਵਾਨੇ ਦੇ ਗੀਤਾਂ ਨੂੰ ਵਧੇਰੇ ਗਾਇਆ। ਉਸ ਵੇਲੇ ਪਰਵਾਨੇ ਦੀ ਪੰਜੇ ਉਂਗਲਾਂ ਘਿਓ ’ਚ ਸੀ। ਉਸ ਕੋਲ ਲੁਧਿਆਣੇ ਪਲਾਟ, ਕੋਠੀਆਂ, ਦੁਕਾਨਾਂ ਸੀ ਅਤੇ ਡੇਅਰੀ ਫਾਰਮਿੰਗ ਦਾ ਚੰਗਾ ਕਾਰੋਬਾਰ ਹੁੰਦਾ ਸੀ ਪਰ ਵਕਤ ਦਾ ਫੇਰ ਕਹਿ ਲਓ ਜਾਂ ਮਾੜੇ ਕਰਮਾਂ ਦਾ ਫ਼ਲ ਕਿ ਹੌਲੀ-ਹੌਲੀ ਸਭ ਕੁਝ ਵਿੱਕ ਗਿਆ ਤੇ ਅੱਜ ਬੁਢਾਪੇ ’ਚ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਪਿਛਲਾ ਸਮਾਂ ਯਾਦ ਕਰਕੇ ਉਹ ਅੰਦਰੋਂ-ਅੰਦਰੀ ਝੁਰਦਾ ਰਹਿੰਦਾ ਹੈ। ਇਸ ਸਭ ਕਾਸੇ ਲਈ ਉਹ ਆਪਣੇ ਆਪ ਨੂੰ ਹੀ ਜ਼ਿੰਮੇਵਾਰ ਮੰਨਦਾ ਹੈ। 87 ਸਾਲ ਦੀ ਉਮਰ ਵਿਚ ਹੁਣ ਪਰਵਾਨੇ ਦੀ ਹਾਲਾਤ ਆਪੇ ਤੋਂ ਬਾਹਰ ਲੱਗਦੀ ਹੈ। ਕਦੇ ਉਸਨੂੰ ਆਪਣੇ ਰਿਕਾਰਡ ਸਾਰੇ ਹਿੱਟ ਗੀਤ ਮੂੰਹ ਜ਼ੁਬਾਨੀ ਰੱਟੇ ਪਏ ਹੁੰਦੇ ਸੀ। ‘ਮਿੱਤਰਾ ਦਾ ਚੱਲਿਆ ਟਰੱਕ ਨੀਂ, ਮਿੱਤਰਾਂ ਦੇ ਟਿਊਵੈਲ ’ਤੇ ਲੀੜੇ ਧੋਣ ਦੇ ਬਹਾਨੇ ਆ ਜਾ, ਤੇਰੀ ਘੜੀ ’ਤੇ ਬਾਰਾਂ ਵੱਜੇ ਮੇਰੀ ਘੜੀ ’ਤੇ ਨੌਂ, ਹੁਣ ਦੱਸ ਕੀ ਕਰੇ ਭਰਜਾਈ ਮੁੰਡਿਆ, ਬੋਲ ਬੀਬੀਏ ਛੂੰ ਮੰਤਰ, ਬੜਾ ਪੁਆੜਾ ਪਾਇਆ ਨੀਂ ਮੰਗਲ ਤੇ ਸ਼ੁੱਕਰਵਾਰ ਨੇ, ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ, ਦੋ ਘੜੀਆਂ ਗੁਰਨਾਮ ਕੁਰੇ ਨੀ ਚੱਲ ਬਾਹਰਲੇ ਘਰੇ, ਪੇਕੇ ਛੱਡ ਜਾ ਮਹੀਨਾ ਇੱਕ ਹੋਰ ਮੁੰਡਿਆ’ ਮੇਰੀ ਛੋਲਿਆਂ ਦੀ ਦਾਲ ਕਰਾਰੀ, ਸੱਸ ਕੁੱਟਣੀ ਸੰਦੂਕਾਂ ਓਹਲੇ, ਸਾਹਮਣੇ ਚੁਬਾਰੇ ਨੀਂ ਮੈਂ ਖੇਲਾਂ ਗੀਟੀਆ...... ਉਹ ਆਪਣੇ ਗੀਤਾਂ ਨੂੰ ਬਿਨਾਂ ਬਰੇਕਾਂ ਇੱਕੋ ਸਾਹੇ ਗਿਣਾਅ ਜਾਂਦਾ ਸੀ। ਗੀਤਕਾਰੀ ਤੋਂ ਇਲਾਵਾ ਉਸਨੇ ਗਾਇਕੀ ਵੀ ਕੀਤੀ ਹੈ। ਗਾਇਕਾ ਮੰਜੂ ਨਾਲ ਉਸਦੀ ਆਪਣੀ ਆਵਾਜ਼ ਵਿਚ ਕਈ ਕੈਸਟਾਂ ਵੀ ਰਿਕਾਰਡ ਹੋਈਆਂ ਹਨ। ਮੰਜੂ ਨਾਲ ਗਾਇਆ ਦੋਗਾਣਾ ‘ਕੁੱਤੇ ਵਾਲੀ ਕੰਪਨੀ ਵਿਚ ਤਵਾਂ ਭਰਾਵਣ ਚੱਲੀ ਆਂ...’ ਕਾਫ਼ੀ ਚਰਚਿਤ ਹੋਇਆ।



ਕੁਝ ਸਾਲ ਪਹਿਲਾਂ ਪਰਵਾਨੇ ਨੂੰ ਸਵ: ਅਮਰ ਸਿੰਘ ਚਮਕੀਲੇ ਦੀ ਬਰਸੀ ’ਤੇ ਗਾਉਂਦੇ ਸੁਣਿਆ। ਉਹ ਗਾਉਂਦਾ ਘੱਟ ਤੇ ਛਾਲਾਂ ਵੱਧ ਮਾਰਦਾ ਸੀ, ਜਿਸ ਨੂੰ ਵੇਖ ਲੋਕ ਕੂਕਾਂ ਮਾਰ-ਮਾਰ ਚਾਂਭੜਾ ਪਾਉਂਦੇ ਜ਼ਰੂਰ ਵੇਖੇ। ਸ਼ਾਇਦ ਇਹ ਉਸਦਾ ਭਰਮ ਸੀ ਕਿ ਸਰੋਤੇ ਉਸਦੀ ਕਲਾ ਤੋਂ ਖੁਸ਼ ਹੋ ਰਹੇ ਹਨ ਪਰ ਅਜਿਹਾ ਨਹੀਂ ਸੀ।

ਇੱਕ ਗੱਲ ਹੋਰ ਕਿ ਉਸਦੀ ਪੱਗ ਦੀ ਚਰਚਾ ਹਰ ਥਾਂ ਹੁੰਦੀ ਹੈ। ਪਹਿਲਾਂ ਉਹ ਤੁਰਲੇ ਵਾਲੀ ਪੱਗ ਬੰਨ੍ਹਦਾ ਸੀ, ਫ਼ਿਰ ਆਮ ਗਾਇਕਾਂ ਤੋਂ ਵੱਖਰੇ ਅੰਦਾਜ਼ ਵਾਲੀ ਤਿੱਖੀਆਂ ਚੁੰਝਾਂ ਵਾਲੀ ਪੱਗ ਬੰਨ੍ਹਣ ਲੱਗਿਆ। ਉਪਰਲੇ ਆਖਰੀ ਲੜਾਂ ਨੂੰ ਉਹ ਇੰਝ ਕੱਢਦਾ ਜਿਵੇਂ ਬਾਜ਼ ਨੇ ਖੰਭ ਖਿਲਾਰੇ ਹੋਣ, ਪਰ ਅੱਜ ਇਸ ‘ਬਾਜ਼’ ਦੇ ਖੰਭ ਝੜ੍ਹ ਚੁੱਕੇ ਹਨ। ਲਹਿੰਦੇ ਪੰਜਾਬ ’ਚ ਜਨਮਿਆਂ ਚਤਰ ਸਿੰਘ ਪਰਵਾਨਾ ਦੇਸ਼ ਦੀ ਵੰਡ ਤੋਂ ਬਾਅਦ ਆਪਣੇ ਮਾਤਾ-ਪਿਤਾ ਨਾਲ ਪੰਜਾਬ ਆ ਗਿਆ। ਉਸਦਾ ਬਚਪਨ ਲੁਧਿਆਣਾ ਨੇੜਲੇ ਪਿੰਡ ਖਾਨਪੁਰ ’ਚ ਗੁਜ਼ਰਿਆ। ਮੈਟ੍ਰਿਕ ਪਾਸ ਪਰਵਾਨੇ ਨੂੰ ਗੀਤਕਾਰੀ ਦੇ ਰਾਹ ’ਤੇ ਸੰਗੀਤਕਾਰ ਜਸਵੰਤ ਭੰਵਰਾ ਨੇ ਤੋਰਿਆ। ਪਹਿਲਾਂ ਉਹ ਗਾਇਕ ਬਣਨ ਦੀ ਲਾਲਸਾ ਨਾਲ ਸ਼ਾਦੀ ਰਾਮ ਬਖ਼ਸ਼ੀ, ਚਾਂਦੀ ਰਾਮ ਚਾਂਦੀ ਤੇ ਲਾਲ ਚੰਦ ਯਮਲਾ ਦੀ ਗਾਇਕੀ ਦਾ ਮੁਰੀਦ ਸੀ। ਉਸਦਾ ਪਹਿਲਾ ਗੀਤ ਅਮਰ ਸਿੰਘ ਗੁਰਦਾਸ ਪੁਰੀ ਤੇ ਵੀਨਾ ਲੇਖੀ ਦੀ ਆਵਾਜ਼ ਵਿਚ ‘ਨਿੱਤ ਦਾ ਕਲੇਸ਼ ਮੁੱਕਜੂ’ ਰਿਕਾਰਡ ਹੋਇਆ। ਇਸ ਪਹਿਲੀ ਰਿਕਾਡਿੰਗ ਨਾਲ ਉਹ ਹਵਾਂ ’ਚ ਉੱਡਣ ਲੱਗਿਆ ਤੇ ਉਹ ਗੀਤਕਾਰੀ ਵੱਲ ਹੋ ਤੁਰਿਆ। ਉਹ ਨਵਿਆਂ-ਪੁਰਾਣਿਆਂ ਕੋਲੋਂ ਗੀਤਕਾਰੀ ਦੇ ਪੈਂਤੜੇ ਸਿੱਖਦਾ ਗਿਆ ਤੇ ਰਿਕਾਰਡ ਹੋਣ ਲੱਗਿਆ। ਉਸਦਾ ਲਿਖਿਆ ਰਾਜਿੰਦਰ ਰਾਜਨ ਤੇ ਜਗਜੀਤ ਜ਼ੀਰਵੀ ਦੀ ਆਵਾਜ਼ ਵਿਚ ‘ਸਾਹਮਣੇ ਚੁਬਾਰੇ ਨੀਂ ਮੈਂ ਖੇਡਾਂ ਗੀਟੀਆਂ, ਗੱਭਰੂ ਜਵਾਨ ਮੁੰਡਾ ਮਾਰੇ ਸੀਟੀਆਂ’ ਗੀਤ ਕਾਫ਼ੀ ਮਕਬੂਲ ਹੋਇਆ। ਉਹ ਧੜਾਧੜ ਲਿਖਦਾ ਰਿਹਾ ਤੇ ਰਿਕਾਰਡ ਹੁੰਦਾ ਗਿਆ। ਹਰੇਕ ਨਵੇਂ ਪੁਰਾਣੇ ਗਾਇਕ ਨੇ ਚਤਰ ਸਿੰਘ ਪਰਵਾਨੇ ਦੇ ਗੀਤ ਗਾਏ। ਗੀਤਕਾਰੀ ਮਾਰਗ ’ਤੇ ਉਹ ਆਪਣੇ ਸਮਕਾਲੀ ਗੀਤਕਾਰਾਂ ਤੋਂ ਮੋਹਰੀ ਹੋ ਕੇ ਚੱਲਿਆ। ਉਸ ਵੇਲੇ ਦੇ ਸਿਰਕੱਢ ਨਾਮੀਂ ਕਲਾਕਾਰਾਂ ਨਾਲ ਪਰਵਾਨੇ ਦੀ ਚੰਗੀ ਬੈਠਣੀ ਉੱਠਣੀ ਸੀ। ਸਾਰੇ ਚੰਗੀ ਆਓ ਭਗਤ ਕਰਦੇ ਸੀ ਪਰ..... ‘ਚੜ੍ਹਦੇ ਸੂਰਜ ਨੂੰ ਸਲਾਮਾਂ’ ਵਾਲੀ ਗੱਲ ਹੈ। ਅੱਜ ਉਨ੍ਹਾਂ ਕਲਾਕਾਰਾਂ ’ਚੋਂ ਬਹੁਤੇ ‘ਰੱਬ ਘਰ’ ਜਾ ਚੁੱਕੇ ਹਨ, ਜੋ ‘ਜੱਗ ਘਰ’ ਹਨ, ਉਹ ਸਭ ਜਾਣਦੇ ਹੋਏ ਵੀ ਉਸ ਤੋਂ ਪਾਸਾ ਵੱਟ ਕੇ ਲੰਘ ਜਾਂਦੇ ਹਨ।

ਪਰਵਾਨੇ ਦੇ ਗੀਤਾਂ ਦੀ ਲਿਸਟ ਬਹੁਤ ਲੰਮੀ ਹੈ। ਉਸਦੇ ਰਿਕਾਰਡ ਗੀਤਾਂ ਦੀਆਂ ਛੇ ਕਿਤਾਬਾਂ ਵੀ ਛਪੀਆਂ ਹਨ। ਉਸਦੇ ਕਈ ਰਿਕਾਰਡ ਗੀਤਾਂ ਨੂੰ ਅੱਜ ਦੇ ਕਈ ਨਵੇਂ ਗਾਇਕਾਂ ਨੇ ਭੰਨ-ਤੋੜ ਕਰਕੇ ਵੀ ਗਾਇਆ ਹੈ। ਚਤਰ ਸਿੰਘ ਪਰਵਾਨਾ ਦੇ ਪੰਜ ਮੁੰਡੇ-ਤਿੰਨ ਧੀਆਂ ਹਨ। ਸਾਰੇ ਮੁੰਡੇ ਦਿਹਾੜੀ ਦੱਪਾ ਕਰਕੇ ਜੂਨ ਗੁਜ਼ਾਰਾ ਕਰਦੇ ਹਨ। ਉਸਦਾ ਛੋਟਾ ਮੁੰਡਾ ਬੱਬਲੂ ਹੈ, ਉਹ ਵੀ ਮਿਹਨਤ ਮਜ਼ਦੂਰੀ ਕਰਕੇ ਵਕਤ ਲੰਘਾ ਰਿਹਾ ਹੈ। ਪਰਵਾਨਾ ਆਪਣੇ ਇਸੇ ਮੁੰਡੇ ਕੋਲ ਹੈ। ਬੱਬਲੂ ਦੀ ਪਤਨੀ ਨੇ ਦੱਸਿਆ ਕਿ ਘਰ ’ਚ ਗਰੀਬੀ ਬਹੁਤ ਹੈ। ਜਿੰਨੇ ਕਮਾਉਣੇ ਆ, ਉਹ ਖਾ ਲੈਨੇ ਆ। ਗੁਜ਼ਾਰਾਂ ਤਾਂ ਮਸਾਂ ਹੀ ਹੁੰਦਾ ਹੈ। ਪਰਵਾਨੇ ਦੀ ਜਾਇਦਾਦ, ਕਾਰੋਬਾਰ ਬਾਰੇ ਉਸਨੇ ਦੱਸਿਆ ਕਿ ਜਦੋਂ ਦਾ ਮੇਰਾ ਵਿਆਹ ਹੋਇਆ ਹੈ, ਮੈਂ ਤਾਂ ਕਿਰਾਏ ਦੇ ਮਕਾਨਾਂ ’ਚ ਹੀ ਰਹਿੰਦੇ ਵੇਖ ਰਹੀ ਹਾਂ। ਪਾਪਾ ਜੀ ਕਹਿੰਦੇ ਹੁੰਦੇ ਨੇ ਕਿ ਪਹਿਲਾਂ ਸਭ ਕੁਝ ਹੁੰਦਾ ਸੀ। ਸ਼ਹਿਰ ’ਚ ਕਈ ਪਲਾਟ ਸੀ, ਆਪਣਾ ਵਧੀਆ ਘਰ ਸੀ, ਸਪੇਅਰਪਾਰਟ ਬਣਾਉਣ ਵਾਲੀ ਇੱਕ ਛੋਟੀ ਜਿਹੀ ਫੈਕਟਰੀ ਵੀ ਸੀ, ਡੇਅਰੀ ਵੀ ਸੀ ਪਰ ਕਬੀਲਦਾਰੀ ਦੇ ਝਮੇਲੇ ’ਚ ਹੌਲੀ-ਹੌਲੀ ਸਭ ਵਿਕ ਗਿਆ।

ਉਸਦੇ ਪੁੱਤਰ ਨੂੰ ਗਿਲ੍ਹਾ ਹੈ ਕਿ ਉਸਦੇ ਬਾਪ ਨੇ ਐਨਾਂ ਕੁਝ ਹੋਣ ਦੇ ਬਾਵਜੂਦ ਆਪਣੇ ਸਮੇਂ ਨੂੰ ਨਹੀਂ ਸਾਂਭਿਆ। ਮਾੜੀਆਂ ਆਦਤਾਂ ਨਾ ਛੱਡੀਆਂ। ਸ਼ਰਾਬ ਪੀਣ ਦਾ ਉਹ ਮੁੱਢੋਂ ਹੀ ਸ਼ੌਕੀਨ ਸੀ, ਜੋ ਹੌਲੀ-ਹੌਲੀ ਉਸਦੀ ਬਰਬਾਦੀ ਦਾ ਕਾਰਣ ਬਣੀ। ਪਰਵਾਨਾ ਜੀ ਦੇ ਗੀਤਾਂ ਨੂੰ ਪਿਆਰ ਕਰਨ ਵਾਲੇ ਉਸਦੀ ਮਦਦ ਲਈ ਅੱਗੇ ਆਉਂਦੇ ਰਹੇ ਪਰ ਸਰਕਾਰ ਵੱਲੋਂ ਇਸ ਗੀਤਕਾਰ ਦੀ ਅੱਜ ਤੱਕ ਕੋਈ ਮਦਦ ਨਹੀਂ ਕੀਤੀ ਗਈ। ਨਾ ਹੀ ਕੋਈ ਸੱਭਿਆਚਾਰਕ ਸੰਸਥਾ ਨੇ ਇਨ੍ਹਾਂ ਦੀ ਬਾਂਹ ਫੜ੍ਹੀ ਹੈ। ਕੱਲ੍ਹ ਨੂੰ ਜਦ ਪਰਵਾਨਾ ਅੱਖਾਂ ਮੀਚ ਗਿਆ, ਤਾਂ ਉਸਦੀ ਯਾਦ ਵਿਚ ਮੇਲੇ ਕਰਵਾਉਣ ਵਾਲੇ ਬਹੁਤ ਜੁੜ ਜਾਣਗੇ। ਅੱਜ ਲੋੜ ਹੈ ਮੰਜੇ ’ਤੇ ਪਏ ਇਸ ਗੀਤਕਾਰ ਦੇ ਪਰਿਵਾਰ ਦੀ ਬਾਂਹ ਫੜਣ ਦੀ, ਤਾਂ ਕਿ ਚਤੁਰ ਸਿੰਘ ਪਰਵਾਨਾ ਦਾ ਆਖਰੀ ਸਮਾਂ ਸੌਖਾਲਾ ਹੋ ਜਾਵੇ।

# ਸੰਸਾਰ ਵਿਆਪੀ ਜੰਗੀ ਮਹੌਲ ਕਿਵੇਂ ਰੁੱਕ ਸਕਦਾ?

ਡਾ. ਸੁਰਿੰਦਰ ਮੰਡ
ਸੰਪਰਕ : 94173-24543
ਪੰਜਾਬ ਮੇਲ USA





ਹੁਣ ਯੂਕਰੇਨ-ਰੂਸ ਅਤੇ ਫਲਸਤੀਨ ਇਰਾਨ-ਇਜ਼ਰਾਈਲ ਵਿਚਕਾਰ ਜੰਗ ਪੂਰੀ ਤਰ੍ਹਾਂ ਭੜਕੀ ਪਈ ਹੈ। ਤਾਈਵਾਨ-ਚੀਨ ਅਤੇ ਉੱਤਰੀ ਕੋਰੀਆ ਦੇ ਮੁੱਦੇ ਉੱਪਰ ਕਿਸੇ ਵੇਲੇ ਵੀ ਭੜਕ ਸਕਦੀ ਹੈ। ਵੱਡੀ ਜੰਗੀ ਸੰਭਾਵਨਾ ਦੇ ਤਿੰਨ ਕੇਂਦਰ ਏਸ਼ੀਆ ਵਿਚ ਹਨ ਅਤੇ ਇਕ (ਯੂਕਰੇਨ) ਯੂਰਪ ਵਿਚ। ਇਸ ਤੋਂ ਇਲਾਵਾ ਭਾਰਤ ਲਾਗੋਂ ਵੀ ਧੂਆਂ ਉੱਠਦਾ ਰਹਿੰਦਾ ਹੈ। ਕੌਣ ਕਿਉਂ ਸੁਲਘਾਉਂਦਾ ਭੜਕਾਉਂਦਾ ਇਹ ਸਭ, ਤੇ ਕੀ ਇਹ ਅੱਗ ਤਬਾਹਕੁੰਨ ਭਾਂਬੜ ਬਣਨੋਂ ਰੁੱਕ ਸਕਦੀ? ਇਹ ਵਿਚਾਰ ਕਰਨੀ ਹੈ ਇਸ ਲੇਖ ਵਿਚ।

ਦੂਜੀ ਸੰਸਾਰ ਜੰਗ (1939-1945) ਵਿਚ ਕੁੱਲ ਮਿਲਾ ਕੇ 7 ਕਰੋੜ ਦੇ ਕਰੀਬ ਫੌਜੀ ਅਤੇ ਲੋਕ ਮਰੇ। ਜਿਸ ਵਿਚ ਸਵਾ 2 ਕਰੋੜ ਤੋਂ ਵੱਧ ਸੋਵੀਅਤ ਰੂਸ ਦੇ ਅਤੇ ਪੌਣੇ ਦੋ ਕਰੋੜ ਚੀਨ ਦੇ ਸਨ। 18 ਲੱਖ ਦੇ ਕਰੀਬ ਭਾਰਤੀ ਸਨ। ਹਿਟਲਰ ਨੇ ਜਰਮਨੀ ਵਿਚ ਯਹੂਦੀਆਂ ਦਾ ਲੱਖਾਂ ਵਿਚ ਕਤਲੇਆਮ ਵੀ ਕੀਤਾ। ਜਰਮਨੀ 'ਚ ਇਹ ਧਾਰਮਿਕ ਨਸਲਕੁਸ਼ੀ ਵਰਗੀ ਗੱਲ ਵੀ ਸੀ।

ਇਸ ਨਸਲਕੁਸ਼ੀ ਦਾ ਅਸਰ ਇਹ ਹੋਇਆ ਕਿ ਇੰਗਲੈਂਡ, ਅਮਰੀਕਾ ਧੜੇ ਨੇ ਯੂ.ਐੱਨ ਰਾਹੀਂ 14 ਮਈ 1948 ਨੂੰ ਮੁਸਲਮਾਨ ਬਹੁਲ ਦੇਸ਼ ਫਲਸਤੀਨ ਨੂੰ 55-45 ਵਿਚ ਵੰਡ ਕੇ ਇਕ ਹਿੱਸੇ ਵਿਚ ਯਹੂਦੀਆਂ ਲਈ ਆਪਣਾ ਵੱਖਰਾ ਮੁਲਕ ਇਜ਼ਰਾਈਲ ਬਣਵਾ ਦਿੱਤਾ। ਯੈਰੋਸ਼ਲਮ ਨੂੰ ਅੰਤਰਰਾਸ਼ਟਰੀ ਦੇਖ-ਰੇਖ ਅਧੀਨ ਸਾਂਝੀ ਭੋਇੰ ਮੰਨਿਆ ਗਿਆ। ਇੰਜ ਆਪਣੇ (ਯਹੂਦੀ-ਇਸਾਈ) ਵੱਲ ਨੂੰ ਆਉਂਦੇ ਨਸਲੀ ਟਕਰਾਅ ਦੀ ਸੰਭਾਵਨਾ ਦਾ ਰੁਖ਼ ਮੁਸਲਿਮ ਪਾਸੇ ਮੋੜ ਦਿੱਤਾ। ਫਲਸਤੀਨ ਉੱਤੇ ਇਸ ਵਕਤ ਇਜ਼ਰਾਈਲ ਪੂਰੀ ਤਰ੍ਹਾਂ ਭਾਰੂ ਕਾਬਜ਼ ਹੋ ਚੁੱਕਾ। 1967 ਦੀ ਜੰਗ ਵਿਚ ਇਜ਼ਰਾਈਲ ਨੇ ਸੀਰੀਆ, ਜਾਰਡਨ ਅਤੇ ਮਿਸਰ ਦੇ ਕੁਝ ਇਲਾਕਿਆਂ ਉੱਤੇ ਵੀ ਕਬਜ਼ਾ ਕਰ ਲਿਆ। ਨਾਲ ਹੀ ਯੈਰੋਸ਼ਲਮ ਅਤੇ ਫਲਸਤੀਨ ਦੇ ਵੈਸਟ ਬੈਂਕ ਨੂੰ ਵੀ ਕਬਜ਼ੇ ਵਿਚ ਲੈ ਲਿਆ। ਬਚਿਆ-ਖੁਚਿਆ ਫਲਸਤੀਨ ਉਦੋਂ ਤੋਂ ਅੱਜ ਤੱਕ ਜ਼ੁਲਮ ਸਿਤਮ ਹੰਢਾ ਰਿਹਾ। ਫਲਸਤੀਨ ਅੱਜ ਇਕ ਆਜ਼ਾਦ ਮੁਲਕ ਵਾਲੀ ਹੈਸੀਅਤ ਨਹੀਂ ਰੱਖਦਾ। ਫਲਸਤੀਨ ਨੂੰ ਪ੍ਰਭੂਸੱਤਾ ਸੰਪੰਨ ਮੁਲਕ ਦਾ ਦਰਜਾ ਦੇਣ ਵਾਲੇ ਸੈਂਕੜੇ ਯੂ.ਐੱਨ. ਮਤਿਆਂ ਨੂੰ ਇਜ਼ਰਾਈਲ ਰੱਦ ਕਰ ਚੁੱਕਾ। ਇਸ ਕਰਕੇ ਪ੍ਰਚਾਰਤੰਤਰ ਦੀ ਇਹ ਦਲੀਲ ਗਲਤ ਹੈ ਕਿ ਮੌਜੂਦਾ ਟਕਰਾਅ ਦੀ ਮੁੱਖ ਵਜ੍ਹਾ 7 ਅਕਤੂਬਰ ਦਾ ਹਮਾਸ ਵੱਲੋਂ ਕੀਤਾ ਹਮਲਾ ਹੈ। ਪਿਛੋਕੜ ਹੀ ਇਸ ਟਕਰਾਅ ਦੀ ਅਸਲੀ ਵਜ੍ਹਾ ਹੈ।

ਤੇਲ ਹਿੱਤਾਂ ਵਾਲੇ ਇਸ ਖਿੱਤੇ ਵਿਚ ਇਜ਼ਰਾਈਲ ਨੂੰ ਅਮਰੀਕਾ ਧੜਾ ਆਪਣੇ ਲੈਫਟੀਨੈਂਟ ਵਜੋਂ ਵੀ ਵਰਤ ਰਿਹਾ ਤੇ ਉਸਦੇ ਰਾਖੇ ਤਾਂ ਫਿਰ ਬਣਨਾ ਹੀ ਪੈਣਾ। ਪਰ ਇਸ ਖੇਡ ਵਿਚ ਫਲਸਤੀਨੀ ਵਿਚਾਰੇ ਨਿਰਦੋਸ਼ ਰਗੜੇ ਗਏ। ਪਰੰਤੂ ਅੱਜ ਇਹ ਝਗੜਾ ਇਜ਼ਰਾਈਲ, ਫਲਸਤੀਨ, ਇਰਾਨ ਤੱਕ ਸੀਮਤ ਨਾ ਰਹਿ ਕੇ ਅਮਰੀਕਾ, ਲਿਬਨਾਨ, ਯਮਨ, ਇਰਾਕ, ਸੀਰੀਆ, ਤੁਰਕੀ, ਰੂਸ, ਚੀਨ, ਉੱਤਰੀ ਕੋਰੀਆ ਨੂੰ ਵੀ ਆਪਣੇ ਲਪੇਟੇ ਵਿਚ ਲੈਂਦਾ ਨਜ਼ਰ ਆ ਰਿਹਾ। ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦਿੱਤੇ ਬਿਨਾ ਇਥੇ ਸ਼ਾਂਤੀ ਬਹਾਲੀ ਦੇ ਆਸਾਰ ਨਹੀਂ।

ਹੁਣ ਕਰੀਏ ਯੂਕਰੇਨ ਦੀ ਗੱਲ। 1991 ਵਿਚ ਧਰਤੀ ਦੇ ਛੇਵੇਂ ਹਿੱਸੇ ਵਿਚ ਫੈਲਿਆ ਸੋਵੀਅਤ ਯੂਨੀਅਨ ਜਦ 15 ਮੁਲਕਾਂ ਵਿਚ ਟੁੱਟ ਭੱਜ ਗਿਆ, ਤਾਂ ਉਸਦਾ ਇਕ ਟੁਕੜਾ 'ਯੂਕਰੇਨ' ਜੋ ਫਿਰ ਵੀ ਇਲਾਕੇ ਦੇ ਲਿਹਾਜ਼ ਨਾਲ ਯੂਰਪ ਦੇ ਹਰ ਮੁਲਕ ਤੋਂ ਵੱਡਾ ਸੀ, ਉਸਦੇ 2014 ਤੱਕ ਆਉਂਦਿਆਂ ਪੱਛਮ ਵੱਲ ਝੁਕਾਅ ਦੇ ਕਾਰਨ ਰੂਸ ਨਾਲ ਸਬੰਧ ਖਰਾਬ ਹੋ ਗਏ। ਰੂਸ ਨਾਲ ਟਕਰਾਅ ਵਾਲੇ ਤਿੱਖੇ ਤੇਵਰਾਂ ਨਾਲ ਕਾਮੇਡੀਅਨ ਜੈਲੇਂਸਕੀ 2019 ਦੀ ਰਾਸ਼ਟਰਪਤੀ ਦੀ ਚੋਣ ਜਿੱਤਿਆ ਅਤੇ ਉਹ ਅਮਰੀਕੀ ਧੜੇ ਵੱਲ ਨੂੰ ਉਲਰਦਿਆਂ 'ਨਾਟੋ ਫੌਜੀ ਗਠਜੋੜ' ਦਾ ਮੈਂਬਰ ਬਣਨ ਨੂੰ ਉਤਾਵਲਾ ਹੋਇਆ। ਮਤਲਬ ਬਈ ਰੂਸ ਦੀਆਂ ਬਰੂਹਾਂ ਉੱਤੇ 32 ਦੇਸ਼ਾਂ ਦੀਆਂ ਫੌਜਾਂ ਨੂੰ ਪੱਕਾ ਸੱਦਾ ਦਿੱਤਾ ਉਸਨੇ। ਇਹੀ ਮੌਜੂਦਾ ਰੂਸ-ਯੂਕਰੇਨ ਜੰਗ ਦੀ ਸਭ ਤੋਂ ਵੱਡੀ ਵਜ੍ਹਾ ਬਣੀ। ਅੱਜ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੇ 32 ਦੇਸ਼ ਯੂਕਰੇਨ ਦੀ ਪਿੱਠ 'ਤੇ ਹਨ। ਦੂਜੇ ਪਾਸੇ ਰੂਸ ਹੈ, ਜਿਸਨੂੰ ਚੀਨ, ਇਰਾਨ ਅਤੇ ਉੱਤਰੀ ਕੋਰੀਆ ਦੀ ਹਮਾਇਤ ਹੈ। ਛਡਾਵਾ ਕੋਈ ਨਹੀਂ। ਇਹ ਜੰਗ ਦੁਨੀਆਂ ਦੇ ਵੱਡੇ ਹਿੱਸੇ ਵਿਚ ਪਰਮਾਣੂ ਜੰਗ ਦਾ ਰੂਪ ਲੈ ਸਕਦੀ।

ਤਾਈਵਾਨ ਦਾ ਮਸਲਾ ਇਹ ਹੈ ਕਿ ਜਦ ਚੀਨੀ ਸਿਵਲ ਵਾਰ ਵਿਚ ਮਾਓ-ਜ਼ੇ-ਤੁੰਗ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਨੇ 1949 'ਚ ਮੁਲਕ ਉੱਤੇ ਅਧਿਕਾਰ ਕਰ ਲਿਆ, ਤਾਂ ਚੀਨ ਦਾ ਪਹਿਲਾ ਹਾਕਮ ਚਿਆਂਗ ਕਾਈ ਸ਼ੈਕ ਭੱਜ ਕੇ, ਚੀਨੀ ਮੁੱਖ ਧਰਤੀ ਤੋਂ 100 ਕੁ ਮੀਲ ਦੂਰ ਤਾਈਵਾਨ ਟਾਪੂ ਤੋਂ ਬਰਾਬਰ ਦੀ ਚੀਨ ਸਰਕਾਰ ਚਲਾਉਣ ਲੱਗਾ। ਉਸਨੂੰ ਅਮਰੀਕਾ ਦੀ ਹਮਾਇਤ ਸੀ। 'ਤਾਈਵਾਨ' ਹੀ (ਰਿਪਬਲਿਕ ਆਫ ਚਾਈਨਾ) ਵਜੋਂ ਚੀਨ ਦਾ ਯੂ.ਐੱਨ. ਵਿਚ ਪ੍ਰਤੀਨਿਧ ਰਿਹਾ। 1971 ਵਿਚ ਯੂ.ਐੱਨ. ਨੇ ਇਹ ਪ੍ਰਤੀਨਿਧ ਰੁਤਬਾ ਮੁੱਖ ਚੀਨੀ ਧਰਤੀ ਦੀ ਸਰਕਾਰ ਨੂੰ ਦੇ ਦਿੱਤਾ। ਤਾਈਵਾਨ ਟਾਪੂ ਦਾ ਅੱਜ ਤੱਕ ਵੀ ਨਾਮ 'ਰਿਪਬਲਿਕ ਆਫ ਚਾਈਨਾ' ਹੈ। ਪਰ ਉਹ ਨਿੱਤਾਪ੍ਰਤੀ ਦੇ ਸ਼ਾਸਨ ਵਜੋਂ ਆਜ਼ਾਦ ਹੈ ਤੇ ਖੁਦ ਨੀਤੀਆਂ ਬਣਾਉਂਦਾ। ਕੁਝ ਸਾਲਾਂ ਤੋਂ ਤਾਈਵਾਨ ਚੋਣਾਂ ਵਿਚ ਘੋਰ ਚੀਨ ਵਿਰੋਧੀ ਜਿੱਤੇ, ਜੋ ਮੁਕੰਮਲ ਆਜ਼ਾਦੀ ਦਾ ਨਾਹਰਾ ਦੇ ਕੇ ਅਮਰੀਕਾ ਨਾਲ ਜੁੜਨ ਦੇ ਰਾਹੇ ਪੈ ਗਏ ਹਨ, ਜੋ ਚੀਨ ਨੂੰ ਮਨਜ਼ੂਰ ਨਹੀਂ। ਅੰਤਰਰਾਸ਼ਟਰੀ ਕਾਇਦੇ ਕਨੂੰਨ ਜਿਸਨੂੰ ਅਮਰੀਕਾ ਵੀ ਮੰਨਦਾ, ਮੁਤਾਬਕ ਤਾਈਵਾਨ ਅਲੱਗ ਦੇਸ਼ ਨਹੀਂ, ਚੀਨ ਦਾ ਅਲੱਗ ਖੁਦਮੁਖਤਾਰ ਹਿੱਸਾ ਹੈ, ਜਿਸ ਦੀ ਆਪਣੀ ਕਰੰਸੀ ਤੇ ਫੌਜ ਹੈ। ਪਰ ਕੁੱਝ ਸਾਲਾਂ ਤੋਂ ਚੀਨ ਅਮਰੀਕਾ ਦੇ ਵਿਗੜੇ ਸਬੰਧ ਵੀ ਕਲੇਸ਼ ਵਧਾਉਣ ਦਾ ਕਾਰਨ ਬਣੇ। ਅਮਰੀਕਾ ਤਾਈਵਾਨ ਵਿਚ ਪੈਰ ਧਰਾਵਾ ਕਰਕੇ 'ਸਾਊਥ ਚੀਨ ਸਮੁੰਦਰ ਝਗੜੇ' ਵਿਚ ਵੀ ਮਜ਼ਬੂਤ ਹੋਣਾ ਚਾਹੁੰਦਾ ਤੇ ਚੀਨ ਦੇ ਐਨ ਕੋਲ ਆਪਣੀ ਫੌਜ ਚਾਹੁੰਦਾ, ਯੂਕਰੇਨ ਵਾਂਗ। ਚੀਨ ਇਸਦਾ ਅੰਤਿਮ ਹੱਲ ਫੌਜ ਨਾਲ ਤਾਈਵਾਨ ਉੱਤੇ ਮੁਕੰਮਲ ਕਬਜ਼ਾ ਕਰ ਲੈਣ ਵਿਚ ਵੀ ਵੇਖਦਾ। ਮਹੌਲ ਪੂਰਾ ਗਰਮ ਹੈ। ਅਗਰ ਗੱਲ ਵਧਦੀ ਹੈ, ਤਾਂ ਇਹ ਖਿੱਤਾ ਚੀਨ-ਅਮਰੀਕਾ ਜੰਗ ਦਾ ਮੈਦਾਨ ਬਣੇਗਾ, ਜਿਸ ਵਿਚ ਦੇਰ ਸਵੇਰ ਜਪਾਨ ਅਤੇ ਉੱਤਰੀ ਕੋਰੀਆ ਵੀ ਹੋਣਗੇ। ਪਰਮਾਣੂ ਸ਼ਕਤੀ ਸੰਪੰਨ ਮੁਲਕ ਕਦੋਂ ਕੀ ਕਾਂਡ ਕਰ ਦੇਣ, ਕੋਈ ਨਹੀਂ ਜਾਣਦਾ। ਅਮਰੀਕੀ ਸੰਸਦ ਦੀ ਤਾਜ਼ਾ ਰਿਪੋਰਟ ਵਿਚ ਵੀ ਚੀਨ ਨੂੰ ਅਮਰੀਕੀ ਹਿੱਤਾਂ ਦਾ ਸਭ ਤੋਂ ਵੱਡਾ ਤੇ ਮਜ਼ਬੂਤ ਦੁਸ਼ਮਣ ਐਲਾਨਿਆ ਗਿਆ ਹੈ।

ਭਲਾ ਏਸੇ ਗੱਲ ਵਿਚ ਹੈ ਕਿ ਤਾਈਵਾਨ ਲੀਡਰਸ਼ਿਪ ਚੋਣਾਂ ਜਿੱਤਣ ਲਈ ਭੜਕਾਊ ਨਾਹਰਿਆਂ ਦੇ ਚੱਕਰੀਂ ਮੁਲਕ ਦਾ ਝੁੱਗਾ ਚੌੜ ਨਾ ਕਰਾ ਬੈਠੇ। ਤਾਈਵਾਨ ਖੁਸ਼ਹਾਲ ਹੈ, ਇਸਦਾ ਮੌਜੂਦਾ ਰੁਤਬਾ ਬਹਾਲ ਰਵ੍ਹੇ, ਚੀਨ ਅਮਰੀਕਾ ਪਿੱਛੇ ਹਟਣ। ਪਰ ਕੋਈ ਧਿਰ ਪਿੱਛੇ ਹਟਣ ਨੂੰ ਤਿਆਰ ਨਹੀਂ। ਕਹਿੰਦੇ, 'ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਹੁੰਦੀ'।

ਜੇ ਗੱਲ ਕੋਰੀਅਨਾਂ ਦੀ ਕਰੀਏ ਤਾਂ ਕਹਿਣਾ ਪਊ ਕਿ ਕੋਰੀਆ ਨੂੰ ਜਪਾਨ ਨੇ 1945 ਤੱਕ ਗੁਲਾਮ ਬਣਾ ਕੇ ਕਬਜ਼ਾ ਅਤੇ ਜ਼ੁਲਮ ਕੀਤੇ। ਦੂਜੀ ਸੰਸਾਰ ਜੰਗ ਦੌਰਾਨ ਜਪਾਨ ਦੀ ਹਾਰ ਬਾਅਦ ਜਦ ਕਿੰਮ-ਇਲ-ਸੁੰਗ ਦੀ ਅਗਵਾਈ ਵਿਚ ਕੋਰੀਆ ਮੁਕਤ



ਹੋਇਆ, ਤਾਂ ਕੋਰੀਆ ਅਤੇ ਅਮਰੀਕਾ ਦਰਮਿਆਨ 1950 ਤੋਂ 1953 ਤੱਕ ਤਿੰਨ ਸਾਲ ਭਿਅੰਕਰ ਜੰਗ ਚੱਲੀ, ਜਿਸ ਵਿਚ ਲਗਭਗ 25 ਲੱਖ ਮੌਤਾਂ ਹੋਈਆਂ ਅਤੇ ਅੱਜ ਤੱਕ ਵੀ 'ਸੀਜ਼ ਫਾਇਰ' ਹੀ ਹੈ, ਸ਼ਾਂਤੀ ਸਮਝੌਤਾ ਕੋਈ ਨਹੀਂ ਹੋਇਆ। ਮੁਲਕ ਦੋ ਹਿੱਸਿਆਂ (ਉੱਤਰੀ ਕੋਰੀਆ, ਦੱਖਣੀ ਕੋਰੀਆ) 'ਚ ਵੰਡਿਆ ਗਿਆ। ਕਿਸੇ ਵੇਲੇ ਮੁੜ ਏਕੀਕਰਨ ਲਹਿਰ ਸੀ, ਜੋ ਹੁਣ ਖਤਮ ਹੋ ਚੁੱਕੀ। ਉੱਤਰੀ ਕੋਰੀਆ 75 ਸਾਲਾਂ ਤੋਂ ਸਖਤ ਅਮਰੀਕੀ-ਯੂ.ਐੱਨ. ਪਾਬੰਦੀਆਂ ਦੀ ਮਾਰ ਝੱਲ ਰਿਹਾ, ਭਰਿਆ ਪੀਤਾ ਹੈ ਅਤੇ ਅਮਰੀਕਾ ਨੂੰ ਮੁੱਖ ਦੁਸ਼ਮਣ ਸਮਝਦਾ।

ਮੌਜੂਦਾ ਸਮੇਂ ਉੱਤਰੀ ਕੋਰੀਆ ਦਾ ਪ੍ਰਮਾਣੂ ਸ਼ਕਤੀ ਹੋਣਾ ਅਮਰੀਕਾ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਦੱਖਣੀ ਕੋਰੀਆ ਵਿਚ ਹਜ਼ਾਰਾਂ ਅਮਰੀਕੀ ਫੌਜ ਬੈਠੀ ਹੈ, ਉੱਤਰੀ ਕੋਰੀਆ ਵਿਰੁੱਧ ਨਿੱਤ ਜੰਗੀ ਮਸ਼ਕਾਂ ਹੁੰਦੀਆਂ ਹਨ। ਉੱਤਰੀ ਕੋਰੀਆ ਨੂੰ ਚੀਨ ਰੂਸ ਦੀ ਹਮਾਇਤ ਹੈ। ਇਥੇ ਜਦੋਂ ਵੀ ਜੰਗ ਭੜਕੀ, ਆਮ ਜੰਗ ਨਹੀਂ, ਪ੍ਰਮਾਣੂ ਜਵਾਲਾ ਹੀ ਭੜਕਣੀ। ਚੰਗਾ ਹੋਵੇ ਜੇ ਇਕ ਦੂਜੇ ਦੀ ਹੋਂਦ ਨੂੰ ਬਰਾਬਰ ਮਾਨਤਾ ਦੇ ਕੇ ਅਮਨ ਸ਼ਾਂਤੀ ਦੀ ਕੋਈ ਪਹਿਲ ਕਿਸੇ ਪਾਸਿਉਂ ਹੋਵੇ।

ਭਾਰਤ-ਚੀਨ ਸਰਹੱਦੀ ਵਿਵਾਦ ਵੀ ਹੈ, ਜਿਸ ਵਿਚ ਦੋਵੇਂ ਦੇਸ਼ ਗੱਲਬਾਤ ਨੂੰ ਪਹਿਲ ਦੇ ਰਹੇ ਨੇ। ਲੜਨੋਂ ਬਚ ਰਹੇ ਨੇ। ਅਮਰੀਕਾ ਦੀ ਕੋਸ਼ਿਸ਼ ਹੈ ਕਿ 'ਕੁਆਡ' ਗਰੁੱਪ (ਭਾਰਤ, ਜਪਾਨ, ਆਸਟਰੇਲੀਆ, ਅਮਰੀਕਾ) ਰਣਨੀਤਿਕ ਗਠਜੋੜ ਦਾ ਰੂਪ ਲੈ ਲਵੇ। ਤੇ ਕੱਲ੍ਹ ਨੂੰ ਚੀਨ ਵਿਰੁੱਧ ਜੰਗ ਵਿਚ ਭਾਰਤ-ਅਮਰੀਕਾ ਦਾ ਜੰਗੀ ਭਾਈਵਾਲ/ਮਦਦਗਾਰ ਬਣੇ। ਪਰ ਭਾਰਤ ਅਜੇ ਤੱਕ ਉਨ੍ਹਾਂ ਦੇ ਟੇਟੇ ਨਹੀਂ ਚੜ੍ਹਿਆ। ਇਹ ਕਹਿੰਦਾ ਹੈ ਕਿ ਭਾਈ ਅਸੀਂ ਤਾਂ ਵਾਤਾਵਰਨ, ਵਿਕਾਸ ਸਹਿਯੋਗ ਲਈ ਕੁਆਡ ਦੇ ਮੈਂਬਰ ਹਾਂ। ਚੰਗਾ ਹੈ ਜੇ ਬਚਿਆ ਰਵ੍ਹੇ, ਕਿਉਂਕਿ ਅਮਰੀਕੀ ਵੀ ਅੱਗੋਂ ਕੋਈ ਕੱਚੀਆਂ ਗੋਲੀਆਂ ਨਹੀਂ ਖੇਡ੍ਹੇ। ਐਂਜ ਵਿਚ ਘੜੀਸ ਲੈਂਦੇ, ਜਿਵੇਂ ਗਿੱਧਾ ਪਾਉਣ ਵਾਲੀਆਂ ਬੋਲੀ ਪਾ ਕੇ ਪਾਸੇ ਖਲੋਤੀ ਨੂੰ ਗੇੜਾ ਦੇਣ ਲਈ ਘੜੀਸ ਲੈਂਦੀਆਂ। ਰੂਸ ਨੇ ਹਮੇਸ਼ਾ ਭਾਰਤ-ਚੀਨ ਤਣਾਓ ਵਧਣੋਂ ਰੋਕਣ ਵਿਚ ਭੂਮਿਕਾ ਨਿਭਾਈ ਹੈ।

ਪਰ ਏਥੇ ਹੁਣ ਚਿੰਤਾ ਅਤੇ ਵਿਚਾਰ ਦੀ ਗੱਲ ਇਹ ਹੈ ਕਿ ਉਪਰੋਕਤ ਸਾਰੇ ਵਿਵਾਦਾਂ (ਯੂਕਰੇਨ, ਫਲਸਤੀਨ, ਤਾਈਵਾਨ, ਕੋਰੀਆ) ਨੂੰ ਸੁਲਝਾਉਣ ਦੀ ਕੋਈ ਵੀ ਨਿੱਗਰ ਕੋਸ਼ਿਸ਼ ਨਜ਼ਰ ਨਹੀਂ ਆ ਰਹੀ ਅਤੇ ਬੇਵਿਸ਼ਵਾਸੀ ਏਨੀ ਹੈ ਕਿ ਪੁੱਛੋ ਨਾ। ਕੋਈ ਸਮਰੱਥ ਛਡਾਵਾ ਦੇਸ਼ ਨਜ਼ਰ ਨਹੀਂ ਆ ਰਿਹਾ। ਸੱਚ ਇਹ ਹੈ ਰੂਸ, ਚੀਨ, ਅਮਰੀਕਾ ਦਰਮਿਆਨ ਯੁੱਧ ਛਿੜਿਆ, ਤਾਂ ਅਖੀਰੀ ਪਰਮਾਣੂ ਜੰਗ ਵੱਲ ਹੀ ਜਾਏਗਾ। ਮਨੁੱਖੀ ਨਸਲ ਦਾ ਬਹੁਤ ਵੱਡਾ ਘਾਣ ਹੋਣ ਦਾ ਖਤਰਾ।

ਮੇਰਾ ਅੰਦਾਜ਼ਾ ਕਿ ਅਗਰ ਵੱਡਾ ਪ੍ਰਮਾਣੂ ਯੁੱਧ ਛਿੜਿਆ ਵੀ, ਤਾਂ ਇਸ ਵਿਚ ਸਾਰੀ ਦੁਨੀਆਂ ਤਬਾਹ ਨਹੀਂ ਹੋਊ। ਪਰਮਾਣੂ ਸ਼ਕਤੀ ਮੁਲਕਾਂ ਵਿਚੋਂ ਭਾਰਤ ਤੇ ਪਾਕਿਸਤਾਨ ਕਿਸੇ ਬੰਨਿਓਂ ਲੱਤ ਗੱਡ ਕੇ ਨਹੀਂ ਕੁੱਦਣਗੇ। ਸਾਰੇ ਲਾਤੀਨੀ ਅਮਰੀਕੀ ਅਤੇ ਅਫਰੀਕੀ ਦੇਸ਼ ਵੀ ਇਸ ਸੇਕ ਤੋਂ ਤਕਰੀਬਨ ਬਚੇ ਰਹਿਣਗੇ ਕਿਉਂਕਿ ਉਹ ਕਿਸੇ ਧੜੇ ਵਿਚ ਨਹੀਂ ਹਨ ਅਤੇ ਕੁਸ਼ ਹੋਰ ਏਸ਼ੀਅਨ ਮੁਲਕ ਵੀ। ਪਰ ਇਸ ਵਿਨਾਸ਼ਕਾਰੀ ਜੰਗ ਦੇ ਮਾਰੂ ਅਸਿੱਧੇ ਅਸਰਾਂ ਤੋਂ ਕੋਈ ਨਹੀਂ ਬਚੇਗਾ।

ਆਪਾਂ ਤਾਂ ਇਹ ਵੀ ਪੜ੍ਹਿਆ, ਸੁਣਿਆਂ ਕਿ 'ਰੱਬ' ਦਾ ਨਿਵਾਸ ਸਥਾਨ ਹਰ ਮਨੁੱਖ ਦੇ ਹਿਰਦੇ ਵਿਚ ਹੈ। ਜੰਗਬਾਜ਼ਾਂ ਵਿਚ ਵੀ ਹੁੰਦਾ ਹੋਊ..? ਅੱਧਿਓਂ ਬਹੁਤੀ ਦੁਨੀਆਂ ਤਾਂ ਅਮਲੀ ਵੀ ਨੇ, ਕਿਸੇ ਦੇ ਕਹਿਣੇ 'ਚ ਨੀ ਜਾਪਦੇ। ਚੰਗਾ ਹੋਵੇ ਜੇ ਰੱਬ ਜੀ ਇਸ ਦੂਸ਼ਿਤ ਅਤੇ ਅਸੁਰੱਖਿਅਤ ਨਿਵਾਸ ਨੂੰ ਛੱਡ ਹੀ ਜਾਣ।

ਥੋਪੀਆਂ ਜੰਗਾਂ, ਹਮਲਾਵਰਾਂ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਲੋਕ 'ਦੇਸ਼-ਭਗਤ/ਸ਼ਹੀਦ' ਕਹਾਉਂਦੇ ਹਨ।

ਇਨ੍ਹਾਂ ਜੰਗਾਂ ਦੇ ਕਾਰਨਾਂ ਬਾਰੇ ਸਿਆਣੇ ਲੋਕਾਂ ਦਾ ਵਿਚਾਰ ਹੈ ਕਿ ਇਕ ਤਾਂ ਜਿਨ੍ਹਾਂ ਮੁਲਕਾਂ ਦਾ ਵਪਾਰ ਕਾਰੋਬਾਰ ਹਥਿਆਰ ਬਣਾਉਣ ਵੇਚਣ ਨਾਲ ਜੁੜਿਆ ਹੋਇਆ, ਉਨ੍ਹਾਂ ਨੇ ਕਦੀ ਵੀ ਦੁਨੀਆਂ ਉੱਤੇ ਅਮਨ ਸ਼ਾਂਤੀ ਨਹੀਂ ਹੋਣ ਦੇਣੀ। ਜ਼ਿਆਦਾਤਰ ਜੰਗਾਂ ਵਪਾਰਕ/ਮਾਇਕ ਹਿੱਤਾਂ ਲਈ ਹੁੰਦੀਆਂ। ਤਕੜੇ ਲੁੱਟਣਾ ਦਬਾਉਣਾ ਚਾਹੁੰਦੇ ਮਾੜਿਆਂ ਨੂੰ। ਜਿਨ੍ਹਾਂ ਵਪਾਰਕ ਘਰਾਣਿਆਂ ਦੇ ਹਿੱਤਾਂ ਲਈ ਜੰਗਾਂ ਹੁੰਦੀਆਂ, ਉਹ ਕਦੀ ਕਿਸੇ ਜੰਗ ਵਿਚ ਨਹੀਂ ਮਰਦੇ। ਹਮੇਸ਼ਾਂ ਕਮਾਈਆਂ ਕਰਦੇ ਤੇ ਸੁੱਖ ਲੈਂਦੇ। ਇਹੀ ਅਸਲੀ ਹਾਕਮ ਨੇ। ਲੀਡਰ ਇਨ੍ਹਾਂ ਦੇ ਮੋਹਰੇ, ਜੋ ਰਾਜ ਕਰਨ ਦੇ ਭੁੱਸ ਭਰਮ ਖਾਤਰ ਕਿਸੇ ਹੱਦ ਤੱਕ ਵੀ ਜਾ ਸਕਦੇ। ਕਈ ਵਾਰ ਲੀਡਰ ਚੋਣਾਂ ਜਿੱਤਣ ਲਈ ਜੰਗ ਲਾ ਦੇਣ ਦੀਆਂ ਬੜ੍ਹਕਾਂ ਵੀ ਮਾਰਦੇ ਆਪ ਭੋਰਿਆਂ ਵਿਚ ਵੜਕੇ। ਰੋਟੀ ਲਈ ਭਰਤੀ ਹੋਏ ਫੌਜੀਆਂ ਦੀਆਂ ਮਾਵਾਂ/ਵਹੁਟੀਆਂ ਸ਼ਾਂਤੀ ਲਈ ਅਰਦਾਸਾਂ ਕਰਦੀਆਂ􀀀ਕਿ ਰੱਬਾ ਲੀਡਰਾਂ ਨੂੰ ਸੁਮੱਤ ਬਖਸ਼ੀਂ।

ਸੁਮੱਤ ਦੇਣ ਵਾਲਾ ਕੋਈ ਵੀ ਦੇਸ਼ ਇਸ ਵਕਤ ਸਾਹਮਣੇ ਨਹੀਂ ਆ ਰਿਹਾ। ਯੂਰਪੀ ਮੁਲਕਾਂ ਨੇ 'ਸ਼ੈਤਾਨੀ ਚੁੱਪ' ਧਾਰੀ ਲੱਗਦੀ। ਉਹ ਅਮਰੀਕਾ ਦੀ ਕਾਰੋਬਾਰੀ ਜ਼ੋਰਾਵਰੀ ਤੋਂ ਔਖੇ ਵੀ ਹਨ, ਤੇ ਜਾਪਦਾ ਜਿਵੇਂ ਅੰਦਰੋਂ ਚਾਹ ਰਹੇ ਹੋਣ ਕਿ ਅਮਰੀਕਾ ਕਿਤੇ ਸਿੰਙ ਫਸਾ ਕੇ ਜ਼ਰਾ ਕੁ ਤੁੜਾ ਲਵੇ, ਤੇ ਸਾਵਾਂ ਜਿਹਾ ਹੋ ਜੇ ਸਾਡੇ ਨਾਲ।

ਵਰਣਨਯੋਗ ਹੈ ਕਿ ਰੂਸ ਚੀਨ ਉੱਤਰੀ ਕੋਰੀਆ ਇਰਾਨ ਆਪਣੇ ਆਪਣੇ ਸਥਾਨਕ ਵਿਵਾਦ ਵਿਚ ਹਨ, ਬਾਕੀ ਕਿਸੇ ਥਾਂ ਜਾ ਕੇ ਮੋਹਰੀ ਨਹੀਂ। ਲੇਕਿਨ ਅਮਰੀਕਾ ਦਾ ਕੋਈ ਵੀ ਸਥਾਨਕ ਵਿਵਾਦ ਨਹੀਂ, ਪਰ ਉਹ ਦੂਰ ਪਾਰ ਜਾ ਕੇ ਸਭ ਦੂਜਿਆਂ ਦੇ ਝਗੜਿਆਂ ਵਿਚ ਮੋਹਰੀ ਹੈ। ਏਨੇ ਪਾਸੀਂ ਖਾਹਮਖਾਹ ਸਿੱਧਾ ਫਸਣਾ ਅਮਰੀਕੀਆਂ ਦੇ ਹਿੱਤ ਵਿਚ ਨਹੀਂ। ਇਹ ਆਪਣੇ ਆਮ ਨਾਗਰਿਕਾਂ ਲਈ ਦੁਨੀਆਂ ਭਰ ਵਿਚ ਅਸੁਰੱਖਿਤ ਮਹੌਲ ਪੈਦਾ ਕਰਨ ਵਾਲੀ ਗੱਲ ਹੈ, ਜਿਨ੍ਹਾਂ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਵੈਸੇ ਵੀ ਸਿਆਣੇ ਕਹਿੰਦੇ ਕਿ 'ਅੱਤ ਤੇ ਖੁਦਾ ਦਾ ਵੈਰ' ਹੁੰਦਾ।

ਯੂ.ਐੱਨ.ਓ. ਤਾਂ ਜ਼ੋਰਾਵਰ ਮੁਲਕਾਂ ਸਾਹਮਣੇ ਅਸਲੋਂ ਬੇਬਸ ਹੋਗੀ ਲੱਗਦੀ, ਜਿਹੜਾ ਮਤਾ ਪਾਸ ਕਰਦੀ, ਤਕੜੇ ਮੁਲਕ ਮੰਨਦੇ ਈ ਨਹੀਂ, ਤੇ ਬਸ ਫਿਰ ਚੁੱਪ। ਜ਼ਰਾ ਸਮਰੱਥ ਮੁਲਕਾਂ ਵਿਚੋਂ ਸਿਰਫ ਭਾਰਤ ਹੈ, ਜੋ ਵਿਚੋਲਾ ਬਣ ਸਕਦਾ, ਹੋਰਨਾਂ ਨੂੰ ਨਾਲ ਲੈ ਸਕਦਾ। ਇਸਦਾ 1947 ਤੋਂ ਹੀ ਹੋਰਨਾਂ ਮੁਲਕਾਂ ਨਾਲ ਭਾਈਚਾਰਾ ਚੰਗਾ, ਪਰ ਸਾਡੀ ਮੌਜੂਦਾ ਲੀਡਰਸ਼ਿਪ ਦੇ ਭਾਈਚਾਰਕ ਪਿਆਰ ਪੱਖੋਂ ਵਿਚਾਰ, ਤੇਵਰ, ਕਾਰਗੁਜ਼ਾਰੀ ਸਮੇਂ ਦੇ ਹਾਣ ਦੀ ਨਹੀਂ ਲੱਗਦੀ। ਵਰਨਾ ਭਾਰਤ ਲਈ ਵਕਾਰ ਬਣਾਉਣ ਦਾ ਇਹ ਸਹੀ ਮੌਕਾ ਸੀ। ਸਾਡੀਆਂ ਅਪੋਜੀਸ਼ਨ ਪਾਰਟੀਆਂ ਸਮਝਦੀਆਂ ਕਿ ਅੰਤਰਰਾਸ਼ਟਰੀ ਮੁੱਦੇ ਉੱਤੇ ਬੋਲਣਾ ਖੌਰੇ ਸਿਰਫ ਸਰਕਾਰ ਦਾ ਹੀ ਕੰਮ ਹੁੰਦਾ। ਜਦਕਿ ਇਹ ਦੁਨੀਆਂ ਦੇ ਹਰ ਬੰਦੇ ਦੀ ਜ਼ਿੰਮੇਵਾਰੀ ਅਤੇ ਹੱਕ ਹੈ। ਸੰਸਾਰ ਅਮਨ ਲਹਿਰ ਵਕਤ ਦੀ ਲੋੜ ਹੈ।

# ਅਦਾਕਾਰ ਨਾਸਿਰ ਚਨਿਓਟੀ



ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਇਲ : 94646-28857
ਪੰਜਾਬ ਮੇਲ USA



ਸਾਲ 2019 ਦੀ ਸੁਪਰਹਿੱਟ ਪੰਜਾਬੀ ਫਿਲਮ ਚਲ ਮੇਰਾ ਪੁੱਤ ਵਿਚ ਤਬਰੇਜ਼ ਦਾ ਕਿਰਦਾਰ ਨਿਭਾ ਕੇ ਪੂਰੀ ਦੁਨੀਆਂ ਵਿਚ ਪੰਜਾਬੀ ਸਿਨਮੇ ਨੂੰ, ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਕਰੋੜਾਂ ਪੰਜਾਬੀਆਂ ਦੇ ਦਿਲਾਂ ਵਿਚ ਖ਼ਾਸ ਮੁਕਾਮ ਬਣਾਉਣ ਵਾਲੇ ਲਹਿੰਦੇ ਪੰਜਾਬ ਦੇ ਥੀਏਟਰ, ਟੀ.ਵੀ. ਅਤੇ ਫਿਲਮਾਂ ਦੇ ਮਸ਼ਹੂਰ ਅਦਾਕਾਰ ਨਾਸਿਰ ਚਨਿਓਟੀ ਦਾ ਸ਼ੁਮਾਰ ਪਾਕਿਸਤਾਨ ਦੇ ਚੋਟੀ ਦੇ ਕਾਮੇਡੀ ਅਦਾਕਾਰਾ ਵਿਚ ਹੁੰਦਾ ਹੈ। 'ਅੰਨ੍ਹੀ ਦਿਆ ਮਜ਼ਾਕ ਹੈ' ਦੇ ਤਕੀਆ ਕਲਾਮ ਨੂੰ ਮਸ਼ਹੂਰ ਕਰਨ ਵਾਲੇ ਨਾਸਿਰ ਚਨਿਓਟੀ ਨੇ ਹੁਣ ਤੱਕ ਥੀਏਟਰ ਦੇ ਬੇਸ਼ੁਮਾਰ ਸਟੇਜ ਸ਼ੋਅ ਕਰਕੇ ਆਪਣੀ ਬੇਹਤਰੀਨ ਅਦਾਕਾਰੀ ਨਾਲ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ। ਬੇਹੱਦ ਨਿਮਰ, ਸਾਦਾ, ਖੁਸ਼ਮਿਜ਼ਾਜ, ਸਭ ਨਾਲ ਪਿਆਰ ਕਰਨ ਵਾਲੇ ਨਾਸਿਰ ਚਨਿਓਟੀ ਨੇ ਆਪਣੀ ਜ਼ਿੰਦਗੀ ਵਿਚ ਸਫਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕੀਤੀ।

**ਜਨਮ ਅਤੇ ਪਰਿਵਾਰਿਕ ਪਿਛੋਕੜ**:- ਨਾਸਿਰ ਚਨਿਓਟੀ ਦਾ ਜਨਮ 25 ਨਵੰਬਰ, 1970 ਨੂੰ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਮਸ਼ਹੂਰ ਸ਼ਹਿਰ ਚਨਿਓਟ ਵਿਖੇ ਹੋਇਆ। ਸਾਧਾਰਨ ਪਰਿਵਾਰ ਨਾਲ ਸੰਬੰਧ ਰੱਖਣ ਵਾਲੇ ਨਾਸਿਰ ਦੇ ਪਿਤਾ ਦਾ ਨਾਮ ਅੱਲ੍ਹਾ ਰੱਖਾ ਅਤੇ ਮਾਤਾ ਦਾ ਨਾਮ ਹੁਸਨ ਬਾਨੋ ਹੈ। ਖ਼ੂਬਸੂਰਤ ਸ਼ਹਿਰ ਚਨਿਓਟ ਵਿਚ ਆਪਣਾ ਬਚਪਨ ਗੁਜ਼ਾਰਨ ਵਾਲੇ ਨਾਸਿਰ ਨੇ ਆਪਣੀ ਫ਼ਨ ਏ ਜ਼ਿੰਦਗੀ ਦੇ ਸਫ਼ਰ ਦੀ ਸ਼ੁਰੂਆਤ ਵਿਚ ਹੀ ਆਪਣੇ ਪਿਆਰੇ ਸ਼ਹਿਰ ਚਨਿਓਟ ਦੇ ਨਾਂ ਨੂੰ ਆਪਣੇ ਨਾਂ ਦਾ ਹਿੱਸਾ ਬਣਾ ਲਿਆ ਸੀ। ਦਰਿਆ ਚਨਾਬ ਦੇ ਕੰਢੇ 'ਤੇ ਆਬਾਦ ਖ਼ੂਬਸੂਰਤ ਸ਼ਹਿਰ ਚਨਿਓਟ ਲਹੌਰ ਤੋਂ ਤਕਰੀਬਨ 158 ਕਿਲੋਮੀਟਰ ਦੂਰ ਹੈ। ਲੱਕੜੀ ਦੇ ਫਰਨੀਚਰ ਲਈ ਸਾਰੇ ਪੰਜਾਬ 'ਚ ਮਸ਼ਹੂਰ ਸ਼ਹਿਰ ਚਨਿਓਟ ਵਿਚ ਨਾਸਿਰ ਵੀ ਆਪਣੇ ਪਰਿਵਾਰ ਦੇ ਗੁਜ਼ਾਰੇ ਵਾਸਤੇ ਫਰਨੀਚਰ ਬਣਾਉਣ ਦਾ ਕੰਮ ਕਰਦਾ ਰਿਹਾ। ਮਿਹਨਤ ਮਜ਼ਦੂਰੀ ਕਰਨ ਦੇ ਨਾਲ-ਨਾਲ ਆਪਣੇ ਅਦਾਕਾਰੀ ਦੇ ਸ਼ੌਕ ਨੂੰ ਪੂਰਾ ਕਰਨ ਲਈ ਨਾਸਿਰ ਮੁਲਤਾਨ ਥੀਏਟਰ ਨਾਲ ਜੁੜ ਗਿਆ ਤੇ ਕੁਝ ਅਰਸਾ ਮੁਲਤਾਨ ਥੀਏਟਰ ਵਿਚ ਮਜਾਹੀਆ ਸਟੇਜ਼ ਡਰਾਮੇ ਕਰਦਾ ਰਿਹਾ। ਡਰਾਮਿਆਂ ਵਿਚ ਵਧੀਆ ਅਦਾਕਾਰੀ ਕਰਨ ਕਰਕੇ ਛੇਤੀ ਹੀ ਨਾਸਿਰ ਦੀ ਥੀਏਟਰ ਦੀ ਦੁਨੀਆਂ ਵਿਚ ਮਕਬੂਲੀਅਤ ਵੱਧਣ ਲੱਗੀ।

**ਲਹੌਰ ਥੀਏਟਰ ਵਿਚ ਅਦਾਕਾਰੀ ਦੀ ਸ਼ੁਰੂਆਤ**:- ਮੁਲਤਾਨ ਥੀਏਟਰ ਕਰਦਿਆ ਨਾਸਿਰ ਦੀ ਥੀਏਟਰ ਦੀ ਦੁਨੀਆਂ ਵਿਚ ਖਾਸੀ ਪਹਿਚਾਣ ਬਣ ਗਈ, ਹੁਣ ਨਾਸਿਰ ਦਾ ਅਗਲਾ ਪੜਾਅ ਲਹੌਰ ਥੀਏਟਰ ਸੀ, ਜਿਥੇ ਕੰਮ ਕਰਨ ਦੀ ਹਰ ਸਟੇਜ਼ ਅਦਾਕਾਰ ਦੀ ਦਿਲੀ ਖ਼ਾਹਿਸ਼ ਹੁੰਦੀ ਹੈ। ਸੋ ਥੀਏਟਰ ਦੀ ਦੁਨੀਆਂ ਵਿਚ ਨਵੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਨਾਸਿਰ ਲਹੌਰ ਸ਼ਿਫਟ ਹੋ ਗਿਆ। ਇਥੇ ਆ ਕੇ ਨਾਸਿਰ ਨੇ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਕਰੜਾ ਸੰਘਰਸ਼ ਕੀਤਾ। ਪਰਿਵਾਰ ਦੇ ਗੁਜ਼ਾਰੇ ਲਈ ਇਥੇ ਵੀ ਨਾਸਿਰ ਥੀਏਟਰ ਦੇ ਨਾਲ-ਨਾਲ ਮਿਹਨਤ ਮਜ਼ਦੂਰੀ ਕਰਦਾ ਰਿਹਾ ਕਿਉਂਕਿ ਥੀਏਟਰ ਤੋਂ ਅਜੇ ਉਸ ਨੂੰ ਇੰਨੀ ਕਮਾਈ ਨਹੀਂ ਹੁੰਦੀ ਸੀ ਕਿ ਜਿਸ ਨਾਲ ਉਸ ਦੇ ਘਰ ਦਾ ਗੁਜ਼ਾਰਾ ਸੌਖਿਆ ਹੀ ਚੱਲ ਸਕੇ। ਲਹੌਰ ਥੀਏਟਰ ਵਿਚ ਨਾਸਿਰ ਚਨਿਓਟੀ ਨੂੰ ਥੀਏਟਰ ਜਗਤ ਦੀਆਂ ਮਹਾਨ ਹਸਤੀਆਂ ਅਤੇ ਕਾਮੇਡੀ ਦੇ ਬਹੁਤ ਵੱਡੇ ਨਾਂ ਅਮਾਨ ਉੱਲਾ ਖਾਂ, ਸੋਹੇਲ ਅਹਿਮਦ, ਬੱਬੂ ਬਰਾਲ, ਇਫ਼ਤਿਖ਼ਾਰ ਠਾਕੁਰ, ਮਸਤਾਨਾ, ਅਲਬੇਲਾ ਅਤੇ ਉਮਰ ਸ਼ਰੀਫ਼ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਨਾਸਿਰ ਚਨਿਓਟੀ ਥੀਏਟਰ ਵਿਚ ਬਹੁਤ ਵੱਡਾ ਨਾਂ ਅਤੇ ਮਹਾਨ ਕਮੇਡੀਅਨ ਮਰਹੂਮ ਜਨਾਬ ਅਮਾਨ ਉੱਲਾ ਖਾਂ ਨੂੰ ਆਪਣਾ ਉਸਤਾਦ ਮੰਨਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਥੀਏਟਰ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਤਕਰੀਬਨ 17 ਵਰ੍ਹੇ ਦੇ ਲੰਬੇ ਸੰਘਰਸ਼ ਤੋਂ ਬਾਅਦ ਨਾਸਿਰ ਚਨਿਓਟੀ ਦੀ ਗਿਣਤੀ ਪੰਜਾਬੀ ਥੀਏਟਰ ਦੇ ਚੋਟੀ ਦੇ ਕਾਮੇਡੀ ਅਦਾਕਾਰਾ ਵਿਚ ਹੋਣ ਲੱਗੀ। ਸਟੇਜ 'ਤੇ ਨਾਸਿਰ ਨੇ ਆਪਣੀ ਕਾਮੇਡੀ ਟਾਇਮਿੰਗ, ਜ਼ਬਰਦਸਤ ਹਾਜ਼ਰ ਜਵਾਬੀ, ਜੁਗਤਾ ਲਾਉਣ ਦੀ ਕਲਾ ਅਤੇ ਸਮਾਜ ਵਿਚ ਵਿਚਰਦੇ ਆਮ ਲੋਕਾਂ ਵਿਚਲੇ ਕਿਰਦਾਰਾਂ ਨੂੰ ਆਪਣੇ ਖ਼ਾਸ ਅੰਦਾਜ਼ ਵਿਚ ਪੇਸ਼ ਕਰਨ ਦੇ ਹੁਨਰ ਨਾਲ ਥੀਏਟਰ ਦੇ ਚਾਹੁਣ ਵਾਲਿਆਂ ਨੂੰ ਆਪਣੇ ਬੇਹਤਰੀਨ ਕਮੇਡੀਅਨ ਹੋਣ ਦਾ ਅਹਿਸਾਸ ਕਰਵਾਇਆ। ਨਾਸਿਰ ਚਨਿਓਟੀ ਨੇ ਥੀਏਟਰ ਦੇ ਚੋਟੀ ਦੇ ਕਲਾਕਾਰਾਂ ਜਿਨ੍ਹਾਂ ਵਿਚ ਅਮਾਨ ਉੱਲਾ ਖਾਂ, ਸੋਹੇਲ ਅਹਿਮਦ, ਇਫ਼ਤਿਖ਼ਾਰ ਠਾਕੁਰ, ਅਕਰਮ ਉਦਾਸ, ਜ਼ਫ਼ਰੀ ਖਾਂ, ਅਮਾਨਤ ਚੰਨ, ਰੂਬੀ ਅਨਮ, ਨਸੀਮ ਵਿੱਕੀ, ਤਾਰਿਕ ਟੈਡੀ, ਨਰਗਿਸ, ਦੀਦਾਰ ਅਤੇ ਖੁਸ਼ਬੂ ਨਾਲ ਮਿਲ ਕੇ ਬੇਸ਼ੁਮਾਰ ਹਿੱਟ ਸਟੇਜ਼ ਡਰਾਮੇ ਪੇਸ਼ ਕੀਤੇ, ਜਿਨ੍ਹਾਂ ਵਿਚ ਰੋਟੀ ਖੋਲ ਦਿਓ, ਸ਼ੋਅਲੇ, ਲੁੱਟ ਲੋ ਮੇਲਾ, ਤਾਜ਼ਾ ਡਰਾਈ ਫਰੂਟ, ਘਰ ਆਜਾ ਢੋਲਣਾਂ, ਦੋਸਤੀ, ਪਗਲੀ, ਥ੍ਰੀ ਈਡੀਅਟ, ਵਿੱਕੀ ਭਾਈ ਐੱਮ.ਬੀ.ਬੀ.ਐੱਸ., ਨਾਗਿਨ, ਮਿਸਟਰ ਗ਼ਾਮਾ, ਇਸ਼ਕ ਅਤੇ ਡੌਂਕੀ ਰਾਜਾ ਪ੍ਰਮੁੱਖ ਹਨ।

**ਟੀ.ਵੀ. ਅਤੇ ਫਿਲਮਾਂ ਵਿਚ ਆਮਦ**:- ਥੀਏਟਰ ਵਿਚ ਮਕਬੂਲੀਅਤ ਦੀਆਂ ਬੁਲੰਦੀਆਂ ਨੂੰ ਛੂਹਣ ਤੋਂ ਬਾਅਦ ਨਾਸਿਰ ਚਨਿਓਟੀ ਨੂੰ ਪਾਕਿਸਤਾਨ ਦੇ ਮਸ਼ਹੂਰ ਟੀ.ਵੀ. ਐਂਕਰ ਅਤੇ ਪੱਤਰਕਾਰ ਆਫ਼ਤਾਬ ਇਕਬਾਲ ਨੇ ਐਕਸਪ੍ਰੈੱਸ ਨਿਊਜ਼ ਚੈਨਲ 'ਤੇ ਆਪਣੇ ਸ਼ੋਅ 'ਖ਼ਬਰਦਾਰ' ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਨਾਸਿਰ ਨੇ ਆਫ਼ਤਾਬ ਇਕਬਾਲ ਨੂੰ ਕਿਹਾ ਕਿ ਉਹ ਥੀਏਟਰ ਨਹੀਂ ਛੱਡ ਸਕਦਾ ਕਿਉਂਕਿ ਟੀ.ਵੀ. 'ਤੇ ਕੰਮ ਕਰਨ ਲਈ ਉਸ ਨੂੰ ਬਹੁਤ ਸਮੇਂ ਦੀ ਲੋੜ ਪਵੇਗੀ, ਜਿਸ ਬਦਲੇ ਉਹ ਥੀਏਟਰ ਕਰਨ ਲਈ ਸਮਾਂ ਨਹੀਂ ਕੱਢ ਪਾਵੇਗਾ, ਜੋ ਉਸ ਨੂੰ ਮਨਜ਼ੂਰ ਨਹੀਂ। ਪਰ ਜਦ ਆਫ਼ਤਾਬ ਇਕਬਾਲ ਨੇ ਉਸ ਨੂੰ ਭਰੋਸਾ ਦਿੱਤਾ ਕਿ ਟੀ.ਵੀ. ਦੇ ਕੰਮ ਕਰਕੇ ਉਸ ਦੇ ਥੀਏਟਰ ਦਾ ਕੰਮ ਪ੍ਰਭਾਵਿਤ ਨਹੀਂ ਹੋਵੇਗਾ। ਇਸ ਤਰ੍ਹਾਂ ਨਾਸਿਰ ਚਨਿਓਟੀ ਨੇ ਟੀ.ਵੀ. 'ਤੇ ਆਪਣੇ ਕੈਰੀਅਰ ਦਾ ਆਗਾਜ਼ ਕੀਤਾ। ਸ਼ੋਅ ਖ਼ਬਰਦਾਰ ਲੋਕਾਂ ਵਿਚ ਕਾਫੀ ਹਰਮਨ ਪਿਆਰਾ ਹੋਇਆ, ਇਸ ਵਿਚ ਨਾਸਿਰ ਦੇ ਨਾਲ ਉਸ ਦੇ ਥੀਏਟਰ ਕਲਾਕਾਰਾਂ ਨੇ ਵੀ ਕੰਮ ਕੀਤਾ। ਇਹ ਸ਼ੋਅ ਸੰਨ 2015 ਤੋਂ ਲੈ ਕੇ 2018 ਤੱਕ ਟੀ.ਵੀ. 'ਤੇ ਪ੍ਰਸਾਰਿਤ ਹੁੰਦਾ ਰਿਹਾ। ਇਸ ਸ਼ੋਅ ਤੋਂ ਬਾਅਦ ਨਾਸਿਰ ਨੇ ਆਫ਼ਤਾਬ ਇਕਬਾਲ ਦੇ ਆਪਣੇ ਨਿੱਜੀ ਚੈਨਲ 'ਤੇ ਮਜਾਹੀਆ ਸ਼ੋਅ ਖ਼ਬਰਜ਼ਾਰ ਵਿਚ ਵੀ ਕੰਮ ਕੀਤਾ, ਜੋ ਸਾਲ 2018 ਤੋਂ ਲੈ ਕੇ ਜਨਵਰੀ 2020 ਤੱਕ ਚੱਲਿਆ ਤੇ ਹੁਣ ਇਸੇ ਟੀਮ ਨਾਲ ਨਾਸਿਰ ਨਿਓ ਟੀ.ਵੀ. ਦੇ ਸ਼ੋਅ ਖ਼ਬਰਯਾਰ ਵਿਚ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਨਾਸਿਰ ਚਨਿਓਟੀ ਨੇ ਕੁਝ ਪਾਕਿਸਤਾਨੀ ਫਿਲਮਾਂ ਵਿਚ ਵੀ ਆਪਣੀ ਕਲਾ ਦੇ ਜ਼ੌਹਰ ਦਿਖਾਏ, ਜਿਨ੍ਹਾਂ ਵਿਚ ਵੰਨ ਟੂ ਕਾ ਫੋਰ, ਗੁਲਾਬੋ, ਨੋ ਟੈਨਸ਼ਨ ਅਤੇ 2023 ਵਿਚ ਰਿਲੀਜ਼ ਹੋਈ ਫ਼ਿਲਮ ਸੁਪਰ ਪੰਜਾਬੀ ਪ੍ਰਮੁੱਖ ਹਨ।


**ਪੌਲੀਵੁੱਡ ਫਿਲਮਾਂ ਵਿਚ ਐਂਟਰੀ** :- ਸੰਨ 2019 ਵਿਚ ਰਿਦਮ ਬੁਆਇਜ਼ ਐਨਟਰਟੇਨਮੈਂਟ ਫਿਲਮ ਕੰਪਨੀ ਵੱਲੋਂ ਇੱਕ ਫਿਲਮ ਬਣਾਈ ਗਈ "ਚਲ ਮੇਰਾ ਪੁੱਤ" ਜਿਸ ਦੀ ਖਾਸੀਅਤ ਇਹ ਸੀ ਕਿ ਇਸ ਫਿਲਮ ਵਿਚ ਪਹਿਲੀ ਵਾਰ ਲਹਿੰਦੇ ਪੰਜਾਬ ਦੇ ਥੀਏਟਰ ਦੇ ਬਹੁਤ ਵੱਡੇ ਫ਼ਨਕਾਰ ਇਫ਼ਤਿਖ਼ਾਰ ਠਾਕੁਰ, ਅਕਰਮ ਉਦਾਸ, ਨਾਸਿਰ ਚਨਿਓਟੀ, ਆਗਾ ਮਾਜਿਦ ਅਤੇ ਚੜ੍ਹਦੇ ਪੰਜਾਬ ਦੇ ਅਦਾਕਾਰ ਅਮਰਿੰਦਰ ਗਿੱਲ, ਸਿੰਮੀ ਚਾਹਲ, ਹਰਦੀਪ ਗਿੱਲ ਅਤੇ ਗੁਰਸ਼ਬਦ ਹੋਰਾਂ ਨੇ ਇਕੱਠਿਆਂ ਕੰਮ ਕੀਤਾ। ਨਾਸਿਰ ਚਨਿਓਟੀ ਨੇ ਇਸ ਫਿਲਮ ਵਿਚ ਤਬਰੇਜ਼ ਨਾਂ ਦੇ ਵਿਅਕਤੀ ਦਾ ਕਿਰਦਾਰ ਅਦਾ ਕੀਤਾ, ਜੋ ਪਾਕਿਸਤਾਨੋਂ ਯੂ.ਕੇ. ਰੁਜ਼ਗਾਰ ਦੀ ਤਲਾਸ਼ ਵਿਚ ਆਪਣੇ ਦੋਸਤ ਬੂਟੇ ਅਦਾਕਾਰ ਅਕਰਮ ਉਦਾਸ ਨਾਲ ਆਇਆ ਹੁੰਦਾ। ਨਾਸਿਰ ਦੇ ਫਿਲਮ ਵਿਚਲੇ ਕਿਰਦਾਰ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਅਤੇ ਨਾਲ ਹੀ ਇਸ ਫਿਲਮ ਤੋਂ ਬਾਅਦ ਨਾਸਿਰ ਦੇ ਪ੍ਰਸ਼ੰਸਕਾਂ ਦੀ ਗਿਣਤੀ ਵਿਚ ਵੀ ਚੋਖਾ ਵਾਧਾ ਹੋ ਗਿਆ। 26 ਜੁਲਾਈ, 2019 ਨੂੰ ਰਿਲੀਜ਼ ਹੋਈ ਇਸ ਫਿਲਮ ਨੇ ਰਿਕਾਰਡਤੋੜ ਬਿਜ਼ਨਸ ਕੀਤਾ ਅਤੇ ਉਸ ਸਾਲ ਦੀ ਬੈਸਟ ਫਿਲਮ ਅਤੇ ਬੈਸਟ ਫਿਲਮ ਡੈਬਿਊ ਨਿਰਦੇਸ਼ਕ ਦਾ ਅਵਾਰਡ ਵੀ ਹਾਸਲ ਕੀਤਾ। ਇਸ ਤਰ੍ਹਾਂ ਨਾਸਿਰ ਚਨਿਓਟੀ ਦੀ ਪੌਲੀਵੁੱਡ ਫਿਲਮਾਂ ਵਿਚ ਸ਼ਾਨਦਾਰ ਐਂਟਰੀ ਹੋਈ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਇਸੇ ਫਿਲਮ ਦਾ ਅਗਲਾ ਭਾਗ 'ਚਲ ਮੇਰਾ ਪੁੱਤ 2' ਬਣਾਇਆ ਗਿਆ, ਜਿਸ ਵਿਚ ਪਾਕਿਸਤਾਨ ਦੇ ਕੁਝ ਹੋਰ ਮਜਾਹੀਆ ਅਦਾਕਾਰ ਜ਼ਫਰੀ ਖਾਨ, ਅਮਾਨਤ ਚੰਨ ਅਤੇ ਰੂਬੀ ਅਨਮ ਨੂੰ ਵੀ ਸ਼ਾਮਿਲ ਕੀਤਾ ਗਿਆ। 13 ਮਾਰਚ 2020 ਨੂੰ ਰਿਲੀਜ਼ ਹੋਈ ਇਸ ਫਿਲਮ ਨੂੰ ਕਰੋਨਾ ਮਹਾਮਾਰੀ ਦੇ ਕਾਰਣ ਹੋਏ ਲਾਕਡਾਊਨ ਦੀ ਵਜ੍ਹਾ ਦੇ ਕਾਰਣ ਤੀਸਰੇ ਦਿਨ ਹੀ ਸਿਨਮਿਆ ਤੋਂ ਹਟਾਉਣਾ ਪਿਆ। ਇਕ ਵਾਰ ਫਿਰ ਇਸ ਫ਼ਿਲਮ ਨੂੰ ਮਿਤੀ 27 ਅਗਸਤ 2021 ਨੂੰ ਦੁਬਾਰਾ ਭਾਰਤ, ਇੰਗਲੈਂਡ, ਕੈਨੇਡਾ, ਆਸਟਰੇਲੀਆ ਸਣੇ ਕਈ ਮੁਲਕਾਂ ਵਿਚ ਰਿਲੀਜ਼ ਕੀਤਾ ਗਿਆ ਤੇ ਇਸ ਫ਼ਿਲਮ ਨੂੰ ਵੀ ਬਾਕਸ ਆਫ਼ਿਸ 'ਤੇ ਬੇਹੱਦ ਸਫ਼ਲਤਾ ਹਾਸਿਲ ਹੋਈ। ਇਸ ਫ਼ਿਲਮ ਤੋਂ ਬਾਅਦ ਨਾਸਿਰ ਨੇ ਚੱਲ ਮੇਰਾ ਪੁੱਤ ਦਾ ਤੀਸਰਾ ਭਾਗ ਵਿਚ ਵੀ ਵਧੀਆ ਅਦਾਕਾਰੀ ਕੀਤੀ। ਇਨ੍ਹਾਂ ਫ਼ਿਲਮਾਂ ਤੋਂ ਬਾਅਦ ਨਾਸਿਰ ਨੇ ਹੋਰ ਜਿਨ੍ਹਾਂ ਪੰਜਾਬੀ ਫ਼ਿਲਮਾਂ ਵਿਚ ਕੰਮ ਕੀਤਾ, ਉਨ੍ਹਾਂ ਵਿਚ ਪ੍ਰਮੁੱਖ ਹਨ: 'ਆਜਾ ਮੈਕਸੀਕੋ ਚੱਲੀਏ', 'ਹਨੀਮੂਨ', 'ਅੰਨ੍ਹੀ ਦਿਆ ਮਜਾਕ ਏ', 'ਹਨੀਮੂਨ', 'ਮੌਜਾਂ ਹੀ ਮੌਜਾਂ' ਪਿਛਲੇ ਸਾਲ 2023 ਵਿਚ ਰਿਲੀਜ਼ ਹੋਈ ਫ਼ਿਲਮ 'ਕੈਰੀ ਆਨ ਜੱਟਾ 3' ਜਿਸ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ ਤੇ 100 ਕਰੋੜ ਤੋਂ ਜ਼ਿਆਦਾ ਦੀ ਕਮਾਈ ਕਰਕੇ ਇਸ ਫ਼ਿਲਮ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ। ਹਾਲ ਹੀ ਵਿਚ 27 ਜੂਨ 2024 ਨੂੰ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ' ਵਿਚ ਵੀ ਨਾਸਿਰ ਚਨਿਓਟੀ ਨੇ ਖ਼ੂਬਸੂਰਤ ਕਿਰਦਾਰ ਅਦਾ ਕੀਤਾ। ਇਹ ਫ਼ਿਲਮ ਵੀ ਸਫ਼ਲਤਾ ਦੀ ਨਵੀਂ ਇਬਾਰਤ ਲਿਖ ਰਹੀ ਹੈ ਅਤੇ ਹੁਣ ਤੱਕ ਫ਼ਿਲਮ 104 ਕਰੋੜ ਤੋਂ ਵੱਧ ਦਾ ਬਿਜ਼ਨਸ ਕਰ ਚੁੱਕੀ ਹੈ। ਆਉਣ ਵਾਲੇ ਸਮੇਂ ਵਿਚ ਨਾਸਿਰ ਹੋਰ ਵੀ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿਚ ਵੱਖ-ਵੱਖ ਕਿਰਦਾਰ ਅਦਾ ਕਰਦੇ ਨਜ਼ਰ ਆਉਣਗੇ।

**ਵਿਆਹੁਤਾ ਜ਼ਿੰਦਗੀ**:- ਨਾਸਿਰ ਚਨਿਓਟੀ ਨੇ ਆਪਣੇ ਆਪ ਨੂੰ ਇਕ ਕਾਮਯਾਬ ਅਦਾਕਾਰ ਬਣਾਉਣ ਲਈ ਕਈ ਸਾਲ ਸੰਘਰਸ਼ ਕੀਤਾ। ਥੀਏਟਰ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਤੋਂ ਬਾਅਦ ਨਾਸਿਰ ਨੇ ਸ਼ਾਦੀ ਕਰਵਾਈ ਅਤੇ ਇਨ੍ਹਾਂ ਘਰ ਤਿੰਨ ਬੱਚਿਆਂ ਨੇ ਜਨਮ ਲਿਆ, ਦੋ ਬੇਟੇ ਉਜ਼ੈਰ ਨਾਸਿਰ ਅਤੇ ਵਕਾਰ ਨਾਸਿਰ ਅਤੇ ਇੱਕ ਬੇਟੀ ਮਰਵਾ ਨਾਸਿਰ।

ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਅਤੇ ਬਹੁਤ ਹੀ ਜ਼ਿੰਦਾਦਿਲ, ਹਸਮੁੱਖ ਸੁਭਾਅ ਦੇ ਮਾਲਿਕ ਨਾਸਿਰ ਚਨਿਓਟੀ ਆਪਣੇ ਪਰਿਵਾਰ ਨਾਲ ਲਾਹੌਰ ਵਿਖੇ ਖ਼ੁਸ਼ਹਾਲ ਜ਼ਿੰਦਗੀ ਬਸਰ ਕਰ ਰਹੇ ਹਨ।

# ਹੁਣ ਤਾਂ ਸ਼ਾਇਦ

**ਰੀਵਿਊਕਾਰ: ਬਲਜਿੰਦਰ ਮਾਨ**
**ਗ਼ਜ਼ਲਗੋ: ਸ਼ਮਸ਼ੇਰ ਮੋਹੀ**
**ਪ੍ਰਕਾਸ਼ਕ: ਸਪਰੈਡ ਪਬਲੀਕੇਸ਼ਨ ਰਾਮਪੁਰ (ਪੰਜਾਬ)**
**ਪੰਨੇ:80, ਮੁੱਲ 200 /-**




-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
ਪੰਜਾਬ ਮੇਲ USA



ਸਿਰਜਣਾ, ਸੰਪਾਦਨਾ ਅਤੇ ਆਲੋਚਨਾ ਆਦਿ ਖੇਤਰਾਂ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਸਾਹਿਤਕਾਰ ਸ਼ਮਸ਼ੇਰ ਸਿੰਘ ਮੋਹੀ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕਰ ਚੁੱਕੇ ਹਨ। ਉਨ੍ਹਾਂ ਦੀ ਪੁਸਤਕ 'ਪੰਜਾਬੀ ਗਜ਼ਲ ਚਿੰਤਨ' ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਇਸੇ ਤਰ੍ਹਾਂ ਉਨਾਂ ਦੇ ਗ਼ਜ਼ਲ ਸੰਗ੍ਰਹਿ ਵੀ ਬਹੁਤ ਮਕਬੂਲ ਹੋਏ ਹਨ। ਉਹ ਲਿਖਦੇ ਬਹੁਤ ਘੱਟ ਹਨ ਪਰ ਜੋ ਵੀ ਲਿਖਦੇ ਹਨ ਕਮਾਲ ਦਾ ਲਿਖਦੇ ਹਨ। ਉਨ੍ਹਾਂ ਦੀ ਸ਼ਾਇਰੀ ਦਾ ਇਹ ਕਮਾਲ ਹੈ ਕਿ ਹਰ ਸ਼ਬਦ ਵਿਚੋਂ ਇੱਕ ਪੂਰਾ ਵਿਸ਼ਾ ਨਿਕਲਦਾ ਹੈ ਅਤੇ ਅਗਲੇ ਸ਼ਬਦ ਵਿਚ ਉਸ ਵਿਸ਼ੇ ਦਾ ਨਿਤਾਰਾ ਹੋ ਜਾਂਦਾ ਹੈ। ਸ਼ਬਦ ਦੀ ਸਾਧਨਾ ਕਰਨ ਵਾਲੇ ਸ਼ਾਇਰ ਸ਼ਮਸ਼ੇਰ ਮੋਹੀ ਨੇ ਗ਼ਜ਼ਲ ਖੇਤਰ ਵਿਚ ਪਿੰਗਲ ਅਰੂਜ ਦਾ ਗਿਆਨ ਹਾਸਲ ਕਰਕੇ ਬੁਲੰਦੀਆਂ ਨੂੰ ਛੂਹਿਆ ਹੈ। ਹਰ ਗ਼ਜ਼ਲ ਵਿਚੋਂ ਨਵੀਂ ਸੁਰਤਾਲ ਉਭਰਦੀ ਹੋਈ ਪੂਰੀ ਕਾਇਨਾਤ ਵਿਚ ਫੈਲ ਜਾਂਦੀ ਹੈ। ਕੁਦਰਤ ਦੇ ਅੰਗ-ਸੰਗ ਹੋਣਾ ਅਤੇ ਕੁਦਰਤ ਦਾ ਆਨੰਦ ਮਾਨਣ ਦੀ ਕਲਾ ਉਸ ਦੀਆਂ ਗ਼ਜ਼ਲਾਂ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ। ਆਪਣੀਆਂ ਗ਼ਜ਼ਲਾਂ ਰਾਹੀਂ ਉਹ ਆਪਣੀਆਂ ਕਲਾਤਮਿਕ ਜੁਗਤਾਂ ਨੂੰ ਸਿਖਰ ਵੱਲ ਤੋਰਦਾ ਹੈ। ਨਵੇਂ ਕਾਫੀਏ ਸਿਰਜਕੇ ਗ਼ਜ਼ਲ ਦੇ ਰੰਗ ਰੂਪ ਨੂੰ ਸ਼ਿੰਗਾਰਦਾ ਅਤੇ ਸੰਵਾਰਦਾ ਹੈ। ਕਦੀ ਉਹ ਆਪਣੇ ਪਿਆਰ ਦੀ ਗੱਲ ਕਰਦਾ ਹੈ ਤੇ ਕਦੀ ਇਸ ਸੰਸਾਰ ਦੀ ਗੱਲ ਕਰਦਾ ਹੈ। ਗੱਲਾਂ ਵਿਚੋਂ ਗੱਲ ਕਰਦਾ ਉਹ ਦੇਸ਼ ਦੁਨੀਆਂ ਦੇ ਹਰ ਕੋਨੇ ਤੱਕ ਫੈਲ ਜਾਂਦਾ ਹੈ। ਸਮਾਜਿਕ, ਰਾਜਸੀ, ਧਾਰਮਿਕ, ਆਰਥਿਕ ਅਤੇ ਵਿੱਦਿਅਕ ਪਸਾਰੇ ਨੂੰ ਉਹ ਭਲੀਭਾਂਤ ਵਿਚਾਰਦਾ ਅਤੇ ਨਿਖਾਰਦਾ ਹੈ।

ਹੱਥਲੀ ਪੁਸਤਕ "ਹੁਣ ਤਾਂ ਸ਼ਾਇਦ" 58 ਗ਼ਜ਼ਲਾਂ ਦਾ ਇੱਕ ਵੰਨ-ਸਵੰਨਾ ਸੰਗ੍ਰਹਿ ਹੈ। ਇਨ੍ਹਾਂ ਭਾਂਤ-ਸੁਵੰਤੀਆਂ ਗ਼ਜ਼ਲਾਂ ਦਾ ਪਾਠ ਕਰਦਿਆਂ ਪਾਠਕ ਇੱਕ ਅਨੋਖੀ ਦੁਨੀਆਂ ਦਾ ਪਾਂਧੀ ਬਣ ਜਾਂਦਾ ਹੈ। ਉਸ ਨੂੰ ਦੇਸ਼ ਦੁਨੀਆਂ ਦੇ ਦੁੱਖਾਂ ਦਰਦਾਂ ਦਾ ਅਹਿਸਾਸ ਵੀ ਹੁੰਦਾ ਹੈ। ਪਿਆਰ ਸਤਿਕਾਰ ਮੁਹੱਬਤ ਦੇ ਘੋੜੇ ਲੰਮੀ ਦੌੜ ਦੌੜਦੇ ਦਿਖਾਈ ਦਿੰਦੇ ਹਨ। ਕਵੀ ਨਿੱਜ ਤੋਂ ਪਰ ਵਲ ਨੂੰ ਤੁਰਦਾ ਹੋਇਆ ਇਸ ਧਰਤੀ ਨੂੰ ਸੋਹਣਾ ਤੇ ਸੁਚੱਜਾ ਬਣਾਉਣ ਦੀ ਚਿੰਤਾ 'ਤੇ ਚਿੰਤਨ ਕਰਦਾ ਹੈ। ਉਹ ਸ਼ਬਦਾਂ ਦੀ ਜਾਦੂਗਰੀ ਨਾਲ ਇਸ ਧਰਤੀ ਨੂੰ ਰਹਿਣ ਯੋਗ ਅਤੇ ਮਾਨਣਯੋਗ ਬਣਾਉਣ ਦੀਆਂ ਜੁਗਤਾਂ ਵੀ ਦੱਸਦਾ ਹੈ। ਜੁਗਤੀ ਕਵੀ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ। ਇਸ ਦੇ ਨਾਲ ਹੀ ਇਨ੍ਹਾਂ ਸ਼ਬਦਾਂ ਨੂੰ ਕਾਵਮਈ, ਸੁਰਮਈ ਅਤੇ ਕਲਾਮਈ ਸਿਰਜਣਾ ਦੀ ਕਲਾ ਵੀ ਮੌਜੂਦ ਹ। ਉਹ ਰਾਜਸੀ ਵਰਤਾਰੇ 'ਤੇ ਚੋਟ ਕਰਦਾ ਹੋਇਆ ਕਮਾਲ ਦੀ ਰਚਨਾ ਕਰਦਾ ਹੈ:

ਮੁਕਾਓ ਗੱਲ, ਦਿਓ ਜੋ ਵੀ ਸਜ਼ਾ ਬਣਦੀ ਹੈ ਮੇਰੀ
ਮੈਂ ਅੱਜਕੱਲ੍ਹ ਨਾਬਰਾਂ ਵਿਚ ਨਾਂ ਲਿਖਾਉਣਾ ਲੋਚਦਾ ਹਾਂ।

ਉਹ ਦਰਪੇਸ਼ ਮਸਲਿਆਂ ਦੀ ਸਿਰਫ ਬਾਤ ਹੀ ਨਹੀਂ ਪਾਉਂਦਾ, ਸਗੋਂ ਸਾਨੂੰ ਹੌਂਸਲਾ ਦ੍ਰਿੜ੍ਹਤਾ ਅਤੇ ਲਗਨ ਆਦਿ ਦੇ ਪਾਠ ਸਿਖਾਉਂਦਾ ਹੋਇਆ, ਸਮੇਂ ਲਈ ਤਿਆਰ ਵੀ ਕਰਦਾ ਹੈ। ਗ਼ਜ਼ਲ ਮਸਲਾ ਕੀ ਹੈ ਦੇ ਕੁਝ ਸ਼ੇਅਰ ਇੱਥੇ ਜ਼ਿਕਰ ਦੀ ਮੰਗ ਕਰਦੇ ਹਨ:-

ਕੰਬੀ ਜਾਨੈ, ਸੁਕਦਾ ਜਾਨਾ, ਮਸਲਾ ਕੀ ਹੈ
ਸਫਰ ਪਿਆ ਪਰ ਰੁੱਕਦਾ ਜਾਨੈ, ਮਸਲਾ ਕੀ ਹੈ ?
ਏਨਾ ਕੁਝ ਹੈ ਮਾਣਨ ਨੂੰ ਮਾਣੇ ਨਾ 'ਮੋਹੀ'
ਕਿਉਂ ਤੂੰ ਝੁਰ-ਝੁਰ ਮੁਕਦਾ ਜਾਨੈ, ਮਸਲਾ ਕੀ ਹੈ ?

ਅਜਿਹੀਆਂ ਪ੍ਰੇਰਨਾਦਾਇਕ ਅਤੇ ਮਨੋਰੰਜਕ ਗ਼ਜ਼ਲਾਂ ਮਨੁੱਖੀ ਮਨ ਨੂੰ ਝੰਜੋੜਦੀਆਂ ਹਨ। ਉਹ ਸਮੇਂ ਦੇ ਹਾਕਮਾਂ ਨੂੰ ਵੀ ਸੁਚੇਤ ਕਰਦਾ ਹੈ। ਇਥੋਂ ਤੱਕ ਕਿ ਲੋਕਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਾ ਹੋਇਆ ਤਰੱਕੀ ਦੀਆਂ ਮੰਜ਼ਿਲਾਂ ਵੱਲ ਵੱਧਦਾ ਜਾਂਦਾ ਹੈ। ਉਸਦੀ ਵਿਚਾਰਧਾਰਕ ਚੇਤਨਾ, ਗਤੀਸ਼ੀਲਤਾ, ਨਿਡਰਤਾ ਅਤੇ ਗਹਿਰੇ ਅਨੁਭਵ ਇਨ੍ਹਾਂ ਗ਼ਜ਼ਲਾਂ ਵਿਚ ਮਹਿਕਦੇ ਅਤੇ ਟਹਿਕਦੇ ਹਨ। ਇਸ ਤਰ੍ਹਾਂ ਇਹ ਗ਼ਜ਼ਲ ਸੰਗ੍ਰਹਿ ਜਿੱਥੇ ਕਾਵਿ ਕਲਾ ਦਾ ਉੱਤਮ ਨਮੂਨਾ ਬਣਦਾ ਹੈ, ਉਥੇ ਜੀਵਨ ਦੇ ਉਸਾਰੂ ਮੁੱਲਾਂ ਦੀ ਸਾਂਭ ਸੰਭਾਲ ਵੀ ਕਰਦਾ ਹੈ। ਉਹ ਗ਼ਜ਼ਲ ਦੇ ਅੰਤਰ ਨਾਦ ਦੀ ਆਵਾਜ਼ ਬਣਦਾ ਹੋਇਆ ਸ਼ਾਇਰੀ ਦੇ ਰੰਗਾਂ ਵਿਚ ਆਪਣੇ ਨਿਵੇਕਲੇ ਰੰਗ ਘੋਲਦਾ ਹੈ। ਜਿਸ ਕਰਕੇ ਹਰ ਮਹਿਫਲ ਵਿਚ ਪਿਆਰ ਮੁਹੱਬਤ ਅਤੇ ਸਤਿਕਾਰ ਨਾਲ ਝੋਲੀਆਂ ਭਰ ਲੈਂਦਾ ਹੈ। ਇਹ ਗਜ਼ਲ ਸੰਗ੍ਰਹਿ ਨਵਿਆਂ ਲਈ ਪ੍ਰੇਰਨਾਦਾਇਕ ਅਤੇ ਪਰੋੜ ਪਾਠਕਾਂ ਲਈ ਮਾਨਣਯੋਗ ਹੈ।

## ਓਲੰਪੀਅਨ ਇਸਤਰੀ ਪਹਿਲਵਾਨ ਵਿਨੇਸ਼ ਫੋਗਾਟ ਲਈ ਕਵਿਤਾ ਰਾਹੀਂ ਅਪੀਲ ਅਤੇ ਹੌਂਸਲਾ



ਓਲੰਪਿਕ ਖੇਡਾਂ ਦੌਰਾਨ ਮੰਗਲਵਾਰ ਨੂੰ ਪੈਰਿਸ 'ਚ ਹੋਏ ਫ੍ਰੀ ਸਟਾਈਲ ਕੁਸ਼ਤੀ ਦੇ 50 ਕਿੱਲੋ ਵਰਗ ਦੇ ਮੁਕਾਬਲੇ 'ਚ ਕਿਊਬਾ ਦੀ ਭਲਵਾਨ ਗੁਜ਼ਮੈਨ ਲੋਪੇਜ਼ ਨੂੰ ਚਿੱਤ ਕਰਦੀ ਵਿਨੇਸ਼ ਫੋਗਾਟ।

(1) ਖੇਡਣ ਦਿਓ ਫੋਗਾਟ ਰਾਣੀ ਨੂੰ ਜੋ ਸੋਨਪਰੀ ਅਖਵਾਏਗੀ।
ਬਣ ਪਹਿਲਵਾਨ ਓਲੰਪਿਕ ਦੀ ਭਾਰਤ ਦਾ ਝੰਡਾ ਲਹਿਰਾਏਗੀ।

(2) ਆਪ ਜਿੱਤੀ ਹੈ, ਆਪ ਹਾਰੀ ਨਹੀਂ।
ਖੁਸ਼ੀ 'ਚ ਖੂਨ ਵੱਧ ਜਾਂਦਾ, ਕਿਸੇ ਨੇ ਗੱਲ ਵੀਚਾਰੀ ਨਹੀਂ।
ਸਭ ਜਾਣਦੇ ਫੋਗਾਟ ਜਿੱਤ ਜਾਣਾ, ਵਿਰੋਧੀ ਨੂੰ ਜ਼ਰੂਰ ਹਰਾਏਗੀ।
ਖੇਡਣ ਦਿਓ ਫੋਗਾਟ ਰਾਣੀ ਨੂੰ...

(3) ਕੁਦਰਤ ਦੇ ਅਸੂਲ ਵੱਖਰੇ ਨੇ ਉਲੰਪਿਕ ਵਾਲੇ ਜਾਣਦੇ ਨਹੀਂ।
ਭਾਰ ਖੁਸ਼ੀ 'ਚ ਵੱਧ ਜਾਂਦਾ, ਸੂਖਮ ਤੱਤ ਨੂੰ ਭਾਲਦੇ ਨਹੀਂ।
ਫਾਈਨਲ 'ਚ ਪਹੁੰਚੀ ਫੋਗਾਟ ਸ਼ੇਰਨੀ ਵਿਰੋਧੀ ਨੂੰ ਧੂੜ ਚਟਾਏਗੀ।
ਖੇਡਣ ਦਿਓ ਫੋਗਾਟ ਰਾਣੀ ਨੂੰ...

(4) ਪੰਜਾਬ ਤੋਂ ਵੱਖ ਕੀਤੇ, ਹਰਿਆਣੇ ਦੀ ਤੂੰ ਜਾਈ ਏਂ।
ਜਾਟਾਂ ਦੀ ਤੂੰ ਧੀ ਏਂ, ਭਾਰਤ 'ਚ ਸਭ ਨੂੰ ਭਾਈਂ ਏਂ।
ਚੱਕ ਦੇ ਇੰਡੀਆ ਨਾਹਰੇ ਦੀ ਸ਼ਾਨ 'ਰੰਧਾਵਾ' ਵਧਾਏਗੀ।
ਖੇਡਣ ਦਿਓ ਫੋਗਾਟ ਰਾਣੀ ਨੂੰ ਜੋ ਸੋਨਪਰੀ ਅਖਵਾਏਗੀ।
ਬਣ ਪਹਿਲਵਾਨ ਓਲੰਪਿਕ ਦੀ ਭਾਰਤ ਦਾ ਝੰਡਾ ਲਹਿਰਾਏਗੀ ।

ਲੇਖਕ:-ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਗੁਰੂ ਕੀ ਵਡਾਲੀ, ਛੇਹਰਟਾ
99880-66466



ਪੰਜਾਬ ਮੇਲ USA

## ਆਜ਼ਾਦੀ ਨੂੰ ਸਵਾਲ

ਲੱਖ-ਲੱਖ ਜਸ਼ਨ ਮਨਾ ਨਾ ਥੱਕੇ,
ਸੋਹਿਲੇ ਨਹੀਂ ਤੇਰੇ ਗਾ-ਗਾ ਅੱਕੇ।
ਚਾਅ ਖੁਸ਼ੀਆਂ ਨਹੀਂ ਹਾਲੇ ਲੱਥੇ,
ਪਰ ਕਾਲਖ਼ ਲੱਗੀ ਹੈ ਤੇਰੇ ਮੱਥੇ।
ਕੰਨ ਖੋਲ੍ਹਕੇ ਸੁਣ ਜ਼ਰਾ ਖਾਕਾ,
ਜਲ੍ਹਿਆਂ ਵਾਲੇ ਬਾਗ ਦਾ ਸਾਕਾ।
ਸੰਨ ਸੰਤਾਲੀ ਤੋਂ ਪੰਜਾਬ ਬੇਹਾਲ,
ਤੜਫ਼ ਰਿਹਾ ਹੈ ਪੱਛਮੀ ਬੰਗਾਲ।
ਸੰਨ ਚੌਰਾਸੀ ਦੇ ਵਰਤੇ ਕਹਿਰ,
ਦਿੱਲੀ ਸਮੇਤ ਵੱਖ-ਵੱਖ ਸ਼ਹਿਰ।
ਮੁੰਬਈ-ਮਾਲੇਗਾਓਂ ਬੰਬ ਧਮਾਕੇ,
ਗੋਧਰਾ ਕਾਂਡ ਵਾਲੇ ਪਏ ਪਟਾਕੇ।
ਕਿਸ ਬਦਲੀ ਸੀ ਜ਼ਹਿਨੀਅਤ,
ਕਿੰਝ ਮਰੀ ਸੀ ਇਨਸਾਨੀਅਤ ?
ਮਜ਼੍ਹਬਾਂ ਨੇ ਕਿੰਝ ਅੱਤ ਚੁੱਕੀ ਸੀ
ਹੈਵਾਨਾਂ ਨੇ ਕਿੰਝ ਪੱਤ ਲੁੱਟੀ ਸੀ ?
ਖੇਤਾਂ 'ਚੋਂ ਮੁੱਕੀ ਨਹੀਂ ਮੰਦਹਾਲੀ,
ਰੋਂਦੇ ਫਿਰਦੇ ਕਿਉਂ ਹਾਲੀ-ਪਾਲੀ ?
ਭੁੱਖਾ ਕਿਉਂ ਮਜ਼ਦੂਰ ਸੌਂਦੈ ਹਾਲੇ,
ਝੱਲਕੇ ਸਿਰ ਧੁੱਪਾਂ ਕੱਕਰ-ਪਾਲੇ ?
ਜਦੋਂ ਦੇਖੇ ਬੇਰੁਜ਼ਗਾਰਾਂ ਦੀ ਭੀੜ,
ਸਰਕਾਰਾਂ ਰਹੀਆਂ ਦੰਦ ਕਰੀੜ।
ਅੱਸੀ ਕਰੋੜ ਨੂੰ ਦੋ ਜੂਨ ਦੇ ਲਾਲੇ,
ਦੇਹਕੇ ਪੰਜ ਕਿਲੋ ਚੌਲ ਜਿਵਾਲੇ।
ਪਹਿਲਵਾਨਾਂ ਦੀ ਬਣਾਈ ਰੇਲ,
ਮਨੀਪੁਰ ਹੈਵਾਨੀਅਤ ਦਾ ਖੇਲ੍ਹ।
ਹੱਦ ਟੱਪੀ ਗਰੀਬੀ ਮਹਿੰਗਾਈ,
ਅਜ਼ਾਦੀ ਅਮੀਰ ਦੇ ਹਿੱਸੇ ਆਈ।
ਜ਼ਮੀਰ ਕਦਰਾਂ ਸਭ ਗਏ ਸੰਤਾਪੇ,
ਭਾਈ-ਭਤੀਜਾਵਾਦ ਪਾਏ ਸਿਆਪੇ।
ਨਿਜ਼ਾਮ ਨੂੰ ਵੀ ਪਈ ਹੈ ਬਿਮਾਰੀ,
ਦਨਦਨਾਉਂਦੀ ਹੈ ਭ੍ਰਿਸ਼ਟਾਚਾਰੀ।
ਫਿਰਕਾਪ੍ਰਸਤਾਂ ਨੇ ਚੁੱਕੇ ਤ੍ਰਿਸ਼ੂਲ,
ਲੋਕਤੰਤਰ ਦੀ ਕਰ ਵਿੰਗੀ ਚੂਲ।
ਸੰਸਦ ਸੀ ਇੱਕ ਪਵਿੱਤਰ ਮੰਦਰ,
ਪਰ ਐੱਮ.ਪੀ. ਨੇ ਨਿਰੇ ਕਲੰਦਰ।
ਫਸ ਗਈ ਬੇੜੀ ਵਿਚ ਮੰਝਧਾਰ,
ਪਾਰ ਲਾਊਗਾ ਕਿਹੜਾ ਪਤਵਾਰ ?

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## "ਵੀਰਾ ਤੇਰੇ ਸੋਹਣੇ ਗੁੱਟ

ਵੀਰਾ ਤੇਰੇ ਸੋਹਣੇ ਗੁੱਟ 'ਤੇ
ਆਜਾ ਸੋਹਣਿਆਂ ਵੇ ਰੱਖੜੀ ਸਜਾਵਾਂ।
ਮਾਂ ਜਾਏ ਪਿਆਰੇ ਵੀਰਿਆ
ਤੈਨੂੰ ਵੇਖ ਵੇਖ ਫੁੱਲੀ ਨਾ ਸਮਾਵਾਂ।

ਨਿੱਘਾ ਪਿਆਰ ਵੀਰ ਭੈਣ ਦਾ
ਇਸ ਰੱਖੜੀ ਦੇ ਵਿਚ ਹੈ ਸਮਾਇਆ
ਤਿਉਹਾਰ ਸਾਲ ਬਾਅਦ ਵੀਰਨਾ
ਸੁੱਖਾਂ ਸੁੱਖਦੀ ਨੂੰ ਮਸਾਂ ਅੱਜ ਆਇਆ
ਰੀਝਾਂ ਨਾਲ ਗੁੰਦ ਲੋਗੜੀ
ਵਿਚ ਮੋਤੀਆਂ ਦੇ ਮਣਕੇ ਮੜ੍ਹਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.....।

ਤੀਆਂ ਦਾ ਤਿਉਹਾਰ ਲੰਘਿਆ
ਮੇਰਾ ਵੀਰਾ ਤੂੰ ਸੰਧਾਰਾ ਲੈਕੇ ਆਇਆ
ਚਾਅ ਨਾ ਮੈਥੋਂ ਗਿਆ ਚੱਕਿਆ
ਜਦੋਂ ਭਾਬੀ ਨੂੰ ਤੂੰ ਨਾਲ ਸੀ ਲਿਆਇਆ
ਤੇਰੀਆਂ ਉਡੀਕਾਂ ਕਰਦੀ ਨਿੱਤ
ਕਾਵਾਂ ਨੂੰ ਮੈਂ ਚੂਰੀ ਕੁੱਟ ਪਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.....।

ਮਾਪਿਆਂ ਤੋਂ ਬਾਅਦ ਸੋਹਣਿਆਂ
ਪੇਕੇ ਭਾਈਆਂ ਭਰਜਾਈਆਂ ਨਾਲ ਸੋਂਹਦੇ
ਜੁਗ-ਜੁਗ ਰਹਿਣ ਵੀਰਿਆ ਮੇਰੇ
ਭਤੀਜੇ ਤੇ ਭਤੀਜੀਆਂ ਜਿਉਂਦੇ
ਪੇਕਾ ਪਿੰਡ ਮੇਰਾ "ਭੱਠਲਾਂ"
ਤੈਨੂੰ ਕਦੇ "ਮਲਕੀਤ" ਨਾ ਭੁਲਾਵਾਂ।
ਵੀਰਾ ਤੇਰੇ ਸੋਹਣੇ ਗੁੱਟ 'ਤੇ.....।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲ USA

## ਰੱਖੜੀ

ਰੱਖੜੀ ਦਾ ਤਿਉਹਾਰ ਨਿਆਰਾ
ਕਦੀ ਮਿਠਾ ਤੇ ਕਦੀ ਹੈ ਖਾਰਾ।
ਭੈਣਾਂ ਲਈ ਨੇ ਭਾਈ ਉਮੀਦਾਂ
ਵਾਰਨ ਉਹੋ ਤਨ ਮਨ ਸਾਰਾ।
ਮਾਪਿਆਂ ਲਈ ਮੰਗਣ ਦੁਆਵਾਂ
ਭਾਈ ਹੁੰਦਾ ਜਗ ਤੋਂ ਨਿਆਰਾ।
ਭੜੋਲੇ ਕੋਠੀਆਂ ਭਰਦੇ ਜਾਵਣ
ਭਤੀਜਿਆਂ ਤਾਈਂ ਨਾ ਲੱਗੇ ਕਸਾਰਾ।
ਭਾਬੀਆਂ ਹੱਸਣ ਖੇਡਣ ਨੱਚਣ
ਖੁਸ਼ੀਆਂ ਨਾਲ ਭਰੇ ਘਰ ਸਾਰਾ।
ਜਗ ਤੇ ਹੋਵੇ ਉੱਚਾ ਨਾਮ
ਭਾਈ ਭੈਣਾਂ ਦਾ ਬਣਨ ਸਹਾਰਾ।
ਯੁੱਗ ਤਬਦੀਲੀ ਆਈ ਜਾਵੇ
ਭਾਈ ਕਦੇ ਨਾ ਲਾਉਂਦੇ ਲਾਰਾ।
ਸੂਤਰ ਦਾ ਇਹ ਕੱਚਾ ਧਾਗਾ
ਰਿਸ਼ਤਾ ਪਾਕ ਪਵਿੱਤਰ ਸਾਰਾ।
ਗੁੱਟ 'ਤੇ ਬੰਨਕੇ ਰੱਖੜੀ ਵੀਰੇ
ਚਮਕੇ ਕਿਸਮਤ ਦਾ ਸਿਤਾਰਾ।
ਗੁੰਦਿਆ ਹੈ ਪਿਆਰ ਭੈਣ ਦਾ
ਮਿਲੇ ਨਾ ਜੋ ਕਿਤੋਂ ਉਧਾਰਾ।
ਲਾਲਚ ਕਦੇ ਨਾ ਆਵੇ ਨੇੜੇ
ਨਾ ਬਣੇ ਇਹ ਰਿਸ਼ਤਾ ਖਾਰਾ।
ਚਾਵ੍ਹਾਂ ਨਾਲ ਨਿਭਾਈਏ ਰਿਸ਼ਤੇ
'ਮਾਨ' ਭੈਣਾਂ ਦਾ ਚੰਦ ਸਿਤਾਰਾ

-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)



ਪੰਜਾਬ ਮੇਲ USA

## ਜ਼ਜਬੇ

Perfect ਨਾ ਕੋਈ ਜਹਾਨ ਅੰਦਰ
ਹੁੰਦੀਆਂ ਖਾਮੀਆਂ, ਹਰ ਇਨਸਾਨ ਅੰਦਰ

ਪੈਸੇ ਨਾਲ ਆਕਸੀਜਨ, ਖਰੀਦ ਸਕਦੈਂ
ਮੁੱਲ ਸਾਹ ਨਾ ਮਿਲਣ, ਦੁਕਾਨ ਅੰਦਰ

ਮੇਰਾ ਘਰ ਤੇ ਮੇਰਾ ਬੈਂਕ Balance
ਗੱਲਾਂ ਕਰਦੇ ਸੀ ਲੋਕ, ਸ਼ਮਸ਼ਾਨ ਅੰਦਰ

ਓਹਨੇ ਪਾਸ ਤੇ, ਓਹਨੇ ਕੀ ਫੇਲ੍ਹ ਹੋਣਾ
ਜਿਹੜਾ ਬੈਠਿਆ ਨੀ, ਇਮਤਿਹਾਨ ਅੰਦਰ

ਉਹ ਬਾਜ਼ ਨਹੀਂ, ਪਰਿੰਦਾ ਕੋਈ ਆਮ ਹੋਣਾ
ਜਿਹੜਾ ਉਡਿਆ ਨੀ ਉੱਚਾ, ਅਸਮਾਨ ਅੰਦਰ

ਕਿਹੜਾ ਜਿੱਤਾਂ ਦੀ ਧੌਣ ਨੂੰ ਹੱਥ ਪਾਉਂਦਾ
ਪਤਾ ਲਗਦਾ ਰੜੇ, ਮੈਦਾਨ ਅੰਦਰ

ਜਿਹਨੂੰ ਲੱਭਦੈਂ, ਹਾਕਾਂ ਮਾਰ ਉੱਚੀ
ਉਹ ਤਾਂ ਵਸਦੈ ਚੁੱਪ, ਧਿਆਨ ਅੰਦਰ

ਰੋਜ਼ ਦੱਸਦਾ ਸੀ ਆ ਕੇ ਰੇਡੀਓ 'ਤੇ
ਕਿੰਨਾ ਸ਼ਰ ਸੀ ਉਸਦੇ ਦਾਨ ਅੰਦਰ

ਤੱਤੀ ਤਵੀ 'ਤੇ ਬੈਠ, ਨਾ ਸੀ ਕੀਤੀ
ਕਿੰਨੀ ਚੁੱਪ ਸੀ ਉਸ ਬਲੀਦਾਨ ਅੰਦਰ

ਚਾਂਦਨੀ ਚੌਕ ਨਾ ਸੀਸ ਜੇ ਕਲਮ ਹੁੰਦਾ
ਹਿੰਦੂ ਹੁੰਦਾ ਨਾ, ਹਿੰਦੋਸਤਾਨ ਅੰਦਰ

"ਦਰਖਤ ਗਿਰੇ ਤੋਂ ਧਰਤੀ ਹਿਲਤੀ ਹੈ"
ਕਿੰਨਾ ਜ਼ਹਿਰ ਸੀ ਇਸ ਬਿਆਨ ਅੰਦਰ

ਸਿਰ ਹਿਲਾ ਕੇ, ਭਾਵੇਂ ਸੀ ਨਾਂਹ ਕੀਤੀ
ਪਰ ਹਾਂ ਸੀ ਓਹਦੀ, ਮੁਸਕਾਨ ਅੰਦਰ

ਡਾਨਸੀਵਾਲੀਆ ਦਿੱਲੀਓਂ ਚੜ੍ਹੇ ਰੋ ਕੇ
ਗਹਿਰਾ ਦਰਦ ਸੀ ਉਸ, ਉਡਾਣ ਅੰਦਰ

ਕੁਲਵੀਰ ਸਿੰਘ ਡਾਨਸੀਵਾਲ, ਸੁਰ੍ਰੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਪੰਜ ਆਬਾਂ ਦੀ ਧਰਤੀ

ਰੰਗ ਗੁਲਾਬੀ ਮੱਧਮ ਹੋਇਆ ਫਿੱਕਾ ਪਿਆ ਗੁਲਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਪੰਜ ਆਬਾਂ 'ਚੋਂ ਦੋ ਬਚੇ ਹੁਣ ਉਸ 'ਤੇ ਸਭ ਦੀਆਂ ਅੱਖਾਂ ਨੇ
ਮਿਹਰ ਕਰੀਂ ਨੀਲੀ ਛੱਤ ਵਾਲਿਆ ਤੇਰੀਆਂ ਹੀ ਹੁਣ ਰੱਖਾਂ ਨੇ
ਮੁਫ਼ਤ ਖਜ਼ਾਨੇ ਲੁੱਟੇ ਦਾ ਨਾ ਮਿਲਿਆ ਕੋਈ ਹਿਸਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਬੇਰੁਜ਼ਗਾਰੀ ਹੱਥੋਂ ਸਤ ਕੇ ਪੁੱਠੇ ਕਰਦੇ ਕਾਰੇ ਨੇ
ਭਾਗੋ ਤੇ ਨਲੂਏ ਦੇ ਵਾਰਿਸ ਨਸ਼ਿਆਂ ਕੋਲੋਂ ਹਾਰੇ ਨੇ
ਸਿੱਧੀ ਦਿਸ਼ਾ ਵਿਖਾਈ ਜੇ ਨਾ ਛੁਪ ਜਾਣੇ ਮਹਿਤਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਪਾਣੀਆਂ ਨੂੰ ਅਸੀਂ ਗੰਧਲਾ ਕੀਤਾ ਅੰਮ੍ਰਿਤ ਜ਼ਹਿਰ ਬਣਾਇਆ ਏ
ਰੁੱਖ ਕੁੱਖ ਦੇ ਕਾਤਲ ਬਣ ਕੁਦਰਤ ਨਾਲ ਵੈਰ ਕਮਾਇਆ ਏ
ਪੀਣ ਵਾਲਾ ਪਾਣੀ ਨਾ ਲੱਭਦਾ ਐਪਰ ਮਿਲੇ ਸ਼ਰਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਕੁੱਝ ਨਸ਼ਿਆਂ ਨੇ ਖਾ ਲਏ ਗੱਭਰੂ ਕੁੱਝ ਪਰਦੇਸੀਂ ਤੁਰ ਗਏ ਨੇ
ਹੱਥੀਂ ਕੰਮ ਨਾ ਕਰਨਾ ਚਾਹੁੰਦੇ ਵਿਰਸੇ ਨਾਲੋਂ ਖੁਰ ਗਏ ਨੇ
ਖੇਡਣ ਕੁੱਦਣ ਗਿੱਧੇ ਭੰਗੜੇ ਛੁੱਟੇ ਕਈ ਖ਼ਿਤਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਏਧਰ ਜਾਵਾਂ ਓਧਰ ਜਾਵਾਂ ਰਾਵੀ ਹੌਕੇ ਭਰਦਾ ਏ
ਜਿਹਲਮ ਅੱਜ ਤੱਕ ਪਿਆ ਉਡੀਕੇ ਸਤਲੁਜ ਚੇਤੇ ਕਰਦਾ ਏ
ਆਓ ਭਰਾਵੋ 'ਕੱਠੇ ਹੋਈਏ ਹੋਕਾ ਦਵੇ ਚਨਾਬ ਜੇ
ਪੰਜ ਆਬਾਂ ਦੀ ਧਰਤੀ ਦਾ ਅੱਜ ਮੌਸਮ ਬੜਾ ਖ਼ਰਾਬ ਜੇ

ਲੇਖਕ : ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।
84270-07623

ਪੰਜਾਬ ਮੇਲ USA

## ਗੀਤ; ਮਮਤਾ ਦਾ ਮੁੱਲ

ਹੈ ਗੱਲ ਵਿਚਾਰਨ ਵਾਲੀ ਦੱਸ ਤੂੰ ਕਦੋਂ ਵਿਚਾਰੇਂਗਾ
ਮਾਂ ਦੀ ਮਮਤਾ ਦਾ ਮੁੱਲ ਦੱਸ ਤੂੰ ਕਿਵੇਂ ਉਤਾਰੇਂਗਾ

ਗਰਭ ਕਾਲ ਵਿਚ ਕਿੰਨੇ ਕਸ਼ਟ ਮਾਂ ਨੇ ਕੱਟੇ ਨੇ
ਔਲਾਦ ਲਈ ਸਵਾਦ ਤਿਆਗੇ ਮਿੱਠੇ-ਖੱਟੇ ਨੇ
ਮਾਂ ਤਾਂ ਸੋਚਦੀ ਹੋਣੀ ਮਾਂ ਤੋਂ ਜਾਨ ਤੂੰ ਵਾਰੇਂਗਾ
ਮਾਂ ਦੀ ਮਮਤਾ ਦਾ ਮੁੱਲ...

ਸਭ ਤੋਂ ਪਹਿਲਾਂ ਉੱਠ ਕੇ ਸਭ ਤੋਂ ਪਿੱਛੋਂ ਸੌਂਦੀ ਰਹੀ
ਆਪ ਭੁੱਖੀ ਰਹਿ ਤੇਰੇ ਮੂੰਹ ਵਿਚ ਚੂਰੀ ਪਾਉਂਦੀ ਰਹੀ
ਕੀ ਪਤਾ ਸੀ ਮਾਂ ਨੂੰ ਮਾਂ ਨਹੀਂ 'ਬੁੜੀ' ਪੁਕਾਰੇਂਗਾ
ਮਾਂ ਦੀ ਮਮਤਾ ਦਾ ਮੁੱਲ...

ਨਾ ਕੁੱਝ ਖਾਧਾ, ਨਾ ਪਹਿਨਿਆਂ, ਜਿਉਂਈਂ ਮਰ-ਮਰ ਕੇ
ਤੈਨੂੰ ਮਾਂ ਨੇ ਮਸਾਂ ਪਾਲਿਆ ਕਿਰਸਾਂ ਕਰ-ਕਰ ਕੇ
ਮਾਂ ਕੀ ਜਾਣੇ ਵੱਡਾ ਹੋ ਕੇ ਤੂੰ ਜਿਉਂਦੀ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ...

ਜਿਨ੍ਹਾਂ ਦੇ ਪੁੱਤ ਸਲਾਮਤ ਉਹ ਮਾਪੇ ਧੱਕੇ ਖਾਣ ਕਿਉਂ
ਬਿਰਧ ਆਸ਼ਰਮਾਂ ਵਿਚ ਭਲਾ ਉਹ ਮਾਪੇ ਜਾਣ ਕਿਉਂ
ਬੰਦਿਆਂ ਅਮਲ ਕਰੇਂਗਾ ਜਾਂ ਗੱਲਾਂ ਨਾਲ ਸਾਰੇਂਗਾ
ਮਾਂ ਦੀ ਮਮਤਾ ਦਾ ਮੁੱਲ...

ਭਲੂਰੀਆ ਅਰਜਾਂ ਕਰਦਾ ਠੰਡੇ ਮਨ ਨਾਲ ਸੋਚ ਲਵੋ
ਅਣਮੁੱਲਾ ਹੈ ਇਹ ਖਜ਼ਾਨਾ ਖੁੱਸਦਾ ਜਾਂਦਾ ਬੋਚ ਲਵੋ
ਜਦ ਮਾਂ ਤੁਰਗੀ ਹੱਥ ਭਲੂਰੀਆ ਪੱਟਾਂ 'ਤੇ ਮਾਰੇਂਗਾ
ਮਾਂ ਦੀ ਮਮਤਾ ਦਾ ਮੁੱਲ...

ਜਸਵੀਰ ਸਿੰਘ ਭਲੂਰੀਆ
ਸਰੀ, ਕੈਨੇਡਾ
+91-9915995505



ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com